

**ਹੀਰਾ ਰੰਧਾਵਾ**

ਹੀਰਾ ਸਿੰਘ ਰੰਧਾਵਾ ਦੇ ਰੰਗਮੰਚ ਸਫ਼ਰ ਦੀਆਂ ਪੈੜਾਂ ਲੰਮੀਆਂ ਨੇ, ਪਰ ਉਹ ਰੁਕਿਆ ਨਹੀਂ, ਅੱਕਿਆ ਨਹੀਂ, ਥੱਕਿਆ ਨਹੀਂ, ਇਸੇ ਲਈ ਉਸਨੇ ਰੰਗ ਕਲਾ ਦਾ ਸਫ਼ਰ ਜਾਰੀ ਰੱਖਿਆ ਏ। ਉਸਨੇ ਪੰਜਾਬ ਦੀ ਧਰਤੀ ਤੋਂ ਰੰਗਮੰਚ ਦਾ ਸਫ਼ਰ ਸ਼ੁਰੂ ਕੀਤਾ ਤੇ ਕੈਨੇਡਾ ਦੀ ਧਰਤੀ ਤੇ ਜਾ ਕੇ ਵੀ ਇਹ ਸਫ਼ਰ ਜਾਰੀ ਰੱਖਿਆ। ਉਹ ਅਦਾਕਾਰ ਹੈ, ਨਿਰਦੇਸ਼ਕ ਹੈ, ਨਾਟਕਕਾਰ ਹੈ ਅਤੇ ਅਨੁਵਾਦਕ ਵੀ ਹੈ। ਹੱਥਲੀ ਪੁਸਤਕ ਰਾਹੀਂ ਹਿੰਦੀ ਦੇ ਤਿੰਨ ਨਾਟਕਾਂ ਦੀ ਸਾਂਝ ਪੰਜਾਬੀ ਜ਼ੁਬਾਨ ਰਾਹੀਂ, ਪੰਜਾਬੀ ਰੰਗਮੰਚ ਦਾ ਹਿੱਸਾ ਬਣੀ ਹੈ। ਇਕ ਭਾਸ਼ਾ ਚੋਂ ਦੂਜੀ ਭਾਸ਼ਾ ਦੇ ਸਫ਼ਰ ਵਿਚ, ਹੀਰਾ ਸਿੰਘ ਰੰਧਾਵਾ ਖ਼ੂਬਸੂਰਤੀ ਨਾਲ ਅਜਿਹੇ ਅੱਖਰ ਚਿਣਦਾ ਹੈ ਕਿ ਜਿਵੇਂ ਇਹ ਨਾਟਕ ਪੰਜਾਬੀ ਦੇ ਮੌਲਿਕ ਨਾਟਕ ਹੋਣ। ਹੀਰਾ ਸਿੰਘ ਰੰਧਾਵੇ ਦੀ ਰੰਗਮੰਚ ਪ੍ਰਤੀ ਲਗਨ ਅਤੇ ਸਿਰੜ ਹੀ ਉਸ ਦਾ ਹਾਸਿਲ ਮੁਕਾਮ ਬਣਦੀ ਹੈ। ਹੀਰਾ ਸੱਚਮੁੱਚ ਪੰਜਾਬੀ ਨਾਟ ਜਗਤ ਦਾ ਹੀਰਾ ਹੈ ਤੇ ਇਸ ਹੀਰੇ ਦੀ ਪਹਿਚਾਣ ਰੰਗਮੰਚ ਦੇ ਜੌਹਰੀ ਹੀ ਕਰ ਸਕਦੇ ਨੇ। ਹੀਰਾ ਸਿੰਘ ਰੰਧਾਵੇ ਦੀ ਇਸ ਪੁਸਤਕ ਨੂੰ ਜੀ ਆਇਆਂ ਕਹਿਣਾ ਵੀ ਬਣਦਾ ਹੈ ਤੇ ਹੀਰੇ ਦੇ ਰੰਗਮੰਚ ਸਫ਼ਰ ਲਈ ਦੁਆਵਾਂ ਵੀ। ਹੀਰੇ ਨੇ ਅਜੇ ਹੋਰ ਵੀ ਨਵੇਕਲੀਆਂ ਪੈੜਾਂ ਪਾਉਣੀਆਂ ਨੇ, ਉਹਨਾਂ ਪੈੜਾਂ ਦੀ ਨਿਸ਼ਾਨਦੇਹੀ ਪੰਜਾਬੀ ਰੰਗਮੰਚ ਦਾ ਖ਼ੂਬਸੂਰਤ ਹਿੱਸਾ ਬਣੇਗੀ।

ਕੇਵਲ ਧਾਲੀਵਾਲ
ਪ੍ਰਧਾਨ
ਪੰਜਾਬ ਸੰਗੀਤ ਨਾਟਕ ਅਕਾਦਮੀ


ISBN 978-81-973091-6-8

**ਆਜ਼ਾਦ ਬੁੱਕ ਡਿਪੂ**
ਹਾਲ ਬਾਜ਼ਾਰ, ਅੰਮ੍ਰਿਤਸਰ।
0183-2292513 (M) : 94631-70369, 93562-92513

ਸੱਚ ਦੀ ਸਰਦਲ 'ਤੇ
ਹੀਰਾ ਰੰਧਾਵਾ

# ਸੱਚ ਦੀ ਸਰਦਲ 'ਤੇ

## (ਤਿੰਨ ਹਿੰਦੀ ਨਾਟਕ)



ਪੰਜਾਬੀ ਅਨੁਵਾਦ : **ਹੀਰਾ ਰੰਧਾਵਾ**

# ਸੱਚ ਦੀ ਸਰਦਲ ’ਤੇ

(ਤਿੰਨ ਹਿੰਦੀ ਨਾਟਕ)

**ਇਸੇ ਕਲਮ ਤੋਂ :**

1. ਜਦੋਂ ਜਾਗੋ ਉਦੋਂ ਸਵੇਰਾ (ਨਾਟ-ਸੰਗ੍ਰਹਿ)
2. ਲੇਖ ਨਹੀਂ ਜਾਣੇ ਨਾਲ (ਵਾਰਤਕ)
3. ਚਾਨਣ ਦਾ ਦਰਿਆ (ਨਾਟ-ਸੰਗ੍ਰਹ)
4. ਛੱਟਾ ਚਾਨਣਾਂ ਦਾ (ਕਾਵਿ-ਸੰਗ੍ਰਹ)
5. ਚਾਨਣ ਮਮਤਾ ਦਾ (ਕਾਵਿ-ਸੰਗ੍ਰਹ)
6. ਪੰਜਾਬੀ ਨਾਟ-ਪ੍ਰਵਚਨ (ਨਾਟ-ਸੰਵਾਦ)
   (ਦੂਜੇ ਲੇਖਕਾਂ ਨਾਲ ਸਾਂਝੀ ਪੁਸਤਕ)
7. ਨਵਰੰਗ (ਨਾਟ-ਸੰਗ੍ਰਹ)
   (ਦੂਜੇ ਲੇਖਕਾਂ ਨਾਲ ਸਾਂਝੀ ਪੁਸਤਕ)

# ਸੱਚ ਦੀ ਸਰਦਲ ’ਤੇ

## (ਤਿੰਨ ਹਿੰਦੀ ਨਾਟਕ)

ਪੰਜਾਬੀ ਅਨੁਵਾਦ : **ਹੀਰਾ ਰੰਧਾਵਾ**

ESTD. 1942
LAHORE
AZAD BOOK DEPOT

**ਆਜ਼ਾਦ ਬੁੱਕ ਡੀਪੂ**

ਅੰਮ੍ਰਿਤਸਰ।

# *Sach Di Sardal Te*

**(Punjabi Translation Book of Three Hindi Plays)**


By:

**Hira Randhawa©**
218-Timberlane Drive, Brampton, Ontario.
L6Y4V6, Canada, Phone: 001416-319-0551,
India : 91-7347380380 Email: hirandhawa@gmail.com



***All rights reserved.***
***No part of this publication may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the owner and the publishers.***



ISBN : 978-81-973091-6-8

Edition : 2024

Price : 300/- Out of India : $ 10/-

Published in India by :

**Azad Book Depot**

Hall Bazar, Amritsar

0183-2292513, 94631-70369, 93562-92513

E-mail : azadbookdepot42@gmail.com

In Canada:

**'HATS UP' Publications**

Phone/WhatsApp No. :001-416-319-0551,
Email: myhatsup@gmail.com,
website: www.hatsup.ca

Printed in India by : D. K. Fine Art Press

# ਸਮਰਪਿਤ

ਧਰਤੀ ਤੋਂ ਹਨ੍ਹੇਰੇ ਨੂੰ ਨਦਾਰਦ ਕਰਨ ਹਿੱਤ ਕਲਾ ਨੂੰ
ਹਥਿਆਰ ਬਣਾ ਕੇ ਰਣ-ਤੱਤੇ ਵਿੱਚ ਜੂਝ ਰਹੇ
ਸਮੂਹ ਚਾਨਣ ਦੇ ਵਣਜਾਰੇ ਕਲਾਕਾਰਾਂ
ਤੇ ਰੰਗਕਰਮੀਆਂ ਨੂੰ

# ਇਹਨਾਂ ਨਾਟਕਾਂ ਬਾਰੇ

ਇਸ ਪੁਸਤਕ ਵਿੱਚ ਸ਼ਾਮਿਲ ਤਿੰਨੇ ਨਾਟਕ ਲੋਕਾਂ ਦੇ ਦੁੱਖ ਦਰਦਾਂ ਦੀ ਬਾਤ ਪਾਉਂਦੇ ਹਨ। ਇਹ ਨਾਟਕ ਪੰਜਾਬ ਦੀਆਂ ਬਹੁਤ ਸਾਰੀਆਂ ਨਾਟ-ਟੋਲੀਆਂ ਵੱਲੋਂ ਸਫ਼ਲਤਾ ਪੂਰਵਕ ਖ਼ੇਡੇ ਜਾ ਚੁੱਕੇ ਹਨ। ਪੰਜਾਬੀ ਰੰਗ-ਮੰਚ ਦੇ ਖ਼ੇਤਰ ਵਿੱਚ ਦੂਜੀਆਂ ਭਾਸ਼ਾਵਾਂ ਦੇ ਸ਼ਾਹਕਾਰ ਨਾਟਕਾਂ ਨੇ ਆਪਣੀ ਵੱਖਰੀ ਥਾਂ ਬਣਾਈ ਹੈ। ਆਮ ਤੌਰ 'ਤੇ ਦੂਜੀਆਂ ਭਾਸ਼ਾਵਾਂ ਦੇ ਨਾਟਕ ਪੰਜਾਬੀ ਵਿੱਚ ਅਨੁਵਾਦ ਕਰਕੇ ਇੱਕ ਅੱਧ ਵਾਰ ਖ਼ੇਡੇ ਜਾਂਦੇ ਹਨ ਪਰ ਉਹਨਾਂ ਦੀਆਂ ਸਕ੍ਰਿਪਟਾਂ ਨੂੰ ਸਾਂਭਣ ਦੇ ਉਪਰਾਲੇ ਬਹੁਤ ਘੱਟ ਹੁੰਦੇ ਹਨ। ਜੇਕਰ ਕੋਈ ਹੋਰ ਨਿਰਦੇਸ਼ਕ ਇਹਨਾਂ ਨੂੰ ਮੁੜ ਖ਼ੇਡਣਾ ਚਾਹਵੇ ਤਾਂ ਉਹਨੂੰ ਪੰਜਾਬੀ ਵਿੱਚ ਅਨੁਵਾਦ ਕਰਨ ਲਈ ਨਵੇਂ ਸਿਰਿਓਂ ਮਿਹਨਤ ਕਰਨੀ ਪੈਂਦੀ ਹੈ। ਦੂਜੀਆਂ ਭਾਸ਼ਾਵਾਂ ਦੀਆਂ ਸਕ੍ਰਿਪਟਾਂ ਸੀਮਿਤ ਗਿਣਤੀ ਵਿੱਚ ਹੀ ਪੰਜਾਬੀ ਵਿੱਚ ਅਨੁਵਾਦ ਹੋ ਕੇ ਪੁਸਤਕ ਰੂਪ ਵਿੱਚ ਛਪਦੀਆਂ ਹਨ। 'ਕਲਾ ਕਲਾ ਦੇ ਲਈ' ਵਜੋਂ ਖ਼ੇਡੇ ਜਾਂਦੇ ਨਾਟਕਾਂ ਦੀ ਥਾਂ ਸਮਾਜਕ ਨਾਬਰਾਬਰੀ ਵਰਗੇ ਵਿਸ਼ਿਆਂ ਨੂੰ ਉਜਾਗਰ ਕਰਦੇ ਦੂਜੀਆਂ ਭਾਸ਼ਾਵਾਂ ਦੇ ਨਾਟਕਾਂ ਲਈ ਇਹ ਹੋਰ ਵੀ ਜਰੂਰੀ ਹੋ ਜਾਂਦਾ ਹੈ ਕਿ ਉਹ ਪੰਜਾਬੀ ਬੋਲੀ ਵਿੱਚ ਰੰਗਮੰਚ ਕਰਦੇ ਰੰਗਕਰਮੀਆਂ ਲਈ ਪੰਜਾਬੀ ਰੂਪ ਵਿੱਚ ਉਪਲੱਬਧ ਹੋਣ। ਇਹਨਾਂ ਨਾਟਕਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਦੇ ਸਮੇਂ ਮੈਂ ਕੋਸ਼ਿਸ਼ ਕੀਤੀ ਹੈ ਭਾਸ਼ਾ ਸਰਲ ਤੇ ਠੇਠ ਵਰਤੀ ਜਾਵੇ। ਮੈਨੂੰ ਉਮੀਦ ਹੈ ਕਿ ਇਸ ਪੁਸਤਕ ਵਿਚਲੇ ਨਾਟਕ ਪੰਜਾਬੀ ਰੰਗਮੰਚ ਦੇ ਖ਼ੇਤਰ ਵਿੱਚ ਸਰਗਰਮ ਨਾਟ-ਟੋਲੀਆਂ ਤੱਕ ਪਹੁੰਚਣ ਉਪਰੰਤ ਪੇਸ਼ਕਾਰੀਆਂ ਰਾਹੀਂ ਲੋਕਾਂ ਤੱਕ ਜਰੂਰ ਪਹੁੰਚਣਗੇ।

ਹੀਰਾ ਰੰਧਾਵਾ

# ਤਰਤੀਬ

1. ਸੱਚ ਦੀ ਸਰਦਲ ’ਤੇ’:

ਇਹ ਨਾਟਕ ਅੰਮ੍ਰਿਤ ਲਾਲ ਮਦਾਨ ਦੇ ਹਿੰਦੀ ਨਾਟਕ ‘ਚੌਰਾਹੇ ਪਰ’ ਦਾ ਪੰਜਾਬੀ ਰੂਪ ਹੈ। ਇਹ ਨਾਟਕ ਪਹਿਲੀ ਵਾਰ 8 ਅਕਤੂਬਰ 1989 ਨੂੰ ‘ਸਪਰੂ ਹਾਊਸ’ ਦਿੱਲੀ ਵਿੱਚ ਆਰਟ ਥੀਏਟਰ ਲੁਧਿਆਣਾ ਵੱਲੋਂ ਪੂਰੀ ਸਫ਼ਲਤਾ ਨਾਲ ਖ਼ੇਡਿਆ ਗਿਆ। ਹੀਰਾ ਰੰਧਾਵਾ ਦੀ ਨਿਰਦੇਸ਼ਨ ਹੇਠ ਹੋਈ ਪਲੇਠੀ ਦੀ ਪੇਸ਼ਕਾਰੀ ਵਿੱਚ ਆਰਟ ਥੀਏਟਰ ਦੇ ਤ੍ਰਲੋਚਨ ਪਨੇਸਰ, ਪ੍ਰਸ਼ੋਤਮ ਲਾਲ, ਬਲਵਿੰਦਰ ਸਿੰਘ, ਵਿਨੈ ਤੋਮਰ, ਦਾਸ ਸਿੰਘ ਕੈੜਾ, ਹੀਰਾ ਰੰਧਾਵਾ, ਰਾਜ ਕੁਮਾਰ ਹੀਰਾ, ਰਣਧੀਰ ਧੀਰਾ ਆਦਿ ਕਲਾਕਾਰਾਂ ਨੇ ਭਾਗ ਲਿਆ। ਇਸ ਮਗਰੋਂ ਇਸ ਦਾ ਮੰਚਣ ਪੰਜਾਬ ਦੇ ਅਨੇਕਾਂ ਸਥਾਨਾਂ ’ਤੇ ਅਨੇਕਾਂ ਵਾਰ ਹੋਇਆ।

2. ਪਾਗਲ ਲੋਕ :

ਇਹ ਨਾਟਕ ਸ਼ਿਵ ਰਾਮ ਵੱਲੋਂ ਹਿੰਦੀ ਵਿੱਚ ‘ਜਨਤਾ ਪਾਗਲ ਹੋ ਗਈ’ ਨਾਮ ਅਧੀਨ ਲਿਖਿਆ ਹੋਇਆ ਹੈ ਜਿਹੜਾ ਆਰਟ ਥੀਏਟਰ ਲਧਿਆਣਾ ਦੀ ਟੀਮ ਵੱਲੋਂ ਹੀਰਾ ਰੰਧਾਵਾ ਦੀ ਨਿਰਦੇਸ਼ਨ ਹੇਠ ਵੱਖ ਥਾਂਵਾਂ ’ਤੇ ਸੈਂਕੜੇ ਵਾਰ ਸਫ਼ਲਤਾ ਨਾਲ ਖ਼ੇਡਿਆ ਗਿਆ। ਵੱਖ ਵੱਖ ਸਮੇਂ ਇਸ ਨਾਟਕ ਵਿੱਚ ਰਮਨ ਢੱਗਾ, ਰਾਜ ਕੁਮਾਰ ਹੀਰਾ, ਮਨਦੀਪ ਸਿੰਘ, ਤ੍ਰਲੋਚਨ ਪਨੇਸਰ, ਪਰਦੀਪ, ਹੀਰਾ ਰੰਧਾਵਾ, ਕੁਲਦੀਪ ਸਿੰਘ, ਦਵਿੰਦਰ ਸਿੰਘ ਆਦਿ ਕਲਾਕਾਰਾਂ ਨੇ ਭਾਗ ਲਿਆ।

3 ਬਾਲ ਭਗਵਾਨ:

ਇਹ ਨਾਟਕ ਸ਼ਵਦੇਸ਼ ਦੀਪਕ ਦੇ ਇਸੇ ਨਾਮ ਦੇ ਹਿੰਦੀ ਨਾਟਕ ਦਾ ਪੰਜਾਬੀ ਰੂਪ ਹੈ। ਇਹ ਨਾਟਕ ਪਹਿਲੀ ਵਾਰ ਆਰਟ ਥੀਏਟਰ ਲੁਧਿਆਣਾ ਦੀ ਟੀਮ ਵੱਲੋਂ ਹੀਰਾ ਰੰਧਾਵਾ ਦੇ ਨਿਰਦੇਸ਼ਨ ਹੇਠ ਪੰਜਾਬੀ ਭਵਨ ਲੁਧਿਆਣਾ ਵਿਖੇ ਖੇਡਿਆ ਗਿਆ ਜਿਸ ਵਿੱਚ ਡਾ ਕੁਲਦੀਪ ਗਿੱਲ, ਸਤਵੰਤ ਕੌਰ, ਸੁਖਮਨਦੀਪ ਪ੍ਰਿੰਸ, ਗੁਰਪ੍ਰੀਤ ਨੋਨੀ, ਸੁਖਪਾਲ ਗਿੱਲ, ਤ੍ਰਲੋਚਨ ਪਨੇਸਰ, ਰਾਜਿੰਦਰ ਜੱਸਲ, ਕੁਲਦੀਪ ਕੌਰ, ਪਰਦੀਪ ਰਾਜਾ, ਭੂਸ਼ਨ ਸਿੱਧੂ, ਬਲਜਿੰਦਰ, ਰਾਕੇਸ਼ ਪਾਠਕ, ਕੁਲਵੰਤ ਕੌਰ, ਡਾ ਸੀਮਾ, ਬਲਜੀਤ ਰੰਧਾਵਾ, ਸਤੀਸ਼ ਕੁਮਾਰ, ਰਮਨ ਕੁਮਾਰ ਅਤੇ ਹੀਰਾ ਰੰਧਾਵਾ ਨੇ ਭਾਗ ਲਿਆ। ਸੰਗੀਤ ਰਾਜਕੁਮਾਰ ਹੀਰਾ ਤੇ ਅਮਨ ਨੇ ਦਿੱਤਾ ਸੀ।

# ‘ਸੱਚ ਦੀ ਸਰਦਲ ’ਤੇ’

ਪਾਤਰ :

1. ਪਾਗਲ
2. ਸਿਪਾਹੀ
3. ਨੇਤਾ/ਧਰਮ ਗੁਰੂ/ਰਾਜ ਨੇਤਾ
4. ਗੁੰਡਾ 1/ਗੁੰਡਾ 2/ਗੁੰਡਾ 3
5. ਸ਼ਹਿਰੀ 1
6. ਸ਼ਹਿਰੀ 2
7. ਸ਼ਹਿਰੀ 3
8. ਸ਼ਹਿਰੀ 4
9. ਸ਼ਹਿਰੀ 5

(ਨਾਟਕ ਸ਼ੁਰੂ ਹੋਣ ਤੇ ਪਾਟੇ ਪੁਰਾਣੇ ਕਪੜਿਆਂ ਵਾਲਾ ਪਾਗਲ ਸੜਕ ਤੋਂ ਪੱਥਰ-ਰੋੜੇ ਚੁੱਕ ਚੁੱਕ ਕੇ ਆਉਂਦੇ ਜਾਂਦੇ ਲੋਕਾਂ ਵੱਲ ਮਾਰ ਰਿਹਾ ਹੈ। ਇਹ ਲੋਕ ਜਿੰਨਾਂ ਨੇ ਕਾਲੇ ਚੋਗੇ ਪਾਏ ਹੋਏ ਹਨ ਪਾਗਲ-ਪਾਗਲ ਆਖਦੇ ਹੋਏ ਹੱਸ ਕੇ ਲੰਘ ਜਾਂਦੇ ਹਨ। ਹੱਥ ਵਿੱਚ ਡੰਡਾ ਲਹਿਰਾਉਂਦਾ ਹੋਇਆ ਪੁਲੀਸ ਦਾ ਸਿਪਾਹੀ ਮੰਚ ’ਤੇ ਆਉਂਦਾ ਹੈ।)

ਸਿਪਾਹੀ : ਓਇ......ਓਇ, ਇਹ ਕੀ ਕਰ ਰਿਹੈਂ? ਕੌਣ ਏਂ ਤੂੰ?

ਪਾਗਲ : ਵੇਖਦਾ ਨਹੀਂ! ਗੋਲੀਆਂ ਦਾ ਮੀਂਹ ਵਰ੍ਹ ਰਿਹਾਂ ਤੇ ਲੋਕ ਹੱਸਦੇ ਹੋਏ ਸਵਾਦ ਦੀਆਂ ਗੋਲੀਆਂ ਵਾਂਗ ਖਾ ਰਹੇ ਨੇ।

ਸਿਪਾਹੀ : (ਡਰ ਨਾਲ) ਓਇ ਕਿਤੇ ਤੂੰ ਅੱਤਵਾਦੀ ਤੇ ਨਹੀਂ?

ਪਾਗਲ : ਲੱਗਦੈ ਨਵਾਂ ਨਵਾਂ ਅਇਐਂ? ਜਿਹੜਾ ਮੈਨੂੰ ਨਹੀਂ ਜਾਣਦਾ।

ਸਿਪਾਹੀ : ਚੱਲ ਦੌੜ ਇਥੋਂ ...! ਜੇ ਹੁਣ ਨਜ਼ਰ ਆਇਆ ਤਾਂ ਫੇਰ ਵੇਖੀਂ?

ਪਾਗਲ : ਚੱਲ ਦੌੜ ਇਥੋਂ? ਹਾ-ਹਾ-ਹਾ...ਸਦੀਆਂ ਤੋਂ ਇਸ ਫੁੱਟਪਾਥ

'ਤੇ ਰਹਿ ਰਿਹਾਂ। ਤੇਰੇ ਵਰਗੇ ਕਿੰਨੇ ਲਾਟ ਸਾਹਿਬ ਇਸ ਚੌਮੁੱਖੀਏ ਚੌਂਕ ਵਿੱਚ ਆਏ ਤੇ ਚਲੇ ਗਏ, ਤੇ ਮੈਂ ਉਥੇ ਦਾ ਉਥੇ ਈ। (ਧੜੱਮ ਕਰਦਾ ਬੈਠ ਜਾਂਦਾ ਹੈ।)

ਸਿਪਾਹੀ : ਉਏ ਉੱਠ-ਉੱਠ ਇਥੋਂ......ਉੱਠਦਾ ਏਂ ਕਿ ਨਹੀਂ (ਡੰਡਾ ਮਾਰਦਾ ਹੈ) ......ਓਇ ਔਹ ਵੇਖ ਇਧਰ ਜਲੂਸ ਆ ਰਿਹੈ। ਇਸ ਚੌਂਕ ਵਿੱਚ ਸਭਾ ਹੋਣੀ ਆ! (ਇਸੇ ਦਰਮਿਆਨ ਉਥੇ ਜਲੂਸ ਆਉਂਦਾ ਹੈ। ਅੱਗੇ ਅੱਗੇ ਨੇਤਾ ਨਾਅਰੇ ਲਾਉਂਦਾ ਹੈ ਤੇ ਪਿੱਛੇ ਪਿੱਛੇ ਭੀੜ ਨਾਅਰੇ ਲਗਾਉਂਦੀ ਹੈ। ਇਹਨਾਂ ਪੰਜ ਜਣਿਆਂ ਦੀ ਭੀੜ ਵਿੱਚ ਇੱਕ ਗੁੰਡਾ ਵੀ ਸ਼ਾਮਿਲ ਹੈ।)

ਨੇਤਾ : ਨਾਅਰਾ ਲਗਾਓ......ਆਪਣਾ ਦੇਸ਼ ਬਣਾਵਾਂਗੇ......।

ਭੀੜ : ਧਰਤੀ 'ਤੇ ਸਵਰਗ ਲਿਆਵਾਂਗੇ......। (ਚੱਕਰ ਲਗਾ ਕੇ ਇੱਕ ਥਾਂ ਰੁਕਦੇ ਹਨ ਤੇ ਨੇਤਾ ਥੜ੍ਹੇ 'ਤੇ ਚੜ੍ਹ ਜਾਂਦਾ ਹੈ।)

ਪਾਗਲ : (ਖੜਾ ਹੁੰਦਾ ਹੋਇਆ) ਅੱਛਾ ਤੇ ਇਹ ਵੱਖਰੇ ਪਵਿੱਤਰ ਰਾਸ਼ਟਰ ਵਾਲੇ ਨੇ......?

ਨੇਤਾ : (ਥੜੇ 'ਤੇ ਚੜ੍ਹ ਕੇ) ਭਰਾਵੋ! ਹੁਣ ਸਾਡੇ ਸਬਰ ਦਾ ਪਿਆਲਾ ਭਰ ਚੁੱਕਾ ਹੈ। ਅਸੀਂ ਆਪਣੇ ਵੱਖਰੇ ਦੇਸ਼ ਲਈ ਕਿੰਨੇ ਮੋਰਚੇ ਲਾਏ, ਕਿੰਨੀਆਂ ਝੁੱਗੀਆਂ ਝੌਂਪੜੀਆਂ ਸਾੜੀਆਂ, ਕਿੰਨੀਆਂ ਖੋਪੜੀਆਂ ਪਾੜੀਆਂ, ਕਿੰਨੀਆਂ ਜੇਲ੍ਹਾਂ ਭਰੀਆਂ ਤੇ ਕਿੰਨੀਆਂ ਜੇਬਾਂ ਭਰੀਆਂ। ਪਰ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ ਤੇ ਸਮੱਸਿਆਵਾਂ ਉਥੇ ਦੀਆਂ ਉਥੇ ਹੀ ਖੜੀਆਂ ਹਨ ਜ਼ਰਾ ਵੀ ਟੱਸ ਤੋਂ ਮੱਸ ਨਹੀਂ ਹੋਈਆਂ, ਸਗੋਂ ਹੋਰ ਵੱਧਦੀਆਂ ਜਾ ਰਹੀਆਂ ਹਨ।

ਪਾਗਲ : (ਜ਼ੋਰ ਨਾਲ) ਜੇ ਮੱਕੜੀਆਂ ਜਾਲੇ ਬੁਣਨਗੀਆਂ ਤਾਂ ਫਸਣਗੀਆਂ ਵੀ ਹਾ--ਹਾ--ਹਾ--।

ਨੇਤਾ : ਭਰਾਵੋ! ਹੁਣ ਸਮਾਂ ਆ ਗਿਆ ਹੈ ਕਿ ਤੁਸੀਂ ਸਾਰੇ ਠੋਸ ਸੰਕਲਪ ਲਵੋ। ਹੱਥ ਖੜੇ ਕਰੋ ਤੇ ਖੜੇ ਰੱਖੋ ਜਿੰਨਾ ਚਿਰ ਮੈਂ ਹੇਠਾਂ ਕਰਨ ਲਈ ਨਹੀਂ ਕਹਿੰਦਾ। (ਇਸੇ ਦੌਰਾਨ ਗੁੰਡਾ ਸਾਰਿਆਂ ਦੀਆਂ ਜੇਬਾਂ ਕੱਟਣ ਦਾ ਅਭਿਨੈ ਕਰਦਾ ਹੈ ਤੇ ਪਾਗਲ ਗੁੰਡੇ ਦੀ ਜੇਬ ਕੱਟਣ ਦਾ ਤੇ ਫੇਰ ਬਟੂਆ ਵਾਪਿਸ

ਵੀ ਕਰ ਦਿੰਦਾ ਹੈ। ਇਸੇ ਦੌਰਾਨ ਸਿਪਾਹੀ ਚੌਂਕ ਦੇ ਇੱਕ ਪਾਸੇ ਜਾ ਕੇ ਗੁੰਡੇ ਨਾਲ ਹਿੱਸਾ ਵੰਡਦਾ ਹੈ।)

ਇੱਕ : ਪਰ ਨੇਤਾ ਜੀ! ਇਹ ਤਾਂ ਦੱਸੋ ਕਿ ਸੰਕਲਪ ਕੀ ਲੈਣਾ ਹੈ?

ਦੋ : ਕਿੰਨੀ ਦੇਰ ਤੋਂ ਹੱਥ ਖੜੇ ਕੀਤੇ ਹੋਏ ਹਨ।

ਨੇਤਾ : ਤੁਹਾਡਾ ਕੰਮ ਸਿਰਫ਼ ਹੱਥ ਖੜੇ ਕਰਨਾ ਹੈ।

ਤਿੰਨ : ਹੁਣ ਅਸੀਂ ਥੱਕ ਗਏ ਹਾਂ।

ਸਾਰੇ : ਹਾਂ! ਹਾਂ! ਬਹੁਤ ਥੱਕ ਗਏ ਹਾਂ।

(ਸਿਪਾਹੀ ਚੌਂਕ ਵਿੱਚ ਟਰੈਫ਼ਿਕ ਕੰਟਰੌਲ ਕਰਨ ਦਾ ਅਭਿਨੈ ਕਰਦਾ ਹੈ।)

ਨੇਤਾ : (ਭਾਸ਼ਨ ਕਰਨ ਦੇ ਲਹਿਜ਼ੇ ਵਿੱਚ) ਠੀਕ ਹੈ ! ਤੇ ਅੱਗੇ ਦਾ ਪ੍ਰੋਗਰਾਮ ਇਹ ਹੈ ਕਿ ਅਸੀਂ ਸਾਰੇ ਰਲ ਕੇ...

ਪਾਗਲ : (ਗੱਲ ਪੂਰੀ ਕਰਦਾ ਹੋਇਆ) ਆਤਮ ਹੱਤਿਆ ਕਰਾਂਗੇ......।

ਨੇਤਾ : ਕੌਣ ਹੈ ਇਹ ਗੁਸਤਾਖ?

ਚਾਰ : ਤੁਸੀਂ ਬਾਹਰੋਂ ਆਏ ਹੋ! ਇਸ ਲਈ ਇਹਨੂੰ ਨਹੀਂ ਜਾਣਦੇ।

ਪੰਜ : ਇਸ ਪਾਗਲ ਨੂੰ ਛੱਡੋ ਜੀ! ਤੁਸੀਂ ਆਪਣਾ ਭਾਸ਼ਨ ਜਾਰੀ ਰੱਖੋ।

ਨੇਤਾ : ਹਾਂ! ਤੇ ਸਾਡੀ ਅੱਗੇ ਦੀ ਯੋਜਨਾ ਇਹ ਹੈ ਕਿ ਜਦੋਂ ਤੱਕ ਸਾਨੂੰ ਵੱਖਰਾ ਦੇਸ਼ ਨਹੀਂ ਮਿਲ ਜਾਂਦਾ, ਅਸੀਂ ਸਾਰੇ ਰਲਕੇ ਸਮੂਹਿਕ......।

ਪਾਗਲ : (ਫਿਰ ਟੋਕਦਾ ਹੈ) ਆਤਮ ਹੱਤਿਆ ਕਰਾਂਗੇ।

ਨੇਤਾ : (ਖਿੱਝਦਾ ਹੋਇਆ) ਹੱਤਿਆ ਕਰਨ ਸਾਡੇ ਬੁੱਝਦਿਲ ਦੁਸ਼ਮਨ! ...ਅਸੀਂ ਤਾਂ ਬਹਾਦਰੀ ਨਾਲ ਸ਼ਰੇਆਮ ਹੱਤਿਆਵਾਂ ਕਰਾਂਗੇ...! ਉਹ ਵੀ ਲੁਕ ਲੁਕ ਕੇ......।

ਪਾਗਲ : (ਹੱਸਦਾ ਹੋਇਆ) ਹੱਤਿਆ ਹੋਵੇ ਜਾਂ ਆਤਮ ਹੱਤਿਆ! ਗੱਲ ਤਾਂ ਇੱਕੋ ਹੀ ਹੈ, ਕਿਉਂ ਭਰਾਵੋ?

ਨੇਤਾ : ਭਰਾਵੋ! ਸਾਨੂੰ ਇਸ ਪਾਗਲ ਦੀਆਂ ਗੱਲਾਂ ਵਿੱਚ ਨਹੀਂ ਆਉਣਾ ਚਾਹੀਦਾ ... ਹਾਂ ਤੇ ਮੈਂ ਕਹਿ ਰਿਹਾ ਸੀ......।

ਇੱਕ : ਜੀ ਇਸ ਪਾਗਲ ਨੂੰ ਬੋਲਣ ਦੇਵੋ ਪਹਿਲਾਂ।

ਦੋ : ਇਹ ਪਾਗਲ ਬਹੁਤ ਸਿਆਣਾ ਤੇ ਸਮਝਦਾਰ ਹੈ।

ਤਿੰਨ : ਇਹ ਇਸ ਦੇਸ਼ ਦੀ ਆਤਮਾ ਹੈ ਜਿਹੜੀ ਫੁੱਟਪਾਥ ਤੇ ਪਈ ਸੜ ਰਹੀ ਹੈ।

ਸਾਰੇ : ਹਾਂ-ਹਾਂ ਪਹਿਲਾਂ ਇਸ ਪਾਗਲ ਨੂੰ ਬੋਲਣ ਦਿਓ।

ਪਾਗਲ : (ਨੇਤਾ ਨੂੰ ਧੱਕਾ ਦੇ ਕੇ ਥੜ੍ਹੇ 'ਤੇ ਚੜ੍ਹ ਜਾਂਦਾ ਹੈ।) ਭਰਾਵੋ! ਜਦੋਂ ਦੇਸ਼ ਦੀ ਵੰਡ ਹੋਈ ਤਾਂ ਇੱਕ ਧਰਮ ਦੇ ਲੋਕਾਂ ਨੇ ਦੂਜੇ ਧਰਮ ਦੇ ਲੋਕਾਂ ਦੀ ਕੀ ਕੀਤੀ ਸੀ?

ਭੀੜ : ਸਮੂਹਿਕ ਹੱਤਿਆ।

ਪਾਗਲ : ਤੇ ਹੱਤਿਆ ਦਾ ਬਦਲਾ ਹੱਤਿਆ......ਮਤਲਬ ਆਤਮ-ਹੱਤਿਆ ਹਾ-ਹਾ-ਹਾ......।

ਭੀੜ : ਪਾਗਲ ਠੀਕ ਕਹਿੰਦਾ ਹੈ, ਹੱਤਿਆਵਾਂ ਕਰਨਾ ਪਾਗਲਪਨ ਹੈ।

ਨੇਤਾ : ਪਰ ਉਹਨਾਂ ਲੋਕਾਂ ਨੂੰ ਆਪਣਾ ਦੇਸ਼ ਤਾਂ ਮਿਲ ਗਿਆ ਸੀ।

ਪਾਗਲ : ਪਰ ਮੇਰੇ ਮਾਂ-ਬਾਪ, ਭੈਣ-ਭਰਾ, ਮਾਮੇ-ਚਾਚੇ, ਸਭ ਮਾਰੇ ਗਏ ਸਮੂਹਿਕ ਹੱਤਿਆ ਵਿੱਚ ਤੇ ਮੈਂ ਬਚ ਗਿਆ ਇਕੱਲਾ। (ਉੱਚੀ ਉੱਚੀ ਰੋਂਦਾ ਹੋਇਆ ਹੇਠਾਂ ਉੱਤਰ ਆਉਂਦਾ ਹੈ ਤੇ ਨੇਤਾ ਮੰਚ 'ਤੇ ਚੜ੍ਹ ਜਾਂਦਾ ਹੈ।)

ਨੇਤਾ : ਭਰਾਵੋ! ਲੱਗਦਾ ਹੈ ਇਹ ਆਦਮੀ ਪਾਗਲ ਦੇ ਭੇਸ ਵਿੱਚ ਸਰਕਾਰ ਦਾ ਏਜੰਟ ਹੈ। ਇਹਦੀਆਂ ਗੱਲਾਂ ਵੱਲ ਧਿਆਨ ਨਾ ਦੇਵੋ। ਇਸ ਤੋਂ ਪਹਿਲਾਂ ਕਿ ਮੈਂ ਆਪਣਾ ਭਾਸ਼ਨ ਜਾਰੀ ਰੱਖਾਂ, ਮੈਂ ਇਸ ਪਵਿੱਤਰ ਮੰਚ 'ਤੋਂ ਹੁਕਮ ਜਾਰੀ ਕਰਦਾ ਹਾਂ ਕਿ ਇਸ ਪਾਗਲ ਦਾ ਵਿਰਲਾਪ ਰੋਕਣ ਲਈ ਜਨ-ਪੰਚਾਂ ਦੁਆਰਾ ਇਸ ਦਾ ਮੂੰਹ ਬੰਦ ਕਰ ਦਿੱਤਾ ਜਾਵੇ।

(ਪਹਿਲਾ ਵਿਅਕਤੀ ਆਪਣੇ ਹੱਥ ਪਾਗਲ ਦੇ ਮੂੰਹ ਉੱਤੇ ਰੱਖ ਦਿੰਦਾ ਹੈ।)

ਨੇਤਾ : ਹੁਣ ਠੀਕ ਏ। ਬੇਨਤੀ ਇਹ ਹੈ ਕਿ ਹੁਣ ਤੁਸੀਂ ਚੁੱਪ-ਚਾਪ ਮੇਰੇ ਇਹਨਾਂ ਪੰਜ ਮਤਿਆਂ ਨੂੰ ਸਰਬ ਸੰਮਤੀ ਨਾਲ ਪਾਸ ਕਰੋ। ਸਭ ਤੋਂ ਪਹਿਲਾ ਮਤਾ, 'ਅਸੀਂ ਵੱਖਰੀ ਕੌਮ ਹਾਂ।'

ਪਾਗਲ : (ਹੱਥਾਂ ਦਾ ਦਬਾਅ ਢਿੱਲਾ ਪੈਂਦਾ ਹਨ ਤਾਂ ਜੋ ਪਾਗਲ ਬੋਲ ਸਕੇ) ਜਿਹੜੀ ਰੁੱਖਾਂ ਤੋਂ ਡਿੱਗੀ ਹੈ। (ਦੋ, ਤਿੰਨ, ਚਾਰ, ਤੇ ਪੰਜ ਵਾਰੀ ਵਾਰੀ ਹਲਕੇ ਦਬਾਅ ਨਾਲ ਹੱਥ ਪਾਗਲ ਦੇ ਮੂੰਹ ਤੇ ਰੱਖਣਗੇ)

ਨੇਤਾ : ਮਤਾ ਨੰਬਰ ਦੋ 'ਸਾਡੀ ਵੱਖਰੀ ਸੰਸਕ੍ਰਿਤੀ ਹੈ'।

ਪਾਗਲ : ਜਿਹੜੀ ਹਵਾ ਵਿੱਚ ਬਣੀ ਏ!

ਨੇਤਾ : ਮਤਾ ਨੰਬਰ ਤਿੰਨ 'ਸਾਡੀ ਵੱਖਰੀ ਭਾਸ਼ਾ ਹੈ'।

ਪਾਗਲ : ਜਿਸ ਨੂੰ ਹੁਣ ਬੰਦੂਕਾਂ ਬੋਲਦੀਆਂ ਹਨ।

ਨੇਤਾ : ਮਤਾ ਨੰਬਰ ਚਾਰ 'ਸਾਡਾ ਵੱਖਰਾ ਧਰਮ ਤੇ ਵੱਖਰਾ ਇਤਹਾਸ ਹੈ'।

ਪਾਗਲ : ਵੱਖਰਾ ਸੂਰਜ ਤੇ ਵੱਖਰਾ ਆਕਾਸ਼ ਹੈ।

ਨੇਤਾ : ਮਤਾ ਨੰਬਰ ਪੰਜ 'ਅਸੀਂ ਆਪਣਾ ਵੱਖਰਾ ਦੇਸ਼ ਲੈ ਕੇ ਰਹਾਂਗੇ'।

ਪਾਗਲ : ਜਿਸ ਤਰਾਂ ਵੱਡੇ ਸੰਦੂਕ ਵਿੱਚ ਛੋਟਾ ਸੰਦੂਕ ਤੇ ਫੇਰ ਉਸ ਵਿੱਚ ਇੱਕ ਹੋਰ ਸੰਦੂਕ ਤੇ ਫੇਰ ਇੱਕ ਹੋਰ ਛੋਟੀ ਜਿਹੀ ਸੰਦੂਕੜੀ ਤੇ ਫੇਰ ਇੱਕ ਛੋਟੀ ਜਿਹੀ ਡੱਬੀ......।

ਨੇਤਾ : (ਖਿੱਝਦਾ ਹੋਇਆ) ਸਾਡਾ ਪਾਵਨ ਪਵਿੱਤਰ ਦੇਸ਼ ਆਖੰਡ ਰਹੇਗਾ ਮੂਰਖਾ।

ਪਾਗਲ : ਫਿਰ ਇਸ ਦੇਸ਼ ਦੇ ਟੁਕੜੇ ਕਿਉਂ ਕਰਦੇ ਹੋ ਨੇਤਾ ਜੀ? ......ਹਾ-ਹਾ-ਹਾ।

ਨੇਤਾ : (ਗੁੱਸੇ ਨਾਲ) ਕੀ ਐਨੇ ਲੋਕਾਂ ਵਿੱਚ ਕੋਈ ਐਸਾ ਸੂਰਮਾ ਹੈ! ਜੋ ਇਸ ਬਦਜ਼ਾਤ ਦਾ ਮੂੰਹ ਬੰਦ ਕਰ ਸਕੇ। (ਗੁੱਸੇ ਨਾਲ ਥੜ੍ਹੇ ਤੋਂ ਉਤਰਦਾ ਹੈ। ਪੰਜੇ ਵਿਅਕਤੀ ਇਕੱਠੇ ਆਪਣੇ ਹੱਥ ਵੱਖਵਾਦੀ ਨੇਤਾ ਦੇ ਮੂੰਹ ਉੱਤੇ ਰੱਖ ਦਿੰਦੇ ਹਨ, ਨੇਤਾ ਤੜਫਦਾ ਹੈ। ਪਾਗਲ ਉਸ ਨੂੰ ਛੁਡਾਉਂਦਾ ਹੈ।)

ਪਾਗਲ : ਬੋਲਣ ਦਿਓ ਇਸ ਨੂੰ ......ਨੇਤਾ ਹੈ ਜੇ ਬੋਲੇਗਾ ਨਹੀਂ ਤਾਂ ਜੀਏਗਾ ਕਿਵੇਂ? ਹਾਂ ਜੇ ਤੁਸੀਂ ਨਾ ਸੁਣਨਾ ਚਾਹੋ ਤਾਂ ਇਹ ਵੱਖਰੀ ਗੱਲ ਹੈ। (ਸਾਰੇ ਵਾਰੋ ਵਾਰੀ ਜਾਣ ਲੱਗਦੇ ਹਨ)

ਨੇਤਾ : ਹਾਂ ਤੇ ਭਰਾਵੋ......ਹੈਂ? ਇਹ ਕੀ? ਸੁਣੋ, ਰੁਕੋ, ਜਰਾ ਠਹਿਰੋ...ਸੁਣੋ

ਤੇ ਸਹੀ...। (ਅੱਗੇ ਵੱਧਦਾ ਹੈ)

ਇੱਕ : ਹੁਣ ਅਸੀਂ ਕੁਝ ਵੀ ਨਹੀਂ ਸੁਣਨਾ ਚਾਹੁੰਦੇ।

ਦੋ : ਬਥੇਰਾ ਰੁਕ ਲਿਆ ਇਥੇ।

ਤਿੰਨ : ਬਥੇਰਾ ਠਹਿਰ ਲਿਆ ਇਥੇ।

ਚਾਰ : ਹੁਣ ਤੇ ਜਾਣਾ ਹੈ।

ਪੰਜ : ਅੱਗੇ ਵੱਧਣਾ ਹੈ।

ਸਾਰੇ : ਵੇਖੋ ਸਾਰਾ ਟਰੈਫ਼ਿਕ ਰੁਕਿਆ ਹੋਇਆ ਹੈ। (ਗੁੰਡੇ ਤੋਂ ਬਿਨਾ ਸਾਰੇ ਜਾਂਦੇ ਹਨ। ਇੱਕ ਪਾਸੇ ਪਾਗਲ ਅੱਖਾਂ ਬੰਦ ਕਰਕੇ ਆਪਣੇ ਹੱਥਾਂ ਨਾਲ ਮੂੰਹ ਬੰਦ ਕਰੀ ਖੜਾ ਹੈ।)

ਨੇਤਾ : (ਗੁੰਡੇ ਨੂੰ ਕੋਲ ਬੁਲਾ ਕੇ ਪਾਗਲ ਵੱਲ ਇਸ਼ਾਰਾ ਕਰਦਿਆਂ ਹੌਲੀ ਜਿਹੀ) ਵੇਖ! ਔਹ ਰਿਹਾ ਤੇਰਾ ਸ਼ਿਕਾਰ! ਇਹੋ ਜਿਹੇ ਪਾਗਲਾਂ ਕਰਕੇ ਹੀ ਸਾਨੂੰ ਸਾਡਾ ਵੱਖਰਾ ਮੁਲਕ ਨਹੀਂ ਮਿਲ ਰਿਹਾ।

ਗੁੰਡਾ : (ਮੁੱਛਾਂ ਨੂੰ ਤਾਅ ਦਿੰਦਾ ਹੋਇਆ) ਇਹਨੂੰ ਸਾਲੇ ਨੂੰ ਵੀ ਵੇਖ ਲਵਾਂਗਾ ਅੱਜ ਰਾਤ।

ਨੇਤਾ : (ਕੰਨ ਵਿੱਚ) ਜ਼ਰਾ ਸਾਵਧਾਨੀ ਨਾਲ! ਕਿਤੇ ਮੇਰਾ ਨਾਂ......!

ਗੁੰਡਾ : ਤੁਸੀਂ ਬੇਫ਼ਿਕਰ ਰਹੋ ਜੀ! ਇਸ ਪਾਗਲ ਨੂੰ ਰੋਣ ਵਾਲਾ ਵੀ ਕੌਣ ਏ?

(ਗੁੰਡਾ ਜਾਂਦਾ ਹੈ ਤੇ ਨੇਤਾ ਪਾਗਲ ਨੂੰ ਪੈਰ ਮਾਰ ਕੇ ਜਾਂਦਾ ਹੈ।)

ਪਾਗਲ : (ਬੈਠ ਕੇ ਗਾਲਾਂ ਦਿੰਦਾ ਹੈ) ਤੇਰੀ ਦਾਲ ਵਿੱਚ ਰੋੜ ਪੈਣ (ਰੋੜੇ ਚੁਣ ਚੁਣ ਕੇ ਮਾਰਦਾ ਹੈ) ਤੇਰੀ ਜ਼ੁਬਾਨ ਨੂੰ ਲਕਵਾ ਮਾਰ ਜਾਵੇ......ਤੈਨੂੰ ਉਠਦਿਆਂ ਬਹਿੰਦਿਆਂ, ਚੱਲਦਿਆਂ-ਫਿਰਦਿਆਂ ਕੰਡੇ ਚੁਭਣ...ਕਿੱਲ ਚੁਭਣ...ਕੱਚ ਵੀ। (ਪਾਟਾ ਪੁਰਾਣਾ ਕੰਬਲ ਲੈ ਕੇ ਇੱਕ ਪਾਸੇ ਮੂੰਹ ਕਰਕੇ ਓਕੜੂ ਬੈਠ ਜਾਂਦਾ ਹੈ।)

ਸਿਪਾਹੀ : ਓਇ! ਇਹ ਕੀ ਕਰ ਰਿਹੈਂ? ਚੌਂਕ 'ਚ ਮੂਤ ਰਿਹਾ ਏਂ ਬੇਸ਼ਰਮਾ?

ਪਾਗਲ : (ਬੈਠਾ ਬੈਠਾ) ਜੇ ਇਥੇ ਖੜਾ ਹੋ ਕੇ ਕੋਈ ਵੀ ਗਧਾ ਲਿੱਦ ਕਰ ਸਕਦਾ ਏ ਤਾਂ ਮੈਂ ਬੈਠਿਆਂ ਬੈਠਿਆਂ......!

ਸਿਪਾਹੀ : (ਡੰਡਾ ਮਾਰਦਾ ਹੋਇਆ) ਤੂੰ ਆਪਣੇ ਆਪ ਨੂੰ ਇਨਸਾਨ

ਕਹਿੰਦਾ ਏਂ ਸਾਲਿਆ? (ਫੇਰ ਡੰਡਾ ਮਾਰਦਾ ਹੈ) ਚੱਲ...ਉੱਠ ਇਥੋਂ...ਉੱਠ!

ਪਾਗਲ : ਸੰਤਰੀ ਜੀ! ਹੁਣ ਤੇ ਕੰਮ ਮੁਕਾ ਕੇ ਈ ਉੱਠਾਂਗਾ (ਹੱਸਦਾ ਹੈ)।

ਸਿਪਾਹੀ : ਉਇ! ਇਸ ਕੰਮ ਦੀ ਸਰਕਾਰੀ ਫੀਸ ਲੱਗਦੀ ਏ!

ਪਾਗਲ : (ਬੈਠਾ ਬੈਠਾ ਜੇਬ ਵਿੱਚੋਂ ਸਿਗਰਟ ਕੱਢ ਕੇ) ਆਹ ਲੈ ਆਪਣੀ ਫੀਸ ਤੇ ਖਿੱਚ ਸੂਟੇ...।

ਸਿਪਾਹੀ : ਹੂੰ ਸਿਗਰਟ...? (ਸੁੱਟ ਦਿੰਦਾ ਹੈ)

ਪਾਗਲ : (ਉੱਠਦਾ ਹੋਇਆ) ਹੈਂ ਸੁੱਟ ਦਿੱਤੀ? ਓਇ ਇਹ ਇੰਪੋਰਟਡ ਸੀ। ਇੱਕ ਹਿੱਪੀ ਦੇ ਕੇ ਗਿਆ ਸੀ। ਸਾਰੀ ਰਾਤ ਬੈਠਾ ਰਿਹਾ ਮੇਰੇ ਕੋਲ...।

ਸਿਪਾਹੀ : ਅੱਛਾ! (ਉਛਲ ਕੇ ਜ਼ਮੀਨ 'ਤੇ ਡਿੱਗੀ ਸਿਗਰਟ ਚੁੱਕ ਲੈਂਦਾ ਹੈ) ਪਹਿਲਾਂ ਕਿਉਂ ਨਹੀਂ ਦੱਸਿਆ ਭਾਈ ਸਾਹਿਬ? (ਮੂੰਹ ਮੋੜ ਕੇ ਖੜਾ ਹੋ ਜਾਂਦਾ ਹੈ ਤੇ ਸਿਗਰਟ ਸੁਲਗਾਉਂਦਾ ਹੈ।) ਚੱਲ ਕੰਮ ਪੂਰਾ ਕਰ ਲੈ ਹੁਣ...। (ਪਾਗਲ ਫੇਰ ਓਕੜੂ ਬੈਠ ਜਾਂਦਾ ਹੈ। ਇਸ ਵਾਰ ਸਿੱਧਾ ਦਰਸ਼ਕਾਂ ਵੱਲ ਮੂੰਹ ਕਰਕੇ ਬੈਠਦਾ ਹੈ।) ਦੂਰੋਂ ਇੱਕ ਜਲੂਸ ਆਉਂਦਾ ਹੈ, ਧਰਮ ਗੁਰੂ ਅਤੇ ਭੀੜ ਨੇ ਲਾਲ ਚੋਗੇ ਪਾਏ ਹੋਏ ਹਨ। ਪਿੱਛੇ ਪਿੱਛੇ ਗੁੰਡਾ ਵੀ ਹੈ। ਭੀੜ ਨੇ ਹੱਥਾਂ ਵਿੱਚ ਇੱਟਾਂ ਚੁੱਕੀਆਂ ਹੋਈਆਂ ਹਨ। ਜਲੂਸ ਨਾਅਰੇ ਲਗਾਉਂਦਾ ਹੋਇਆ ਮੰਚ ਦਾ ਚੱਕਰ ਲਗਾਉਂਦਾ ਹੈ)

ਧਰਮ ਗੁਰੂ : ਪੂਜਾ ਸਥਾਨ ਬਣਾਵਾਂਗੇ!

ਭੀੜ : ਸਿੱਧਾ ਸਵਰਗ ਨੂੰ ਜਾਵਾਂਗੇ।

ਧਰਮ ਗੁਰੂ : ਪੂਜਾ ਸਥਾਨ ਬਣਾਵਾਂਗੇ!

ਭੀੜ : ਸਿੱਧਾ ਸਵਰਗ ਨੂੰ ਜਾਵਾਂਗੇ।

ਸਿਪਾਹੀ : (ਪਾਗਲ ਨੂੰ) ਭਾਈ ਸਾਹਿਬ! ਕੰਮ ਖ਼ਤਮ ਕਰ ਲਿਆ ਹੋਵੇ ਤਾਂ ਉਠ ਪਵੋ...ਪੂਜਾ ਸਥਾਨ ਨਿਰਮਾਣ ਕਮੇਟੀ ਦਾ ਜਲੂਸ ਆ ਰਿਹਾ ਹੈ।

ਪਾਗਲ : (ਹੱਸਦਾ ਹੋਇਆ) ਮੈਂ ਤਾਂ ਆਪਣੇ ਜਨਮ ਅਸਥਾਨ 'ਤੇ ਬਹਿ

ਕੇ ਮਨੁੱਖ ਦੀ ਮੁਕਤੀ ਬਾਰੇ ਸੋਚ ਰਿਹਾ ਸੀ! ਡਿਸਟਰਬ ਕਰ ਦਿੱਤਾ ਮੈਨੂੰ।

ਧਰਮ ਗੁਰੂ : ਰੁਕੋ! ਭਗਤ ਜਨੋ! ਰੁਕੋ ...ਇਥੇ ਈ ਰੈਲੀ ਕਰਾਂਗੇ।

ਸਿਪਾਹੀ : ਨਹੀਂ ...ਨਹੀਂ ਤੁਰਦੇ ਬਣੋ! ਇਥੇ ਰੁਕਣ ਨਾਲ ਸਾਰਾ ਟਰੈਫ਼ਿਕ ਰੁਕ ਜਾਂਦਾ ਏ।

ਧਰਮ ਗੁਰੂ : ਭਾਵੇਂ ਟਰੈਫਿਕ ਰੁਕੇ ਭਾਵੇਂ ਦੇਸ਼! ਅਸੀਂ ਤਾਂ ......।

ਪਾਗਲ : (ਗੱਲ ਪੂਰੀ ਕਰਦਾ ਹੋਇਆ) ਧੜਾ ਧੜ ਪੂਜਾ ਸਥਾਨਾਂ ਦਾ ਨਿਰਮਾਣ ਕਰਨਾ ਹੀ ਕਰਨਾ ਏ ਹਾ ...ਹਾ...।

ਸਿਪਾਹੀ : ਰੈਲੀ ਕਰਨ ਦੀ ਇਜਾਜ਼ਤ ਹੈ ਤੁਹਾਡੇ ਕੋਲ? ਜੇ ਨਹੀਂ ਤਾਂ..।

ਧਰਮ ਗੁਰੂ : (ਥੜ੍ਹੇ ਉੱਤੇ ਚੜ੍ਹ ਕੇ) ਭਰਾਵੋ ਵੇਖ ਲਿਆ ਤੁਸੀਂ? ਸਾਨੂੰ ਹੁਣ ਧਰਮ ਪ੍ਰਚਾਰ ਲਈ ਵੀ ਇਜਾਜ਼ਤ ਲੈਣੀ ਪਵੇਗੀ। ਇਸੇ ਲਈ ਤਾਂ ਕਹਿੰਦਾ ਹਾਂ ਕਿ ਸਾਡਾ ਮਹਾਨ ਧਰਮ ਖ਼ਤਰੇ ਵਿੱਚ ਹੈ...। (ਨਾਅਰਾ ਲਗਾਉਂਦਾ ਹੈ) ਜੋ ਹਮ ਸੇ ਟਕਰਾਏਗਾ? ...।

ਭੀੜ : (ਨਾਅਰੇ ਦਾ ਜੁਆਬ ਦਿੰਦੀ ਹੋਈ) ਸਿੱਧਾ ਨਰਕ ਨੂੰ ਜਾਏਗਾ!

ਧਰਮ ਗੁਰੂ : ਅਸੀਂ ਅੱਜ ਕਸਮ ਚੁੱਕਦੇ ਹਾਂ ਕਿ ਜੋ ਵੀ ਸਾਡੇ ਰਾਹ ਵਿੱਚ ਰੋੜੇ ਅਟਕਾਏਗਾ!

ਭੀੜ : ਉਹਦੀ ਇੱਟ ਨਾਲ ਇੱਟ ਖੜਕਾ ਦਿਆਂਗੇ।

ਪਾਗਲ : ਤਾਂ ਹੀ ਤੇ ਇੱਟਾਂ ਚੁੱਕੀ ਫਿਰਦੇ ਹੋ, ਜ਼ਿੰਦਗੀ ਦੇ ਬੋਝ ਵਾਂਗ।

ਇੱਕ : ਮੂਰਖਾ! ਇਹ ਪਾਵਨ ਇੱਟਾਂ ਨੇ।

ਦੋ : ਇਹਨਾਂ 'ਤੇ ਪਵਿੱਤਰ ਜਲ ਛਿੜਕਿਆ ਗਿਆ ਹੈ।

ਪਾਗਲ : ਮੈਨੂੰ ਤਾਂ ਲੋਕਾਂ ਦੇ ਖ਼ੂਨ ਨਾਲ ਰੰਗੀਆਂ ਨਜ਼ਰ ਆਉਂਦੀਆਂ ਨੇ ਇਹ ਇੱਟਾਂ! ਇਹਨਾਂ ਇੱਟਾਂ ਦੇ ਕਰਕੇ ਜਿਹੜੇ ਦੰਗੇ ਹੋਏ...।

ਧਰਮ ਗੁਰੂ : ਸ਼ਾਨ ਨਾਲ ਕਹੋ ਕਿ ਅਸੀਂ ...।

ਪਾਗਲ : ਫਿਰਕਾਪ੍ਰਸਤ ਹਾਂ!

ਤਿੰਨ : ਫਿਰਕਾਪ੍ਰਸਤ ਤੇ ਤੂੰ ਏਂ...।

ਚਾਰ : ਤੇ ਤੇਰੇ ਵਰਗੇ ਪਾਗਲ ਲੋਕ!

ਪੰਜ : ਜੋ ਇਹਨਾਂ ਇੱਟਾਂ ਦੀ ਮਹਾਨਤਾ ਨੂੰ ਨਹੀਂ ਜਾਣਦੇ!

ਪਾਗਲ : ਮੈਂ ਤੁਹਾਡੇ ਵਾਂਗੂੰ ਪਾਗਲ ਨਹੀਂ! ......।

ਧਰਮ ਗੁਰੂ : ਭਰਾਵੋ! ਵੇਖਦੇ ਕੀ ਹੋ? ਟੁੱਟ ਕੇ ਪੈ ਜਾਓ ਇਸ ਪਾਪੀ ਨੂੰ ਜਿਹੜਾ ਸਾਨੂੰ ਪਾਗਲ ਕਹਿੰਦਾ ਏ......ਵਰ੍ਹਾ ਦਿਓ ਇੱਟਾਂ ਇਹਦੀ ਖੋਪੜੀ 'ਤੇ।

ਪੰਜੇ : (ਇਕੱਠੇ) ਪਰ ਇਹ ਇੱਟਾਂ ਤੇ ਪਵਿੱਤਰ ਨੇ? ਪੂਜਾ ਸਥਾਨ ਦੇ ਨਿਰਮਾਣ ਵਿੱਚ ਲਗਾਉਣੀਆਂ ਨੇ?

ਧਰਮ ਗੁਰੂ : ਇਸ ਦੁਸ਼ਟ ਦੇ ਖ਼ੂਨ ਨਾਲ ਹੋਰ ਵੀ ਪਵਿੱਤਰ ਹੋ ਜਾਣਗੀਆਂ। (ਤਦ ਉਥੇ ਰੌਲਾ ਪੈਂਦਾ ਹੈ, ਪਾਗਲ ਗੁੰਡੇ ਨਾਲ ਹੱਥੋਪਾਈ ਕਰਦਾ ਹੈ। ਗੁੰਡਾ ਦੌੜ ਜਾਂਦਾ ਹੈ। ਪਾਗਲ ਦੇ ਹੱਥ ਵਿੱਚ ਪੂਛ ਵਰਗੀ ਕੋਈ ਚੀਜ਼ ਹੈ।)

ਧਰਮ ਗੁਰੂ : ਹੈਂ ਪੂਛ? ...ਇਹ ਜਰੂਰ ਸਾਡੇ ਪਵਿੱਤਰ ਪਸ਼ੂ ਪਿਤਾ ਦੀ ਹੋਵੇਗੀ।

ਪਾਗਲ : ਹਰੇਕ ਪ੍ਰਾਣੀ ਪਵਿੱਤਰ ਹੁੰਦਾ ਏ ਧਰਮ ਗੁਰੂ ਜੀ।

ਧਰਮ ਗੁਰੂ : ਭਰਾਵੋ! ਲੱਗਦਾ ਹੈ ਕਿ ਅਧਰਮੀਆਂ ਦਾ ਇਹ ਦੁਸ਼ਟ ਏਜੰਟ ਸਾਡੇ ਪੂਜਾ ਸਥਾਨਾਂ ਨੂੰ ਭ੍ਰਿਸ਼ਟ ਕਰਨ ਲਈ ਪਸ਼ੂ ਪਿਤਾ ਦੀ ਪੂਛ...।

ਇੱਕ : (ਟੋਕਦਾ ਹੋਇਆ) ਨਹੀਂ ਧਰਮ ਗੁਰੂ ਜੀ, ਇਹਨੇ ਤਾਂ ਸਗੋਂ ਇੱਕ ਗੁੰਡੇ ਨੂੰ ਐਸਾ ਕੁਕਰਮ ਕਰਨ ਤੋਂ ਕਰਨ ਤੋਂ ਰੋਕਿਆ ਹੈ...।

ਧਰਮ ਗੁਰੂ : (ਥੜ੍ਹੇ ਤੋਂ ਹੇਠਾਂ ਉਤਰ ਕੇ ਨਿਮਰਤਾ ਨਾਲ) ਅੱਛਾ? ਅਸੀਂ ਅਤਿ ਪ੍ਰਸੰਨ ਹੋਏ ਭਾਈ ਸਾਹਿਬ! ਅੱਜ ਤੋਂ ਤੂੰ ਸਾਡਾ ਧਰਮ ਭਾਈ ਏਂ!

ਪਾਗਲ : ਨਹੀਂ ...ਨਹੀਂ! ਮੈਂ ਪਾਗਲ ਹੀ ਠੀਕ ਹਾਂ! ਅੰਨ੍ਹਾ ਨਹੀਂ ਬਣਨਾ ਚਾਹੁੰਦਾ।

ਧਰਮ ਗੁਰੂ : ਇਹ ਤਾਂ ਤੇਰੀ ਉਦਾਰਤਾ ਹੈ ਧਰਮ ਭਾਈ! ਮੰਗ ਕੀ ਇਨਾਮ ਚਾਹੀਦਾ ਏ ਤੈਨੂੰ?

ਪਾਗਲ : ਜੋ ਚਾਹਾਂਗਾ ਮਿਲੇਗਾ?

ਧਰਮ ਗੁਰੂ : ਜਰੂਰ! (ਗਲ ਵਿੱਚ ਬਾਂਹਾਂ ਪਾ ਕੇ) ਆਖਿਰ ਤੂੰ ਧਰਮ ਦੀ ਰੱਖਿਆ ਕੀਤੀ ਏ!

ਪਾਗਲ : ਸੋਚ ਲਵੋ ਪਹਿਲਾਂ!

ਧਰਮ ਗੁਰੂ : ਅਸੀਂ ਧਾਰਮਿਕ ਨੇਤਾ ਹਾਂ ਕੋਈ ਰਾਜਨੀਤਕ ਨੇਤਾ ਨਹੀਂ ਜੋ ਝੂਠਾ ਵਆਦਾ ਕਰੀਏ।

ਪਾਗਲ : ਤੇ ਫਿਰ ਸੁਣੋ ...ਇਹ ਜਿਹੜੀਆਂ ਇੱਟਾਂ ਨੇ, ਇਹਨਾਂ ਨੂੰ ਸਾਹਮਣੇ ਵਾਲੀ ਬਸਤੀ ਵਿੱਚ ਰਖਵਾ ਦੇਵੋ ਤੇ...।

ਤਿੰਨ : ਪਰ ਉਹ ਤੇ ਗੰਦੀ ਬਸਤੀ ਏ?

ਚਾਰ : ਝੁੱਗੀ ਝੌਂਪੜੀ ਵਾਲੇ ਲੋਕ ਰਹਿੰਦੇ ਨੇ ਉਥੇ...।

ਪੰਜ : ਉਥੇ ਪੂਜਾ ਸਥਾਨ ਬਨਾਉਣਾ ਦੇਵਤੇ ਦਾ ਅਪਮਾਨ ਹੋਵੇਗਾ।

ਪੰਜੇ : ਹਾਂ ਇਹ ਪਾਗਲ ਤਾਂ ਪਾਗਲ ਹੈ।

ਪਾਗਲ : ਇਹਨਾਂ ਇੱਟਾਂ ਨਾਲ ਕੁਝ ਮਜਦੂਰਾਂ ਲਈ ਛੋਟੇ ਛੋਟੇ ਘਰ...।

ਧਰਮ ਗੁਰੂ : ਨਾ-ਨਾ-ਨਾ ਧਰਮ ਭਾਈ ਕਿੰਨੇ ਭਾਗਾਂ ਵਾਲੇ ਨੇ ਉਹ ਲੋਕ ਜਿਹੜੇ ਭਗਵਾਨ ਦੀ ਬਣਾਈ ਹੋਈ ਇੰਨੀ ਵਿਸ਼ਾਲ ਛੱਤ ਹੇਠ ਰਹਿੰਦੇ ਨੇ ਜਿਸ ਵਿੱਚ ਲੱਖਾ ਹੀ ਤਾਰੇ, ਚੰਨ, ਤੇ ਸੂਰਜ...।

ਪਾਗਲ : ......ਇਸੇ ਛੱਤ ਹੇਠ ਉਹ ਗਰਮੀ ਲੱਗਣ ਨਾਲ ਮਰ ਜਾਦੇ ਨੇ ਤੇ ਸਰਦੀ 'ਚ...।

ਧਰਮ ਗੁਰੂ : (ਹਲੀਮੀ ਨਾਲ) ਪਿਆਰੇ ਧਰਮ ਭਾਈ! ਤੂੰ ਉਹਨਾਂ ਦੀ ਚਿੰਤਾ ਛੱਡ ...ਉਹ ਤੇ ਆਪਣੇ ਕਰਮਾਂ ਦਾ ਫ਼ਲ ਭੋਗ ਰਹੇ ਨੇ ...ਹਾਂ ਜੇ ਤੂੰ ਕਹੇਂ ਤਾਂ ਤੇਰੇ ਲਈ ਕਿਤੇ ਛੋਟੀ ਜਿਹੀ ਕੋਠੜੀ ...।

ਪਾਗਲ : ਹਾ-ਹਾ-ਹਾ ...ਮੇਰੇ ਲਈ? ਮੇਰੇ ਲਈ ਤਾਂ ਮਹਿਲ ਦੀਆਂ ਚਾਰ ਕੰਧਾਂ ਇਸ ਚੌਂਕ ਦੀਆਂ ਇਹ ਚਾਰ ਸੜਕਾਂ ਨੇ ...ਇਥੇ ਹੀ ਵੱਡਾ ਹੋਇਆ ...ਤੇ ਇਥੇ ਹੀ ਮਰਾਂਗਾ। ਤੁਹਾਡਾ ਵਾਅਦਾ ਵੀ ਝੂਠਾ ਨਿਕਲਿਆ...ਝੂਠਾ...ਝੂਠਾ।

ਧਰਮ ਗੁਰੂ : ਅਸੀਂ ਤੇਰੀ ਇਹ ਭੌਤਿਕ ਇੱਛਾ ਪੂਰੀ ਕਰਨ ਤੋਂ ਅਸਮਰੱਥ ਹਾਂ ਧਰਮ ਭਾਈ! ਦੁੱਖਾਂ ਤੋਂ ਮੁਕਤੀ ਲਈ ਕੋਈ ਦੂਸਰਾ ਵਰ ਮੰਗੋ!

ਪਾਗਲ : ਅੱਛਾ! ਤੇ ਇਸ ਅਭਾਗੀ ਬਸਤੀ ਦੇ ਬੰਧੂਆ ਮਜਦੂਰਾਂ ਨੂੰ ਮੁਕਤ ਕਰਵਾਉਣ ਲਈ ਅੰਦੋਲਨ...।

ਧਰਮ ਗੁਰੂ : (ਜੋਸ਼ ਵਿੱਚ) ਤੇਰੀ ਇਹ ਮੰਗ ਰਾਜਨੀਤੀ ਤੋਂ ਪ੍ਰੇਰਿਤ ਹੈ, ਸਾਡਾ ਕੰਮ ਤਾਂ ਦੇਵਤਾ ਨੂੰ ਮੁਕਤ ਕਰਵਾ ਕੇ ਉਸ ਨੂੰ ਪੂਜਾ ਸਥਾਨ ਵਿੱਚ...।

ਪਾਗਲ : ਅੱਛਾ! (ਵਿਅੰਗ ਨਾਲ) ਤੇ ਤੁਹਾਡਾ ਭਗਵਾਨ ਕੈਦੀ ਹੈ? ਮੈਂ ਤੇ ਸੁਣਿਆ ਹੈ ਕਿ ਉਹ ਸਰਵ ਸ਼ਕਤੀਮਾਨ ਤੇ ਸਰਬ ਵਿਆਪਕ...।

ਧਰਮ ਗੁਰੂ : ਚੱਲੋ ਭਰਾਵੋ! ਇਹ ਪਾਗਲ ਤਾਂ ਕੋਈ ਨਾਸਤਿਕ ਅਧਰਮੀ ਲੱਗਦਾ ਹੈ। ਇਸ ਦੀਆਂ ਗੱਲਾਂ 'ਚੋਂ ਸਾਜਿਸ਼ ਦੀ ਬੋਅ ਆਉਂਦੀ ਹੈ...ਛੀ...।

ਪਾਗਲ : ਹਾ-ਹਾ-ਹਾ...ਇਹ ਬੋਅ ਤਾਂ ਮੇਰੇ ਪਸੀਨੇ ਦੀ ਹੈ। ......ਥੂਅ...।

ਧਰਮ ਗੁਰੂ : (ਨੱਕ ਤੇ ਰੁਮਾਲ ਰੱਖ ਕੇ) ਉਇ ਥੁੱਕ ਕਿਉਂ ਰਿਹਾ ਏਂ?

ਪਾਗਲ : ਮੈਂ ਤੇਰੇ ਵਾਂਗ ਥੁੱਕ ਕੇ ਚੱਟਾਂਗਾ ਨਹੀਂ...ਜਾਓ...ਜਾਓ।

ਧਰਮ ਗੁਰੂ : (ਸ਼ਰਮ ਨਾਲ) ਜੇ ਤੂੰ ਕਹੇਂ ਤਾਂ ਮੈਂ ਬੰਧੂਆ ਮਜਦੂਰਾਂ ਦੀ ਮੁਕਤੀ ਲਈ ਆਖੰਡ ਕੀਰਤਨ...।

ਪਾਗਲ : ਜਾਓ...ਬਾਬਾ ਜਾਓ! ਪੂਜਾ ਸਥਾਨਾਂ ਵਿੱਚ ਬੈਠ ਕੇ ਆਖੰਡ ਕੀਰਤਨ ਕਰੋ......।

ਧਰਮ ਗੁਰੂ : (ਹੱਥ ਚੁੱਕ ਕੇ) ਪੂਜਾ ਸਥਾਨ ਬਣਾਵਾਂਗੇ! ...ਹੈਂ ਇਹ ਕੀ? ਕਿੱਥੇ ਜਾ ਰਹੇ ਹੋ ਭਰਾਵੋ? ...ਰੁਕੋ ਤਾਂ...।

ਇੱਕ : ਗੰਦੀ ਬਸਤੀ ਵਿੱਚ ਇੱਟਾਂ ਰੱਖਣ ਜਾ ਰਹੇ ਹਾਂ।

ਧਰਮ ਗੁਰੂ : ਪਰ ਇਹ ਇੱਟਾਂ ਤਾਂ ਪਵਿੱਤਰ ਹਨ...ਕੱਲ੍ਹ ਨੀਂਹ ਪੱਥਰ ਰੱਖਣਾ ਹੈ...।

ਦੋ : ਪੱਥਰ ਤਾਂ ਸਾਡੀ ਅਕਲ 'ਤੇ ਪਏ ਹੋਏ ਸਨ।

ਤਿੰਨ : ਪੂਜਾ ਸਥਾਨਾਂ ਦੀ ਕਮੀ ਨਾ ਇਸ ਸ਼ਹਿਰ ਵਿੱਚ ਹੈ ਤੇ ਨਾ ਇਸ ਦੇਸ਼ ਵਿੱਚ!

ਚਾਰ : ਹਰ ਇਨਸਾਨ ਦੇ ਸਿਰ 'ਤੇ ਇੱਕ ਛੋਟੀ ਜਿਹੀ ਛੱਤ ਹੋਵੇ।

ਪੰਜ : ਮਨੁੱਖ ਦੀ ਸੇਵਾ ਹੀ ਭਗਵਾਨ ਦੀ ਸੇਵਾ ਹੈ।

ਸਾਰੇ : ਅਸੀਂ ਤੁਹਾਡਾ ਦਿੱਤਾ ਹੋਇਆ ਵਚਨ ਪੂਰਾ ਕਰਨ ਜਾ ਰਹੇ ਹਾਂ।

ਪਾਗਲ : (ਖ਼ੁਸ਼ੀ ਨਾਲ ਤਾੜੀਆਂ ਮਾਰਦਾ ਹੋਇਆ) "ਮਾਨਵ ਧਰਮ ਦੀ ਜੈ...।"

(ਚੱਕਰ ਲਗਾ ਬੈਠ ਜਾਂਦਾ ਹੈ। ਧਰਮ ਗੁਰੂ ਤਾੜੀ ਵਜਾਉਂਦਾ

ਹੈ ਤੇ ਗੁੰਡਾ ਹਾਜ਼ਰ ਹੋ ਕੇ ਸਿਰ ਝੁਕਾਉਂਦਾ ਹੈ।)

ਧਰਮ ਗੁਰੂ : (ਪਾਗਲ ਵੱਲ ਇਸ਼ਾਰਾ ਕਰਕੇ) ਜਾਣਦਾ ਏਂ ਉਸ ਅਧਰਮੀ ਨੇ ਸਾਡੇ ਧਰਮ ਦੀ ਬੇਅਦਬੀ ਕੀਤੀ ਏ?

ਗੁੰਡਾ : ਉਹ ਕਿਸ ਤਰਾਂ ਧਰਮ ਗੁਰੂ?

ਧਰਮ ਗੁਰੂ : ਸਾਡੇ ਪਸ਼ੂ ਪਿਤਾ ਦੀ ਪੂਛ ਕੱਟ ਕੇ।

ਗੁੰਡਾ : (ਛੁਰਾ ਕੱਢ ਕੇ) ਜੇ ਕਹੋ ਤਾਂ ਸਾਲੇ ਨੂੰ ਹੁਣੇ ਯਮਲੋਕ ...।

ਧਰਮ ਗੁਰੂ : (ਰੋਕਦਾ ਹੋਇਆ) ਨਹੀਂ ਅਜੇ ਨਹੀਂ...ਕੱਲ੍ਹ...ਜਦ ਅੰਮ੍ਰਿਤ ਵੇਲੇ ਨੀਂਹ ਪੱਥਰ ਦਾ ਪ੍ਰੋਗਰਾਮ ਹੋਵੇਗਾ ਤਾਂ ਬਲੀ ਦੇ ਲਈਂ...... ਸਮਝਿਆ...?

ਗੁੰਡਾ : ਪਰ ਇਹ ਤਾਂ ਨਰ ਏ ਮਹਾਰਾਜ?

ਧਰਮ ਗੁਰੂ : ਪੁਰਾਤਨ ਸਮਿਆਂ ਵਿੱਚ ਨਰ ਬਲੀ ਹੀ ਹੁੰਦੀ ਸੀ, ਤਾਂ ਹੀ ਤਾਂ ਦੇਵਤੇ ਪ੍ਰਸੰਨ ਹੁੰਦੇ ਸਨ। ਤੇ ਫਿਰ ਇਹ ਪਾਗਲ ਤਾਂ ਪਸ਼ੂ ਸਮਾਨ ਹੀ ਹੈ ਨਾ...ਆਵਾਰਾ ...ਬੁੱਧੀਹੀਣ।

ਗੁੰਡਾ : ਪਰ ਮਹਾਂਰਾਜ! ਸਾਰਿਆਂ ਦੇ ਸਾਹਮਣੇ ਇਹ ਕਤਲ...?

ਧਰਮ ਗੁਰੂ : ਸਾਰਿਆਂ ਦੇ ਸਾਹਮਣੇ ਕਿਉਂ? ਇਸ ਨਾਸਤਿਕ ਦਾ ਕਤਲ ਕਿਤੇ ਹੋਰ ਕਰ ਦੇਵੀਂ ਤੇ ਨੀਂਹ ਪੱਥਰ ਵੇਲੇ ਇਹਦਾ ਖ਼ੂਨ ਚੜ੍ਹਾ ਦੇਵੀਂ ਬੱਸ। (ਮੁੱਠ ਵਿੱਚ ਕੁਝ ਘੁੱਟਦਾ ਹੋਇਆ) ਹੀ...ਹੀ...ਹੀ ਦੇਵਤੇ ਸਾਡੇ 'ਤੇ ਖ਼ੁਸ਼ ਹੋਣਗੇ ਤੇ ਅਸੀਂ ਤੈਨੂੰ ਧੰਨ ਦੌਲਤ ਨਾਲ ਹੋਰ ਵੀ ਮਾਲਾ ਮਾਲ ਕਰ ਦਿਆਂਗੇ। ਫੇਰ ਧਰਮ ਦੀ ਰੱਖਿਆ ਲਈ ਬਲੀ ਤਾਂ ਲੈਣੀ ਹੀ ਹੈ ਨਾ...?

ਗੁੰਡਾ : ਸਮਝ ਗਿਆ ਮਹਾਰਾਜ...ਹਾ...ਹਾ...ਹਾ! (ਜਾਣ ਲੱਗਦਾ ਹੈ)

ਧਰਮ ਗੁਰੂ : ਜ਼ਰਾ ਠਹਿਰ! ਸੁਣ! ਬਲੀ ਲੈਣ ਤੋਂ ਪਹਿਲਾਂ ਉਹਦੀ ਜੇਬ ਵਿੱਚੋਂ ਪੂਛ ਜਰੂਰ ਕੱਢ ਲਵੀਂ! ਪਵਿੱਤਰ ਪੂਛ ਨੂੰ ਝਰੀਟ ਵੀ ਨਹੀਂ ਲੱਗਣੀ ਚਾਹੀਦੀ।

ਗੁੰਡਾ : ਤੁਸੀਂ ਚਿੰਤਾ ਨਾ ਕਰੋ ਧਰਮ ਗੁਰੂ...ਚੰਗਾ ਫਿਰ ਧਰਮ ਦੀ ਜੈ ਹੋਵੇ...। (ਜਾਂਦਾ ਹੈ)

ਧਰਮ ਗੁਰੂ : (ਜਾ ਕੇ ਬੈਠੇ ਹੋਏ ਪਾਗਲ ਨੂੰ ਲੱਤ ਮਾਰਦਾ ਹੋਇਆ) ਦੁਸ਼ਟ ਪਾਪੀਆ! ਤੂੰ ਮੇਰੇ ਢਿੱਡ 'ਤੇ ਲੱਤ ਮਾਰੀ ਹੈ, ਮੈਂ ਤੇਰੀ ਪਿੱਠ

'ਤੇ ਮਾਰਦਾ ਹਾਂ...(ਲੱਤ ਮਾਰਦਾ ਹੋਇਆ) ਲੈ...ਹੋਰ ਲੈ...ਸਿੱਧਾ ਨਰਕਾਂ ਨੂੰ ਜਾਵੇਂਗਾ... ਹਰਾਮੀ ਦਿਆ ਪੁੱਤਾ। (ਜਾਂਦਾ ਹੈ)

ਪਾਗਲ : (ਹੱਸਦਾ ਹੋਇਆ) ਸਾਰਿਆਂ ਨੂੰ ਆਪੋ ਆਪਣੇ ਢਿੱਡ ਦੀ ਪਈ ਹੋਈ ਏ ...(ਉਠੱਦਾ ਹੋਇਆ ਪਿਛੋਂ ਬੋਲਦਾ ਹੈ) ਉਇ ਦੰਭੀ ਧਰਮ ਗੁਰੂ! ਹੁਣ, ਉਹ ਵੇਲਾ ਆਉਣ ਵਾਲਾ ਏ ਜਦੋਂ ਤੈਨੂੰ ਕੋਈ ਘਾਹ ਨਹੀਂ ਪਾਏਗਾ ... ਜਦ ਤੈਨੂੰ ਵੀ ਢਿੱਡ ਦੀ ਖ਼ਾਤਿਰ ਕੰਮ ਕਰਨਾ ਪਵੇਗਾ... ਹਾਂ ਕੰਮ ਕਰਨਾ ਪਵੇਗਾ ...।

ਸਿਪਾਹੀ : (ਢਿੱਡ ਤੇ ਹੱਥ ਫੇਰਦਾ ਹੋਇਆ ਆਉਂਦਾ ਹੈ) ਕੁਝ ਮੇਰੇ ਢਿੱਡ ਦਾ ਵੀ ਫਿਕਰ ਕਰ ਬਈ!

ਪਾਗਲ : ਜੂੰਆਂ ਹੈਗੀਆਂ ਈ ਮੇਰੇ ਸਿਰ ਵਿੱਚ, ਚੁਣ-ਚੁਣ ਕੇ ਖਾ ਲੈ...ਬਾਂਦਰ ਵਾਂਗ।

ਸਿਪਾਹੀ : ਉਇ ਸਾਲਿਆ! ਬੇਇੱਜ਼ਤੀ ਕਰਦਾ ਏਂ ਮੇਰੀ?

ਪਾਗਲ : ਓਹੋ! ਕਿੰਨੇ ਗੰਦੇ ਬੂਟ ਨੇ ਤੇਰੇ ... ਮੈਨੂੰ ਵੀ ਗੰਦਾ ਕਰ ਦਿੱਤਾ...।

ਸਿਪਾਹੀ : ਕੀ ਕਰਾਂ ਯਾਰ! ਚੌਂਕ 'ਚ ਇਧਰ ਓਧਰ ਖੜੋਤੇ ਲਵਾਰਿਸ ਪਸ਼ੂਆਂ ਦਾ ਗੋਹਾ ਜੋ ਖਿਲਰਿਆ ਪਿਆ ਏ! ਪਤਾ ਨਹੀਂ ਇਹ ਧਾਰਮ ਰੱਖਿਅਕ ਲੋਕ ਪਸ਼ੂਆਂ ਨੂੰ ਘਰੋਂ ਬਾਹਰ ਕਿਉਂ ਕੱਢ ਦਿੰਦੇ ਨੇ?

ਪਾਗਲ : (ਹੱਸਦਾ ਹੋਇਆ) ਇਹ ਵੀ ਪਾਪੀ ਪੇਟ ਦਾ ਸਵਾਲ ਹੈ ਸੰਤਰੀ ਜੀ! ਕੌਣ ਭਰੇ ਵੱਡੇ ਵੱਡੇ ਢਿੱਡ ਇਹਨਾਂ ਭੁੱਖੇ ਪਸ਼ੂਆਂ ਦੇ?

ਸਿਪਾਹੀ : ਠੀਕ ਆ! ਠੀਕ ਆ! (ਪੈਰ ਅੱਗੇ ਕਰਦਾ ਹੋਇਆ) ਮੇਰੇ ਬੂਟ ਸਾਫ਼ ਕਰ।

ਪਾਗਲ : ਮੇਰੇ ਕੋਲ ਕੋਈ ਕਪੜਾ ਤੇ ਹੈ ਨਹੀਂ, ਹਾਂ...ਇਹ ਪੂਛ...?

ਸਿਪਾਹੀ : ਨਾ-ਨਾ-ਨਾ ਇਹ ਪਵਿੱਤਰ ਪੂਛ ਏ! ਤੂੰ ਆਪਣੀ ਕਮੀਜ਼ ਨਾਲ ਸਾਫ਼ ਕਰ।

ਪਾਗਲ : ਫੇਰ ਤੇ ਹੋਰ ਵੀ ਗੰਦੇ ਹੋ ਜਾਣੇ ਨੇ ਤੇਰੇ ਬੂਟ!
...ਚੱਲ ਮੈਨੂੰ ਕੀ? (ਕਮੀਜ਼ ਨਾਲ ਸਾਫ਼ ਕਰਦਾ ਹੋਇਆ) ਲੱਗਦੈ ਇੰਪੋਰਟਡ ਨੇ!

ਸਿਪਾਹੀ : ਹੁਣ ਤੇਰੇ ਤੋਂ ਕਾਹਦਾ ਲੁਕਾਅ...(ਹੌਲੀ ਨਾਲ) ਇੱਕ ਬਲੈਕੀਏ

ਤੋਂ ਮੁੱਛੇ ਸੀ...! ਖਾਲਿਸ ਲੈਦਰ ਦੇ ਨੇ! ਪਿਓਰ ਚਮੜਾ...! (ਇਸੇ ਸਮੇਂ ਇੱਕ ਹੋਰ ਜਲੂਸ ਆਉਂਦਾ ਹੈ।)

ਭੀੜ : ਜਿੱਤੇਗਾ! ਬਈ ਜਿੱਤੇਗਾ! ਸੂਰਜ ਵਾਲਾ ਜਿੱਤੇਗਾ!!

ਰਾਜ ਨੇਤਾ : ਭੈਣੋ ਤੇ ਭਰਾਵੋ! ਇਹ ਚੋਣਾਂ ਸਾਡੀ ਬਰਾਦਰੀ ਵਾਲਿਆਂ ਲਈ ਬੜੀਆਂ ਅਹਿਮ ਚੋਣਾਂ ਹਨ। ਜੇਕਰ ਅਸੀਂ ਇਹ ਚੋਣਾਂ ਜਿੱਤ ਗਏ ਤਾਂ ਸਮਝੋ...।

ਪਾਗਲ : (ਗੱਲ ਪੂਰੀ ਕਰਦਾ ਹੋਇਆ) ਤਰ ਗਏ!

ਰਾਜ ਨੇਤਾ : ਹਾਰ ਗਏ ਤਾਂ ਸਮਝੋ...।

ਪਾਗਲ : ਮਰ ਗਏ!

ਰਾਜ ਨੇਤਾ : ਇਹ ਭਾਈ ਸਾਹਿਬ ਨੇ ਬਿਲਕੁੱਲ ਠੀਕ ਫ਼ੁਰਮਾਇਆ! ਦਰਅਸਲ ਇਹ ਚੋਣਾਂ ਨਹੀਂ! ਸਾਡੇ ਲਈ ਜੀਣ ਮਰਨ ਦਾ ਸਵਾਲ ਹੈ ।

ਇੱਕ : ਲੱਗਦੈ ਇਹ ਵੀ ਸਾਡੀ ਜ਼ਾਤ ਦ ਾਏ!

ਦੋ : ਤਾਂ ਹੀ ਤੇ ਸਾਡੀ ਰੈਲੀ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਰਿਹੈ!

ਪਾਗਲ : ਪਰ ਮੈਂ ਤੇ ਪਾਗਲ ਆਂ! ...ਪਾਗਲ...(ਉੱਚੀ ਸਾਰੀ ਹੱਸਦਾ ਹੈ) ਹਾ-ਹਾ-ਹਾ...।

ਤਿੰਨ : ਪਰ ਤੇਰੀ ਜ਼ਾਤ ਕਿਹੜੀ ਏ?

ਪਾਗਲ : ਫੁੱਟਪਾਥ! (ਸਾਰੇ ਹੱਸਦੇ ਹਨ)

ਚਾਰ : ਇਹ ਕਿਹੋ ਜਿਹੀ ਜ਼ਾਤ ਹੋਈ ਭਲਾ? ਪਹਿਲਾਂ ਤੇ ਕਦੇ ਸੁਣੀ ਨਹੀਂ?

ਪਾਗਲ : ਇਸੇ ਫੁੱਟਪਾਥ ਨੇ ਪਾਲ ਪੋਸ਼ ਕੇ ਮੈਨੂੰ ਵੱਡਾ ਕੀਤਾ ਸੀ।

ਪੰਜ : ਸਮਝ ਗਿਐ! ਨੀਵੀਂ ਜ਼ਾਤ ਹੈ ਇਹ ਵੀ!

ਪਾਗਲ : ਤੁਹਾਡੀ ਕਿਹੜੀ ਜ਼ਾਤ ਏ?

ਰਾਜ ਨੇਤਾ : ਬਹੁਤ ਉੱਚੀ ਜ਼ਾਤ ਏ ਸਾਡੀ! ਅਸੀਂ ਸੂਰਜਵੰਸ਼ੀ ਹੁੰਦੇ ਆਂ!

ਇੱਕ : ਸੂਰਜ ਵਾਂਗ ਉੱਚੇ!

ਦੋ : (ਝੰਡਾ ਵਿਖਾਉਂਦਾ ਹੋਇਆ) ਵੇਖਿਆ ਨਹੀਂ ਸਾਡਾ ਚੋਣ ਨਿਸ਼ਾਨ ਸੂਰਜ!

ਪਾਗਲ : ਪਰ ਸੂਰਜ ਤਾਂ ਸਾਰਿਆਂ ਦਾ ਸਾਂਝਾ ਹੈ।

ਤਿੰਨ : ਨਹੀਂ! ਇਹ ਸਿਰਫ਼ ਸਾਡਾ ਸੂਰਜਵੰਸ਼ੀਆਂ ਦਾ ਏ।

ਚਾਰ : ਆਵਾਜ਼ ਦਿਓ ...।

ਸਾਰੇ : ਅਸੀਂ ਏਕ ਹਾਂ...।

ਪੰਜ : ਆਵਾਜ਼ ਦਿਓ...।

ਪਾਗਲ : (ਹੱਥ ਚੱਕ ਕੇ) ਅਸੀਂ ਅਨੇਕ ਹਾਂ! ...।

ਸਾਰੇ : ਅਸੀਂ ਸਾਰੇ ਇੱਕੋ ਵਾਰੀ 'ਚ ਤੇਰੇ ਅਨੇਕ ਟੋਟੇ ਕਰ ਦਿਆਂਗੇ! (ਗਲਮੇ ਤੋਂ ਫੜਦੇ ਹਨ)

ਰਾਜ ਨੇਤਾ : ਸ਼ਾਂਤ ਰਹੋ ਭਰਾਵੋ! ਫੁੱਟ ਪਾਥ ਦੀ ਜ਼ਾਤ ਵਾਲੇ ਨਾਲ ਸਾਡਾ ਉਲਝਣਾ ਸ਼ੋਭਾ ਨਹੀਂ ਦਿੰਦਾ। (ਸਾਰੇ ਉਸ ਨੂੰ ਛੱਡ ਦਿੰਦੇ ਹਨ)

ਸਾਰੇ : ਤੁਸੀਂ ਆਪਣਾ ਭਾਸ਼ਨ ਜਾਰੀ ਰੱਖੋ ਜੀ!

ਰਾਜ ਨੇਤਾ : ਅਸੀਂ ਸੂਰਜਵੰਸ਼ੀ ਜੇਕਰ ਸੱਤਾ ਵਿੱਚ ਆ ਗਏ ਤਾਂ ਸਾਰੇ ਧਰਤੀ ਵਾਸੀਆਂ ਨੂੰ ਇੱਕੋ ਜਿਹੇ ਮੌਕੇ ਪ੍ਰਦਾਨ ਕਰਾਂਗੇ।

ਸਾਰੇ : ਜਿੱਤੇਗਾ ਬਈ ਜਿੱਤੇਗਾ! ਸੂਰਜ ਵਾਲਾ ਜਿੱਤੇਗਾ।

ਰਾਜ ਨੇਤਾ : ਅਸੀਂ ਕਿਸਾਨਾਂ ਨੂੰ ਖੇਤੀਬਾੜੀ ਲਈ ਚੰਗੀ ਖਾਦ ਤੇ ਚੰਗੇ ਬੀਜ ਦਿਆਂਗੇ! ਤਾਂ ਕਿ ਉਹ ...।

ਪਾਗਲ : ਤੁਹਾਡੇ ਲਈ ਅੰਨ ਉਪਜਾ ਸਕਣ! ਭਾਵੇਂ ਖੁਦ ਭੁੱਖੇ ਈ ਰਹਿਣ...।

ਰਾਜ ਨੇਤਾ : ਅਸੀਂ ਬੀਮਾਰ ਫਸਲਾਂ ਦੇ ਲਈ ਕੀੜੇਮਾਰ ਦਵਾਈਆਂ ਦੇਵਾਂਗੇ, ਤਾਂ ਕਿ ...

ਪਾਗਲ : ਪਰ ਵਰਤਮਾਨ ਫਸਲਾਂ ਨੂੰ ਤਾਂ ਭ੍ਰਿਸ਼ਟਾਚਾਰ ਦਾ ਕੀੜਾ ਲੱਗ ਚੁੱਕਾ ਹੈ ਨੇਤਾ ਜੀ! ਤੁਹਾਡੀਆਂ ਦਵਾਈਆਂ ਕਿਸੇ ਕੰਮ ਦੀਆਂ ਨਹੀਂ...।

ਰਾਜ ਨੇਤਾ : ਕੀ ਮਤਲਬ?
(ਪਾਗਲ ਆਪਣੇ ਝੋਲੇ ਵਿੱਚੋਂ ਕੁਝ ਕੱਢਦਾ ਹੈ।)

ਪਾਗਲ : (ਇੱਕ ਪੁਰਾਣੀ ਅਖ਼ਬਾਰ ਦਿੰਦਾ ਹੋਇਆ) ਜੇ ਉਹ ਕੀੜੇਮਾਰ ਦਵਾਈਆਂ ਵਾਲਾ ਘਪਲਾ ਚੇਤੇ ਨਾ ਹੋਵੇ ਤਾਂ ਇਹ ਅਖ਼ਬਾਰ ਪੜ੍ਹ ਲਵੋ!

ਰਾਜ ਨੇਤਾ : ਪਰ ਉਹਨਾਂ ਦੇ ਨਮੂਨੇ ਤਾਂ ਲੈਬਾਰਟਰੀਆਂ ਨੇ ਪਾਸ ਕਰ ਦਿੱਤੇ ਸਨ ...ਫਿਰ...।

ਪਾਗਲ : ਪਾਸ ਨਹੀਂ ਕੀਤੇ ਸਨ...ਪਾਸ ਕਰਵਾਏ ਗਏ ਸਨ ਉਹ ਨਕਲੀ ਨਮੂਨੇ। ਕਿਉਂਕਿ ਉਹ ਲੈਬਾਰਟਰੀਆਂ ਵੀ ਤਾਂ ਤੁਹਾਡੀਆਂ ਈ ਸਨ। ਖੁਦ ਈ ਚੋਰ ਤੇ ਖੁਦ ਈ ਜੱਜ...। ਹਾ-ਹਾ-ਹਾ ... ਤੇ ਉਹ ਕੇਂਦਰ ਦੀਆਂ ਲੈਬਾਰਟਰੀਆਂ ਦੀ ਕੀ ਰਿਪੋਰਟ ਸੀ? ਇਹ ਵੀ ਤਾਂ ਦੱਸਿਓ ਜ਼ਰੋ?

ਰਾਜ ਨੇਤਾ : ਕੇਂਦਰ ਦੀ ਸਰਕਾਰ ਤਾਂ ਹਮੇਸ਼ਾਂ ਤੋਂ ਸਾਡੇ ਖ਼ਿਲਾਫ਼ ਰਹੀ ਏ? ਉਹਨਾਂ ਨੇ ਜਾਣ ਬੁੱਝ ਕੇ ਐਸੀ ਰਿਪੋਰਟ...।

ਪਾਗਲ : ਤੁਹਾਡੀਆਂ ਕੀੜੇਮਾਰ ਦਵਾਈਆਂ ਮੱਛਰ ਤੇ ਮਾਰ ਨਹੀਂ ਸਕਦੀਆਂ ਨੇਤਾ ਜੀ?

ਰਾਜ ਨੇਤਾ : ਤੂੰ ਮੱਛਰ ਦੀ ਗੱਲ ਕਰਦੈਂ! ਤੈਨੂੰ ਪਤਾ ਕਿੰਨੀਆਂ ਔਰਤਾਂ ਨੇ ਇਹੀ ਦਵਾਈਆਂ ਖਾ ਕੇ ਆਤਮ ਹੱਤਿਆ ਕਰ ਲਈ ਸੀ! ਜਾਣਦੇ ਹੋ? ...

ਪਾਗਲ : ਫੇਰ ਉਹ ਪਹਿਲਾਂ ਦੀਆਂ ਦਵਾਈਆਂ ਹੋਣਗੀਆਂ? ਜਦੋਂ ਖ਼੍ਰੀਦ ਕਮੇਟੀਆਂ ਦੇ ਚੇਅਰਮੈਨ ਵਿਕਦੇ ਨਹੀਂ ਸਨ।

ਰਾਜ ਨੇਤਾ : ਭਰਾਵੋ! ਇਹ ਸਾਡੇ 'ਤੇ ਗ਼ਲਤ ਇਲਜ਼ਾਮ ਲਗਾ ਰਿਹੈ ਤੇ ਤੁਸੀਂ ਚੁੱਪ ਚਾਪ ਖੜ੍ਹੇ ਦੇਖ ਰਹੇ ਹੋ? ਮਾਰ ਦੇਵੋ ਇਹਦੇ ਦਿਮਾਗ ਦੇ ਸਾਰੇ ਕੀੜੇ ...ਭੜਥਾ ਬਣਾ ਦੇਵੋ ਇਸ ਦਾ। ਜਰੂਰ ਇਹ ਕੋਈ ਵਿਦੇਸ਼ੀ ਜਸੂਸ ਹੈ।

ਇੱਕ : ਇਹ ਪਾਗਲ ਬਿਲਕੁਲ ਠੀਕ ਕਹਿੰਦਾ ਹੈ ...ਤੂੰ ਭ੍ਰਿਸ਼ਟ ਏਂ!

ਰਾਜ ਨੇਤਾ : ਮੈਂ...ਭ੍ਰਿਸ਼ਟ? ਤੁਸੀਂ ਇੱਕ ਸੂਰਜਵੰਸ਼ੀ 'ਤੇ ਇਹ ਦੋਸ਼ ਲਗਾ ਰਹੇ ਹੋ? ਤੁਸੀਂ ਮੇਰੀ ਆਪਣੀ ਜ਼ਾਤ ਵਾਲੇ?

ਦੋ : ਤੂੰ ਸਮਾਜ ਦਾ ਕੋਹੜ ਏਂ?

ਰਾਜ ਨੇਤਾ : ਜਿੱਤੇਗਾ ਬਈ ਜਿੱਤੇਗਾ! ......(ਕੋਈ ਜੁਆਬ ਨਹੀਂ ਦਿੰਦਾ)

ਚਾਰ : ਅਸੀਂ ਫਸਲਾਂ ਬਰਬਾਦ ਨਹੀਂ ਕਰਨੀਆਂ!

ਪੰਜ : ਅਸੀਂ ਕਿਸੇ ਯੋਗ ਤੇ ਇਮਾਨਦਾਰ ਨੇਤਾ ਨੂੰ ਵੋਟ ਦਿਆਂਗੇ।

ਸਾਰੇ : ਚਾਹੇ ਉਹ ਕਿਸੇ ਵੀ ਜ਼ਾਤ ਦਾ ਹੋਵੇ!
(ਸਾਰੇ ਚਲੇ ਜਾਂਦੇ ਹਨ)

ਰਾਜ ਨੇਤਾ : (ਪਿੱਛੇ ਪਿੱਛੇ) ਭਰਾਵੋ! ਰੁਕੋ! ...ਠਹਿਰੋ! ਅਸੀਂ ਸੂਰਜਵੰਸ਼ੀ

...ਉਹ...।

ਪਾਗਲ : (ਨਾਅਰਾ ਲਾਉਂਦਾ ਹੈ) ਜਿੱਤੇਗਾ ਬਈ ਜਿੱਤੇਗਾ ...ਈਮਾਨ ਵਾਲਾ ਜਿੱਤੇਗਾ! (ਚੱਕਰ ਲਗਾ ਕੇ ਬੈਠਦਾ ਹੈ)

ਰਾਜ ਨੇਤਾ : (ਤਾੜੀ ਵਜਾਉਂਦਾ ਹੈ ਤੇ ਗੁੰਡਾ ਹਾਜ਼ਰ ਹੁੰਦਾ ਹੈ) ਲੱਗਦਾ ਹੈ ਹੁਣ ਹਵਾ ਮੇਰੇ ਖ਼ਿਲਾਫ਼ ਹੋ ਗਈ ਹੈ ... ਉਸ ਪਾਗਲ ਕਰਕੇ।

ਗੁੰਡਾ : ਜੇ ਤੁਸੀਂ ਕਹੋ ਤਾਂ ਮੈਂ ਸਾਲੇ ਨੂੰ ਹੁਣੇ ਈ ਫੁੱਟਪਾਥ ਦੀ ਧੂੜ ਚਟਾ ਦਿਆਂਗਾ।

ਰਾਜ ਨੇਤਾ : ਉਹ ਤੇ ਕਈ ਸਾਲਾਂ ਤੋਂ ਚੱਟ ਹੀ ਰਿਹਾ ਹੈ ...ਹੁਣ ਤੇ ਟਿਕਾਣੇ ਲਗਾ ਦੇ ਉਸ ਨੂੰ ... ਇਸ ਤਰਾਂ ਦੇ ਪਾਗਲ ਲੋਕਤੰਤਰ ਲਈ ਖ਼ਤਰਾ ਹਨ।

ਗੁੰਡਾ : ਠੀਕ ਹੈ ਤੇ ਅੱਜ ਰਾਤ ਹੀ ...।

ਰਾਜ ਨੇਤਾ : ਹਾਂ ...ਅੱਜ ਰਾਤ ਹੀ...। ਪਰ ਸਾਵਧਾਨੀ ਨਾਲ! ਕਿਤੇ ਮੇਰੇ ਨਾਂ ਦੀ ਧੂੜ ਨਾ ਨਿਕਲੇ ...। (ਗੁੰਡਾ ਜਾਂਦਾ ਹੈ) ਸੁਣ ਜ਼ਰਾ ...ਉਹ ਬੂਥਾਂ 'ਤੇ ਕਬਜ਼ਾ ਕਰਨ ਵਾਲਿਆਂ ਨੂੰ ਕੋਠੀ ਭੇਜ ਦੇਵੀਂ! ਹੁਣ ਜਨਤਾ ਦੀ ਮੁਕਤੀ ਦਾ ਇਹੀ ......।

ਸਿਪਾਹੀ : (ਪਿੱਠ ਮੋੜ ਕੇ) ਮੈਂ ਕੁਝ ਨਹੀਂ ਸੁਣਿਆ ਨੇਤਾ ਜੀ!

ਰਾਜ ਨੇਤਾ : ਠੀਕ ਹੈ ...ਤੇ ਅੱਜ ਰਾਤ ਅੱਖਾਂ ਵੀ ਬੰਦ ਕਰ ਲਵੀਂ ਤੇ ਮੂੰਹ ਵੀ ...ਸਾਡੀ ਸਰਕਾਰ ਆਉਂਦਿਆਂ ਈ ਤੇਰੀ ਤਰੱਕੀ ਪੱਕੀ...। (ਸਿਪਾਹੀ ਸਲੂਟ ਮਾਰਦਾ ਹੈ)

ਰਾਜ ਨੇਤਾ : (ਬਾਹਰ ਜਾਣ ਲੱਗਿਆਂ ਪਾਗਲ ਦੀ ਪਿੱਠ 'ਤੇ ਲੱਤ ਮਾਰਦਾ ਹੋਇਆ) ਕੁੱਤਿਆ...ਹਰਾਮੀਆਂ... ਮੇਰੀ ਹੋਣ ਵਾਲੀ ਕੁਰਸੀ ਨੂੰ ਲੱਤ ਮਾਰਦਾ ਸੀ ...! (ਪਾਗਲ ਹੂੰਗਦਾ ਹੋਇਆ ਲੇਟਿਆ ਹੈ ਤੇ ਪੰਜੇ ਵਿਅਕਤੀ ਰਲ ਕੇ ਗਾਉਂਦੇ ਹਨ।)

ਪੰਜੇ : ਰਾਤ ਹੋਈ ਤਾਂ ਭੋਲਾ ਪਾਗਲ, ਵਿੱਚ ਚੌਰਾਹੇ ਲੇਟ ਗਿਆ।
ਭੁੱਖਾ ਪਿਆਸਾ ਕੁੱਟ ਖਾ ਰੱਜ ਕੇ ਪੇਟ ਨੂੰ ਫੜ ਕੇ ਲੇਟ ਗਿਆ।
(ਇਹ ਲਾਈਨਾਂ ਪਿੱਠ ਭੂਮੀ ਤੋਂ ਵੀ ਗਾਈਆਂ ਜਾ ਸਕਦੀਆਂ ਹਨ।)

(ਗੁੰਡਾ ਇੱਕ ਕੌਲੇ ਵਿੱਚ ਚੌਲ ਲਿਆ ਕੇ ਪਾਗਲ ਨੂੰ ਦਿੰਦਾ

ਹੈ।)

ਗੁੰਡਾ : ਲੈ ਬਈ! ਚੌਲ ਖਾ ਲੈ! ਨੇਤਾ ਜੀ ਨੇ ਭੇਜੇ ਨੇ।

ਪਾਗਲ : ਪਰ ਵੋਟ ਨਹੀਂ ਪਾਵਾਂਗਾ ਉਸ ਨੂੰ...ਹਾਂ, ਕਹਿ ਦੇਵੀਂ ਉਸ ਨੂੰ ...ਹਾਂ ...।

ਗੁੰਡਾ : ਤੇਰੀ ਵੋਟ ਤੇ ਮੈਂ ਪਾ ਆਵਾਂਗਾ ...ਚੰਗਾ ਚੌਲ ਆਹ ਖਾ ਲੈ ਹੁਣ...।

ਪਾਗਲ : ਅਜੀਬ ਦੁਨੀਆ ਏ ਇਹ! ਦਿਨੇ ਲੱਤਾਂ ਦੀ ਮਾਰ ਖਵਾਉਂਦੀ ਏ ਤੇ ਰਾਤ ਨੂੰ ਚੌਲ ਖਵਾਉਂਦੀ ਏ! ਚੰਗਾ ਭਾਈ ਲਿਆ ਰੱਖ ਦੇ ਖਾ ਲਵਾਂਗਾ ...ਜ਼ਰਾ ਠੰਡੇ ਹੋ ਜਾਣ!

ਗੁੰਡਾ : (ਜਾਂਦਾ ਹੋਇਆ ਆਪਣੇ ਆਪ ਨਾਲ) ਖਾਂਦਿਆਂ ਹੀ ਠੰਡਾ ਹੋ ਜਾਵੇਗਾ ਸਾਲਾ ... ਦਿਮਾਗ ਦੇ ਸਾਰੇ ਕੀੜੇ ਮਾਰ ਦੇਵੇਗੀ ਇਹ ਅਸਲੀ ਦਵਾਈ ...ਹਾ-ਹਾ-ਹਾ ...।

(ਪਾਗਲ ਇਸ ਤਰਾਂ ਅਭਿਨੈ ਕਰ ਰਿਹਾ ਹੈ ਜਿਵੇਂ ਉਹਦੇ ਕੋਲ ਕੁੱਤਾ ਖੜਾ ਹੋਵੇ।)

ਪਾਗਲ : ਆ ਮੇਰੇ ਦੋਸਤ! ਮੇਰੇ ਸਾਥੀ! ਲੱਗਦੈ ਤੈਨੂੰ ਵੀ ਬਹੁਤ ਭੁੱਖ ਲੱਗੀ ਹੈ। ਚੱਲ ਆ ਤੂੰ ਖਾ ਲੈ ਪਹਿਲਾਂ! ਮੈਂ ਤੇ ਅੱਜ ਬੜੀ ਮਾਰ ਖਾਧੀ ਆ! (ਮੂੰਹ ਨਾਲ ਸ਼ਿਸ਼ਕਾਰਦਾ ਹੋਇਆ) ਖਾ ਲੈ ...ਸ਼ਾਬਾਸ਼ ...। ਸਾਡੀ ਦੋਹਵਾਂ ਦੀ ਕਿਸਮਤ ਵੀ ਇੱਕੋ ਜਿਹੀ ਹੈ। ਤੇਰਾ ਘਰ ਵੀ ਇਹ ਚੌਂਕ ਤੇ ਮੇਰਾ ਘਰ ਵੀ ਇਹ...ਹੈਂ ... ਇਹ ਕੀ? ਕੁੱਤਾ ਤੜਪ ਰਿਹਾ ਹੈ...ਮੋਤੀ ...ਮੋਤੀ...ਓ ਮੋਤੀ ...ਉੱਠ ਮੇਰੇ ਭਾਈ ਉੱਠ! ...ਹੈਂ? ਇਹ ਤੇ ਠੰਡਾ ਵੀ ਹੋ ਗਿਆ ...ਇਹਨਾਂ ਚੌਲਾਂ ਵਿੱਚ ਕਿਤੇ ਜ਼ਹਿਰ ...ਕੀੜੇ ਮਾਰ ਦਵਾਈ ...ਅਸਲੀ ...ਸਮਝ ਗਿਆ ...ਓ ਮੰਤਰੀ ਜੀ ਰੁਕੋ ਤਾਂ ...ਵੇਖੋ ...ਇਹ ਜ਼ਹਿਰ ...ਮੋਤੀ ... ਠਹਿਰੋ ਤੇ ਸਹੀ ...ਨੇਤਾ ਜੀ ਨੇ ਸਭ ਕੁਝ ...।

ਸਿਪਾਹੀ : (ਦੂਰੋਂ ਹੀ) ਬਕਵਾਸ ਨਾ ਕਰ ਉਏ! ...ਕਿਸੇ ਸ਼ਰੀਫ਼ ਆਦਮੀ 'ਤੇ ਇਲਜ਼ਾਮ ਲਗਾਉਂਦਾ ਏਂ ਮਾਰ ਖਾਵੇਂਗਾ ...ਪਿਆ ਰਹਿ ਚੁੱਪ ਚਾਪ ਇਥੇ...।

ਪਾਗਲ : ਜ਼ਰਾ ਆ ਕੇ ਵੇਖੋ ਤਾਂ ਸਹੀ! ... ਤਫ਼ਤੀਸ਼ ਕਰੋ!

ਸਿਪਾਹੀ : ਉਏ ਮਰੇ ਹੋਏ ਕੁੱਤੇ ਦੀ ਤਫ਼ਤੀਸ਼? ...ਹਾ-ਹਾ-ਹਾ ਪਾਗਲ ਏਂ ਨਾ! ਬਕਵਾਸ ਨਾ ਕਰ ... ਮੈਂ ਗਸ਼ਤ ਤੇ ਜਾਣਾ ਏ ...ਕਈਆਂ ਤੋਂ ਹਿੱਸਾ ਲੈਣਾ ਏ ...।

ਪਾਗਲ : ਇਹ ਕੌਲਾ...ਇਹ ਚੌਲ...ਲੈਬਾਰਟਰੀ 'ਚ ਲੈ ਕੇ ਜਾਓ ਇਸ ਨੂੰ...!

ਸਿਪਾਹੀ : ਤੂੰ ਵੀ ਚੁੱਪ ਕਰਕੇ ਚੌਲ ਖਾਲੈ! ਨਹੀਂ ਤੇ ਡੰਡੇ ਖਾਏਂਗਾ ...ਖਾ ਲੈ ਤੂੰ ਵੀ ...ਹਮੇਸ਼ਾਂ ਲਈ ਭੁੱਖ ਮਰ ਜਾਵੇਗੀ ਤੇਰੀ ਵੀ। (ਹੱਸਦਾ ਹੋਇਆ ਬਾਹਰ ਜਾਂਦਾ ਹੈ।)

(ਪਾਗਲ ਰੋਂਦਾ ਰੋਂਦਾ ਲੇਟ ਜਾਂਦਾ ਹੈ ਤੇ ਕੁੱਤੇ ਨੂੰ ਥਾਪੀ ਦਿੰਦਾ ਹੈ। ਸੌਂ ਜਾ ਮੋਤੀ ਸੌਂ ਜਾ! ਸੌਂ ਜਾ ਮੋਤੀ ਸੌਂ ਜਾ! (ਚੁੱਪ ਹੋ ਜਾਂਦਾ ਹੈ। ਤਦ ਦੂਜਾ ਗੁੰਡਾ ਆਉਂਦਾ ਹੈ)

ਗੁੰਡਾ : (ਆਪਣੇ ਆਪ ਵਿੱਚ) ਲੱਗਦਾ ਸੌਂ ਗਿਆ ਸਾਲਾ! ਇਹਨੂੰ ਚੁੱਕ ਕੇ ਹਨੇਰੇ ਵੱਲ ਲੈ ਜਾਂਦਾ ਹਾਂ, ਇਥੇ ਤਾਂ ਕੋਈ ਵੇਖ ਲਵੇਗਾ ... ਇਹਦੀ ਬਲੀ ਨਾਲ ਦੇਵਤੇ ਧਰਮ ਗੁਰੂ 'ਤੇ ਪ੍ਰਸੰਨ ਹੋਣਗੇ ਤੇ ਧਰਮ ਗੁਰੂ ਮੇਰੇ 'ਤੇ ...ਹਾ-ਹਾ-ਹਾ ...।

ਪਾਗਲ : (ਚੀਕਦਾ ਹੋਇਆ ਉੱਠ ਕੇ ਦੂਰ ਖੜਾ ਹੋ ਜਾਂਦਾ ਹੈ) ਬਲੀ? ...ਕਿਸ ਦੀ ਬਲੀ ...?

ਗੁੰਡਾ : ਤੇਰੀ ਬਲੀ ਹੋਰ ਕਿਸ ਦੀ ...?

ਪਾਗਲ : ਪਰ ਮੈਂ ਤਾਂ ਇਨਸਾਨ ਹਾਂ ...ਬਲੀ ਤਾਂ ਪਸ਼ੂ ਦੀ ਦਿੱਤੀ ਜਾਂਦੀ ਏ ...।

ਗੁੰਡਾ : ਤੇਰੇ ਵਰਗਾ ਨਰ ਪਸ਼ੂ ਕਿੱਥੇ ਮਿਲੇਗਾ?

ਪਾਗਲ : (ਕੁੱਤੇ ਵੱਲ ਇਸ਼ਾਰਾ ਕਰਕੇ) ਇਸ ਨੂੰ ਲੈ ਜਾਹ! ਪਸ਼ੂ ਬਲੀ ਦੇ ਲਈ...।

ਗੁੰਡਾ : ਪਰ ਇਹ ਤਾਂ ਪਹਿਲਾਂ ਹੀ ਮਰਿਆ ਹੋਇਐ! ...ਹਾ-ਹਾ-ਹਾ ...।

ਪਾਗਲ : (ਦੌੜਦਾ ਹੋਇਆ ਚੱਕਰ ਲਗਾਉਂਦਾ ਹੈ) ਪੁਲੀਸ! ਪੁਲੀਸ ...ਬਚਾਓ! (ਇੱਕ ਦਮ ਖੜਾ ਹੋ ਕੇ ਤਰਕੀਬ ਸੋਚਦਾ ਹੈ) ਚੰਗਾ ਲੈ ਜਾ ਮੈਨੂੰ ਬਲੀ ਦੇ ਲਈ ...! ਪਰ ਪਾਪ ਦਾ ਭਾਗੀ ਬਣੇਂਗਾ ਤੂੰ!!!

ਗੁੰਡਾ : ਰੁਕ ਕੇ ...ਉਹ ਕਿਸ ਤਰਾਂ ...?

ਪਾਗਲ : ਮੇਰਾ ਇੱਕ ਅੰਗ ਭੰਗ ਹੋਇਆ ਹੈ।

ਗੁੰਡਾ : ਸਹੀ ਸਲਾਮਤ ਤੇ ਹੈ ਤੂੰ ...ਹੱਟਾ ਕੱਟਾ ...ਹੱਥ-ਪੈਰ, ਕੰਨ, ਅੱਖਾਂ ਸਭ ਕੁਝ ਠੀਕ ਠਾਕ ਏ!

ਪਾਗਲ : (ਹੱਸਦਾ ਹੋਇਆ) ਕੁਝ ਅੰਗ ਵਿਖਾਉਣ ਵਾਲੇ ਨਹੀਂ ਹੁੰਦੇ!

ਗੁੰਡਾ : ਪਰ ਉਹ ਅੰਗ ਕਦੋਂ? ਕਿਉਂ, ਤੇ ਕੀਹਨੇ ਕੱਟਿਆ?

ਪਾਗਲ : ਵੰਡ ਦੇ ਵੇਲੇ ਜੋ ਦੰਗੇ ਹੋਏ ...ਇੱਕ ਧਰਮ ਵਾਲੇ ਲੋਕ ਮੇਰੇ ਧਰਮ ਦੀ ਪਛਾਣ ਉਸ ਅੰਗ ਨਾਲ ਕਰਨਾ ਚਾਹੁੰਦੇ ਸਨ। (ਪਜਾਮਾ ਖੋਲ੍ਹਣ ਲੱਗਦਾ ਹੈ) ਕਹੋਂ ਤਾਂ ਵਿਖਾਵਾਂ ...?

ਗੁੰਡਾ : ਨਹੀਂ ...ਨਹੀਂ ...ਰਹਿਣ ਦੇ। ... ਜਿਹੜਾ ਆਪ ਹੀ ਕਿਸੇ ਕੰਮ ਦਾ ਨਹੀਂ ਉਹ ਧਰਮ ਦੇ ਕਿਸ ਕੰਮ ਆਵੇਗਾ? (ਚਲਾ ਜਾਂਦਾ ਹੈ)

ਪਾਗਲ : (ਖ਼ੁਸ਼ ਹੋ ਕੇ) ਚਲਾ ਗਿਆ ...। ਮੇਰੀ ਬਲੀ ਲੈਣ ਲੱਗਾ ਸੀ ਸਾਲਾ! ...ਸਾਰੇ ਅੰਗ ਠੀਕ ਨੇ ਮੇਰੇ ਕਿੰਨਾ ਸੋਹਣਾ ਬੇਵਕੂਫ਼ ਬਣਾਇਆ ਸਾਲੇ ਨੂੰ ...ਹਾ-ਹਾ-ਹਾ...।

ਅੱਜ ਦੂਜੀ ਵਾਰੀ ਆਈ ਹੋਈ ਮੌਤ ਟਲੀ ਹੈ ...ਕੱਲ੍ਹ ਛੱਡ ਦਿਆਂਗਾ ਇਸ ਚੌਂਕ ਨੂੰ ...।

(ਤਦ ਅਚਾਨਕ ਤੀਸਰਾ ਗੁੰਡਾ ਪ੍ਰਗਟ ਹੁੰਦਾ ਹੈ ਤੇ ਪਿਸਤੌਲ ਤਾਣਦਾ ਹੈ।)

ਗੁੰਡਾ : ਹੁਣ ਤੀਸਰੀ ਵਾਰ ਮੌਤ ...ਨਹੀਂ ਟਲੇਗੀ! ...ਸਾਡੇ ਪਾਵਨ-ਪਵਿੱਤਰ ਦੇਸ਼ ਦੇ ਦੁਸ਼ਮਨ! (ਗੋਲੀਆਂ ਦਾਗ਼ ਦਿੰਦਾ ਹੈ।)

ਪਾਗਲ : (ਮਰਦਾ ਮਰਦਾ ਦਰਦ ਨਾਲ) ਉਏ ਪਾਗਲ ਹਤਿਆਰਿਆ! ...ਤੂੰ ਮੈਨੂੰ ਤੇ ਮਾਰ ...ਲਿਆ! ...ਪਰ ਇਹ ਨਾ ਸਮਝੀਂ ...ਕਿ ਤੂੰ ਸੱਚ ਨੂੰ ਮਾਰ ਦਿੱਤਾ ਏ...! ਔਹ ਵੇਖ ਲੋਕ ਉੱਠ ਰਹੇ ਨੇ ...ਉਹ ਤੈਨੂੰ ਨਹੀਂ ਛੱਡਣਗੇ...ਉਹਨਾਂ ਨੂੰ ਪਤਾ ਲੱਗ ਗਿਆ ਹੈ ਕਿ ਸੱਚ ਕੀ ਹੈ ...(ਡਿੱਗਦਾ ਡਿੱਗਦਾ) ਮੋਤੀ ...ਮੋਤੀ...(ਪਿਆਰਦਾ ਹੋਇਆ) ...ਤੂੰ ਇਕੱਲਾ ਨਹੀਂ ਜਾਵੇਂਗਾ...ਇਹ ਚੌਂਕ ਛੱਡ ਕੇ ...ਮੈਂ ਵੀ ਆ ਰਿਹਾਂ...(ਗੁੰਡਾ ਹੱਸਦਾ ਹੋਇਆ ਦੌੜ੍ਹਨ ਦੀ ਕੋਸਿਸ਼ ਕਰਦਾ ਹੈ ਕਿ ਪੰਜੇ ਆ

ਕੇ ਉਸ ਨੂੰ ਘੇਰ ਲੈਂਦੇ ਹਨ।)

ਪੰਜੇ : (ਇਕੱਠੇ ਹੋ ਕੇ) ਔਹ ਰਿਹਾ ਹਥਿਆਰਾ! ਫੜ ਲਵੋ ਉਸ ਨੂੰ...।

ਗੁੰਡਾ : (ਪਿਸਤੌਲ ਤਾਣ ਕੇ) ਖ਼ਬਰਦਾਰ! ਨਹੀਂ ਤੇ ਭੁੰਨ੍ਹ ਕੇ ਰੱਖ ਦਿਆਂਗਾ ਇੱਕ ਇੱਕ ਨੂੰ!

ਪੰਜੇ : (ਇਕੱਠੇ ਹੋ ਕੇ) ਇੱਕ ਤੇ ਇੱਕ ਮਿਲ ਕੇ ਗਿਆਰਾਂ ਹੁੰਦੇ ਨੇ। (ਕਹਿੰਦਿਆਂ ਹੀ ਸਾਰੇ ਉਸ 'ਤੇ ਟੁੱਟ ਕੇ ਪੈ ਜਾਂਦੇ ਹਨ ਅਤੇ ਉਸ ਦਾ ਪਿਸਤੌਲ ਖੋਹ ਲੈਂਦੇ ਹਨ। ਉਸ ਦੇ ਹੱਥ ਉਪਰ ਕਰਵਾ ਕੇ ਗਾਉਂਦੇ ਗਾਉਂਦੇ ਚੱਕਰ ਲਗਾਉਂਦੇ ਹਨ।)

ਮਿਲ ਕੇ ਹੱਲਾ ਸਭ ਬੋਲੋ ਤਾਂ, ਕਾਤਿਲ ਕਾਬੂ ਆਵਣਗੇ!
ਨਹੀਂ ਤੇ ਪਿਆਰੇ ਗੁਲਿਸਤਾਨ 'ਤੇ ਖ਼ੂਨੀ ਬੱਦਲ ਛਾਵਣਗੇ!

(ਗੁੰਡੇ ਨੂੰ ਪੁਲੀਸ ਕੋਲ ਸੌਂਪ ਕੇ ਉਹ ਪਾਗਲ ਦੀ ਲਾਸ਼ ਨੂੰ ਪ੍ਰਣਾਮ ਕਰਦੇ ਹਨ ਤੇ ਚੁੱਕ ਕੇ ਚੱਕਰ ਲਗਾਉਂਦੇ ਹਨ।)

ਮਾਨਵ ਜੀਵਨ ਸੱਚ ਹੈ, ਸੱਚ ਹੈ ਬਈ ਸੱਚ ਹੈ।
ਮਾਨਵ ਜੀਵਨ ਸੱਚ ਹੈ, ਸੱਚ ਹੈ ਬਈ ਸੱਚ ਹੈ!

(ਸਮਾਪਤ)

# ਪਾਗਲ ਲੋਕ

ਪਾਤਰ:

1. ਜਨਤਾ
2. ਸਰਕਾਰ
3. ਪੁਲੀਸ ਅਫ਼ਸਰ
4. ਸਿਪਾਹੀ
5. ਪੂੰਜੀਪਤੀ
6. ਪਾਗਲ

(ਨਗਾਰੇ ਦੀ ਤਾਲ 'ਤੇ ਸਿਪਾਹੀ ਮੰਚ 'ਤੇ ਆਉਂਦਾ ਹੋਇਆ ਐਲਾਨ ਕਰਦਾ ਹੈ।)

ਸਿਪਾਹੀ : ਹੋਸ਼ਿਆਰ......... ਖ਼ਬਰਦਾਰ!!
ਇਸ ਦੇਸ਼ ਦੀ ਸ਼ਹਿਨਸ਼ਾਹ, ਸਾਡੀ ਸਰਕਾਰ, ਰਹੀ ਹੈ ਪਧਾਰ!!
ਹੋਸ਼ਿਆਰ......... ਖ਼ਬਰਦਾਰ!! ਸਰਕਾਰ, ਰਹੀ ਹੈ ਪਧਾਰ!!
(ਢੋਲਕ ਦੀ ਥਾਪ 'ਤੇ ਸਰਕਾਰ ਮੰਚ 'ਤੇ ਆਉਂਦੀ ਹੈ, ਪਿੱਛੇ ਪਿੱਛੇ ਪੁਲੀਸ ਅਧਿਕਾਰੀ ਹੈ। ਸਰਕਾਰ ਆ ਕੇ ਕੇਂਦਰ ਵਿੱਚ ਖੜ੍ਹੀ ਹੋ ਜਾਂਦੀ ਹੈ ਤੇ ਅਧਿਕਾਰੀ ਪਰੇਡ ਕਰਦਾ ਹੈ।)

ਸਰਕਾਰ : (ਇੱਕ ਦਮ ਸੋਚ ਕੇ ਹੁਕਮ ਦੇਣ ਦੇ ਅੰਦਾਜ਼ ਵਿੱਚ) ਪੁਲੀਸ! ਪੁਲੀਸ! (ਪੁਲੀਸ ਅਫ਼ਸਰ ਧਿਆਨ ਨਹੀਂ ਦਿੰਦਾ ਤੇ ਸਰਕਾਰ ਗੁੱਸੇ ਵਿੱਚ ਕਹਿੰਦੀ ਹੈ) ਪੁਲੀਸ! ਕੀ ਗੱਲ ਸੁਣਦਾ ਨਹੀਂ?

ਪੁਲੀਸ ਅਫ਼ਸਰ : ਜੀ ਹਾਂ ਮਿਹਰਬਾਨ! ਕਦਰਦਾਨ! ਕੀ ਹੁਕਮ ਹੈ ਮੇਰੇ ਆਕਾ?
ਕੀਹਦਾ ਕੱਢਾਂ ਕਚੂਮਰ? ਕੀਹਦਾ ਪਾਵਾਂ ਪਟਾਕਾ?

ਸਰਕਾਰ : (ਬੇਚੈਨੀ ਵਿੱਚ) ਪੁਲੀਸ......ਚੋਣਾਂ ਦਾ ਵੇਲਾ ਆ ਗਿਆ। ਆਕਾਲ ਦੀ ਲਪੇਟ ਹੈ, ਜਨਤਾ ਭੁੱਖੇ ਪੇਟ ਹੈ। ਗਲੀ ਗਲੀ ਵਿੱਚ ਸ਼ੋਰ ਹੈ, ਵਿਰੋਧੀਆਂ ਦਾ ਜ਼ੋਰ ਹੈ।

ਜਨਤਾ ਨੂੰ ਮਿਲਣ ਅਸੀਂ ਜਾਵਾਂਗੇ, ਤਾਂ ਹੀ ਸੱਤਾ 'ਚ ਮੁੜ ਆਵਾਂਗੇ।
ਚੋਣਾਂ 'ਚ ਜਨਤਾ ਸਾਡੀ ਮਾਈ ਬਾਪ ਹੈ,
ਸਭ ਉਸ ਦਾ ਪ੍ਰਤਾਪ ਹੈ।
ਪੁਲੀਸ, ਅਸੀਂ ਤੁਰੰਤ ਜਨਤਾ ਨੂੰ ਮਿਲਨਾ ਚਾਹੁੰਦੇ ਹਾਂ।

ਪੁਲੀਸ ਅਫ਼ਸਰ : ਬੇਚੈਨ ਹੋ ਕੇ ਜਨਤਾ ਨੂੰ, ਦਿੱਤੀ ਤੁਸਾਂ ਨੇ ਆਵਾਜ਼।
ਸਮਝਦਾਰ ਨੂੰ ਇਸ਼ਾਰਾ ਕਾਫ਼ੀ ਹੁੰਦਾ ਹੈ ਜਨਾਬ।
ਦਿੰਦਾ ਹਾਂ ਹੁਕਮ ਜਨਤਾ ਨੂੰ, ਸਰਕਾਰ ਦੇ ਦਰਬਾਰ ਵਿੱਚ ਆਵੇ।
ਯਾਦ ਕੀਤਾ ਹੈ ਤੁਸਾਂ ਨੇ, ਆ ਕੇ ਆਦਾਬ ਵਜਾਵੇ।
ਸਰਕਾਰ! ਤੁਹਾਡੇ ਹੁਕਮ ਨਾਲ ਮੈਂ ਹੁਣੇ ਬਸਤੀ ਵਿੱਚ ਜਾਂਦਾ ਹਾਂ, ਉਸ ਜਨਤਾ ਦੀ ਬੱਚੀ ਨੂੰ ਮੈਂ ਕੰਨੋਂ ਪਕੜ ਲਿਆਉਂਦਾ ਹਾਂ। (ਜਾਣ ਲੱਗਦਾ ਹੈ)

ਸਰਕਾਰ : ਨਹੀਂ......ਨਹੀਂ......ਨਹੀਂ ਪੁਲੀਸ!
ਅਸੀਂ ਤਾਂ ਹਾਂ ਸੇਵਕ ਆਪਣੀ ਜਨਤਾ ਦੇ।
ਜਾਵਾਂਗੇ ਖ਼ੁਦ ਉਸ ਦੇ ਦੁਆਰ ਚੱਲ ਕੇ।
ਲਿਆਉ ਕੋਈ ਵਧੀਆ ਜਿਹੀ ਸਵਾਰੀ।
ਸੁਰੱਖਿਆ ਦੀ ਵੀ ਪੂਰੀ ਕਰੋ ਤਿਆਰੀ।
(ਪੁਲੀਸ ਅਫ਼ਸਰ ਸਿਪਾਹੀ ਦਾ ਕੰਨ ਫੜ ਕੇ ਸਟੇਜ 'ਤੇ ਲਿਆਉਂਦਾ ਹੈ)

ਅਫ਼ਸਰ : ਲਓ ਮੇਰੀ ਸਰਕਾਰ, ਸਵਾਰੀ ਹੈ ਬਿਲਕੁਲ ਤਿਆਰ,
(ਸਿਪਾਹੀ ਹੱਥਾਂ ਪੈਰਾਂ ਨਾਲ ਘੋੜਾ ਬਣਦਾ ਹੈ)
ਲਓ ਸਰਕਾਰ, ਸਵਾਰੀ ਹੈ ਤਿਆਰ। ਮਿਹਰਬਾਨ,
ਜਨਤਾ ਦੇ ਕਦਰਦਾਨ, ਲਓ ਸਰਕਾਰ, ਬੈਠੋ ਸਰਕਾਰ।
(ਸਰਕਾਰ ਸ਼ਾਨ ਨਾਲ ਚੱਲ ਕੇ ਪੁਲੀਸ ਦੀ ਪਿੱਠ ਤੇ ਬੈਠਦੀ ਹੈ ਤੇ ਇੱਕ ਹੱਥ ਅਸ਼ੀਰਵਾਦ ਦੇਣ ਵਾਂਗ ਦਰਸ਼ਕਾਂ ਵੱਲ ਉਠਾ ਕੇ ਮੁਸਕਰਾਉਂਦੀ ਹੈ। ਪੁਲੀਸ ਸਰਕਾਰ ਨੂੰ ਲੈ ਕੇ ਜਾਂਦੀ ਹੈ ਕਿ ਸਾਹਮਣੇ ਤੋਂ ਜਨਤਾ ਦੌੜੀ ਦੌੜੀ ਆਉਂਦੀ ਹੈ। ਸਰਕਾਰ

ਹੈਰਾਨੀ ਨਾਲ ਜਨਤਾ ਵੱਲ ਵੇਖਦੀ ਹੈ।)

ਜਨਤਾ : (ਦੋਵੇਂ ਹੱਥ ਜੋੜ ਕੇ) ਓ ਮੇਰੇ ਸਰਕਾਰ, ਮੇਰੀ ਅੰਨਦਾਤਾ, ਮਾਈ-ਬਾਪ।
ਪੰਜ ਸਾਲਾਂ ਵਿੱਚ ਵਿਖਾਈ ਨਹੀਂ ਦਿੱਤੇ ਇੱਕ ਵਾਰ ਵੀ ਆਪ।
ਪੂੰਜੀਪਤੀਆਂ ਨੇ ਨੋਚ ਲਈ, ਖੋਹ ਲਈ ਰੋਟੀ ਮੇਰੀ। ਚੂਸੀ ਜਾਵੇ ਰੱਤ ਦਿਨ ਰਾਤ, ਨਿਗਲੇ ਜਿਸਮ ਦੀ ਬੋਟੀ ਮੇਰੀ।
(ਪੁਲੀਸ ਅਫ਼ਸਰ ਜਨਤਾ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦਾ ਹੈ। ਸਰਕਾਰ ਕਦੇ ਪੁਲੀਸ ਅਫ਼ਸਰ ਵੱਲ ਤੇ ਕਦੇ ਜਨਤਾ ਵੱਲ ਵੇਖਦੀ ਹੈ।)
ਖੇਤ ਸੁੱਕੇ, ਪੇਟ ਭੁੱਖੇ, ਬੱਚੇ ਨੇ ਬੀਮਾਰ।
ਸਾਡੀ ਮਿਹਨਤ ਦੇ ਸਿਰ 'ਤੇ ਕੋਠੀਆਂ ਭਰਦਾ ਜ਼ਿੰਮੀਦਾਰ।
ਜਿਸਮ ਸੁੱਕੇ, ਪ੍ਰਾਣ ਮੁੱਕੇ, ਸੁੰਨਾ ਸਭ ਸੰਸਾਰ।
ਕੋਈ ਸੁਣਦਾ ਨਹੀਂ ਅਸਾਡੀ, ਕੀ ਦੱਸੀਏ ਸਰਕਾਰ।
ਇੱਕ ਆਸਰਾ ਸਿਰਫ਼ ਤੁਸਾਂ ਦਾ, ਤਾਂ ਹੀ ਆਏ ਦਰਬਾਰ।
ਦੁੱਖ ਅਸਾਡੇ ਹਰ ਦੇਵੋ, ਤੁਹਾਡੀ ਮਹਿਮਾ ਅਪਰਮ ਪਾਰ।

ਸਰਕਾਰ : (ਪੁਲੀਸ ਅਫ਼ਸਰ ਨੂੰ) ਪੁਲੀਸ! ਇਹ ਕੀ ਹੈ ਤੇ ਕੌਣ ਹੈ? ਸਾਨੂੰ ਜ਼ਰਾ ਸਮਝ ਨਹੀਂ ਆਉਂਦੀ।
ਇਸ ਦੇ ਤਾਂ ਰੋਮ ਰੋਮ ਚੋਂ ਸਾਨੂੰ ਬੜੀ ਬਦਬੋਅ ਹੈ ਆਉਂਦੀ।
ਓਫ਼! ਮੇਰੇ ਨਾਜ਼ੁਕ ਜਿਸਮ ਨੂੰ ਤੱਕਦਾ ਹੈ ਘੂਰ ਘੂਰ। ਲਾ ਕੇ ਮੀਸਾ ਡੱਕ ਦੇ ਅੰਦਰ, ਕਰ ਸਾਡੀ ਨਜ਼ਰ ਤੋਂ ਦੂਰ।

ਪੁਲੀਸ : (ਸਰਕਾਰ ਨੂੰ ਕੰਨ ਵਿੱਚ ਕਹਿੰਦਾ ਹੈ) ਇਹੀ ਤਾਂ ਜਨਤਾ ਹੈ ਹਜ਼ੂਰ! ਜਿਸ ਨੂੰ ਤੁਸੀਂ ਮਿਲਣ ਆਏ ਹੋ।

ਸਰਕਾਰ : (ਖਸਿਆਨੀ ਹਾਸਾ ਹੱਸਦਿਆਂ) ਅੱਛ? ਤੇ ਇਹ ਜਨਤਾ ਹੈ?

ਪੁਲੀਸ : ਹਾਂ ਹਜ਼ੂਰ! ਇਹੀ ਜਨਤਾ ਹੈ।

ਸਰਕਾਰ : (ਜਨਤਾ ਵੱਲ ਦੌੜਦੀ ਹੋਈ) ਜਨਤਾ...ਜਨਤਾ......ਜਨਤਾ! ਆਓ......ਆਓ। (ਜਨਤਾ ਭੈਅਭੀਤ ਜਿਹੀ ਹੋ ਕੇ ਸਰਕਾਰ ਕੋਲ ਆਉਂਦੀ ਹੈ।) ਤੇ ਤੂੰ ਜਨਤਾ ਏਂ?

ਜਨਤਾ : ਹਾਂ ਸਰਕਾਰ!

ਸਰਕਾਰ : ਦਰਅਸਲ ਪੰਜ ਸਾਲ ਵੇਖਿਆ ਨਹੀਂ ਨਾ, ਇਸੇ ਲਈ ਪਛਾਣ 'ਚ ਨਹੀਂ ਆਈ।

ਜਨਤਾ : ਇਸੇ ਲਈ ਤੇ ਕਹਿੰਦੇ ਹਾਂ ਹਜ਼ੂਰ ਕਿ ਕਦੇ ਕਦੇ, ਵਿੱਚ ਵਿੱਚ ਦਰਸ਼ਨ ਦੇ ਜਾਇਆ ਕਰੋ।

ਸਰਕਾਰ : ਹੂੰ......ਹੂੰ, ......ਹੂੰ......ਹੁਣ ਤੂੰ ਤੇ ਜਾਣਦੀ ਏਂ ਕਿ ਜਨਤਾ ਤੇਰੀ ਖ਼ੁਸ਼ਹਾਲੀ ਤੇ ਵਿਕਾਸ ਲਈ ਸਾਨੂੰ ਦਿਨ ਰਾਤ ਕੰਮ ਕਰਨਾ ਪੈਂਦਾ ਏ......। ਮਰਨ ਤੱਕ ਦੀ ਵਿਹਲ ਨਹੀਂ ਮਿਲਦੀ......। ਸੁਣਾ, ਕੀ ਹਾਲ ਏ ਤੇਰਾ ਜਨਤਾ.........?

ਜਨਤਾ : (ਆਪਣੀ ਹਾਲਤ ਵਿਖਾਉਂਦੀ ਹੋਈ) ਵੇਖ ਲਵੋ ਹਜ਼ੂਰ!

ਸਰਕਾਰ : (ਮੱਕਾਰੀ ਹਾਸਾ ਹੱਸਦੇ ਹੋਏ) ਹੀ......ਹੀ......ਹੀ ਸੁਣਾ ਬਾਲ ਬੱਚਿਆਂ ਦਾ ਕੀ ਹਾ ਲਏ?

ਜਨਤਾ : ਬਹੁਤ ਬੁਰੀ ਹਾਲਤ ਹੈ ਸਰਕਾਰ। ਪੜ੍ਹਨਾ ਲਿਖਨਾ ਤੇ ਦੂਰ, ਢਿੱਡ ਤੱਕ ਨਹੀਂ ਭਰ ਸਕਦੇ......ਕੰਮ ਕਰ ਕਰ ਕੇ ਮੈਂ ਹਾਰੀ। ਫੇਰ ਵੀ ਦਿਨ ਰਾਤ ਵੱਡ ਵੱਡ ਖਾਵੇ ਭੁੱਖਮਰੀ ਤੇ ਬੀਮਾਰੀ।

ਸਰਕਾਰ : ਹੀ-ਹੀ-ਹੀ......ਸੁਣਾ ਘਰ ਪਰੀਵਾਰ ਕਿਵੇਂ ਚੱਲ ਰਿਹਾ ਤੇਰਾ?

ਜਨਤਾ : ਚੱਲ ਹੀ ਕਿਥੇ ਰਿਹਾ ਏ ਹਜ਼ੂਰ? ਚੱਲ ਹੀ ਕਿਥੇ ਰਿਹਾ ਏ? ਚੱਲੋ! ਤੁਸੀਂ ਖ਼ਬਰ ਤਾਂ ਲਈ! ਤੁਸੀਂ ਸਰਵ-ਸ਼ਕਤੀਮਾਨ ਹੋ ਸਰਕਾਰ, ਤੁਸੀਂ ਭਗਵਾਨ ਦਾ ਅਵਤਾਰ ਹੋ, ਤੁਸੀਂ ਹੀ ਸੱਚੀ ਸਰਕਾਰ ਹੋ। ਤੁਸੀਂ ਬਹੁਤ ਚੰਗੇ ਹੋ ਮੇਰੀ ਸਰਕਾਰ......ਹੁਣ ਤੇ ਸਾਡੇ ਲਈ ਕੁਝ ਕਰੋ ਸਰਕਾਰ।(ਸਰਕਾਰ ਦੇ ਪੈਰਾਂ ਵਿੱਚ ਡਿੱਗ ਕੇ ਮੱਥਾ ਰਗੜਦੀ 7ਹੈ।)

ਸਰਕਾਰ : (ਅਸ਼ੀਰਵਾਦ ਦੇਣ ਵਾਲੀ ਮੁਦਰਾ ਵਿੱਚ ਹੱਥ ਉਠਾ ਕੇ) ਪ੍ਰਸੰਨ ਰਹੋ ਜਨਤਾ। ਜਿੰਨਾ ਚਿਰ ਜੀਅ ਕਰਦਾ ਜੀਓ। ਦੁਧੀਂ ਨਹਾਓ, ਪੁੱਤੀਂ ਫਲੋ। ਚਿਰੰਜੀਵ ਰਹੋ...... ਚਿਰੰਜੀਵ ਰਹੋ......ਉੱਠੋ ਜਨਤਾ।

ਜਨਤਾ : (ਦਰਦ ਦੇ ਅਹਿਸਾਸ ਨਾਲ) ਢੋਰ ਡੰਗਰ ਸਭ ਮਰ ਗਏ, ਖੇਤ ਪਏ ਵੀਰਾਨ।
ਉੱਤੋਂ ਬਾਣੀਆ ਤੇ ਪਟਵਾਰੀ ਮੰਗਣ ਵਿਆਜ ਲਗਾਣ।

ਬੱਚੇ ਭੁੱਖੇ ਮਰਨ ਅਸਾਡੇ, ਕੁਝ ਨਾ ਕਰ ਅਸੀਂ ਪਾਈਏ। ਐਸੀ ਹਾਲਤ ਹੈ ਘਰ ਘਰ ਵਿੱਚ ਕਿਤੇ ਜੀਂਦੇ ਨਾ ਮਰ ਜਾਈਏ। ਕਿਤੇ ਜੀਂਦੇ ਨਾ ਮਰ ਜਾਈਏ।

ਸਰਕਾਰ : ਹੌਂਸਲਾ! ਹੌਂਸਲਾ ਰੱਖੋ ਜਨਤਾ! ਆਖਿਰ ਸਮਾਜਵਾਦ ਦਾ ਮਹਿਲ ਹੌਲੀ ਹੌਲੀ ਬਣਦਾ ਹੈ। ਜਨਤਾ, ਜ਼ਿੰਦਗੀ ਤੇ ਮੌਤ ਆਪਣੇ ਹੱਥ ਨਹੀਂ ਇਹ ਤਾਂ (ਉਪਰ ਵੱਲ ਇਸ਼ਾਰਾ ਕਰਕੇ) ਉਹਦੇ ਹੱਥ ਵਿੱਚ ਚੱਲਦਾ ਹੈ। (ਜਨਤਾ ਵੀ ਉਪਰ ਵੱਲ ਵੇਖਦੀ ਹੈ) ਭੁੱਖੀ ਏਂ ਜਨਤਾ?

ਜਨਤਾ : (ਰੋਂਦੀ ਵਿਲਕਦੀ ਹੋਈ) ਹਾਂ ਸਰਕਾਰ।

ਸਰਕਾਰ : (ਸਹਿਜਤਾ ਨਾਲ) ਤੇ ਕੋਈ ਗੱਲ ਨਹੀਂ, ਭੁੱਖੀ ਰਹਿ ਪਰ ਖ਼ੁਸ਼ ਰਹਿ...। ਕੱਲ੍ਹ ਦੇ ਸੁੱਖ ਲਈ ਅੱਜ ਦੀ ਕੁਰਬਾਨੀ ਦੇਣੀ ਹੀ ਪੈਂਦੀ ਹੈ। ਜਨਤਾ (ਅੱਡੀਆਂ ਅੱਖਾਂ ਨਾਲ ਸੁਣਦੀ ਹੈ) ਤੈਨੂੰ ਯਾਦ ਨਹੀਂ ਜਨਤਾ? ਅੰਗਰੇਜਾਂ ਤੋਂ ਆਜ਼ਾਦੀ ਹਾਸਲ ਕਰਨ ਲਈ ਗਾਂਧੀ ਜੀ ਨੇ ਮਹੀਨਿਆਂ ਬੱਧੀ ਲੰਬੀਆਂ ਭੁੱਖ ਹੜਤਾਲਾਂ ਕੀਤੀਆਂ ਸਨ। ਇਸ ਦੇਸ਼ ਲਈ ਭਗਤ ਸਿੰਘ, ਚੰਦਰ ਸ਼ੇਖ਼ਰ, ਫਲਾਣਾ, ਢਿਮਕਾਣਾ ਪਤਾ ਨਹੀਂ ਕਿੰਨਿਆਂ ਨੇ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਸਨ, ਤੇ ਤੂੰ ਜ਼ਰਾ ਜਿੰਨੀ ਗੱਲ ਤੇ ਦਿਲ ਛੱਡੀ ਬੈਠੀ ਏਂ?

ਜਨਤਾ : ਦਿਲ ਤੇ ਸਾਡਾ ਬਹੁਤ ਵੱਡਾ ਏ ਹਜ਼ੂਰ......।

ਸਰਕਾਰ : (ਝਿੜਕਦੇ ਹੋਏ) ਬਿਲਕੁਲ ਵੱਡਾ ਨਹੀਂ! ਹੋਰ ਦੇਸ਼ਾਂ ਦੀ ਜਨਤਾ ਤਾਂ ਆਪਣੇ ਦੇਸ਼ ਦੀ ਖ਼ਾਤਿਰ ਸਿਰ ਤੱਕ ਕਟਵਾ ਦਿੰਦੀ ਹੈ......।

ਜਨਤਾ : (ਆਪਣਾ ਸਿਰ ਪੇਸ਼ ਕਰਦਿਆਂ) ਹਜ਼ੂਰ ਜੇ ਇਹ ਗੱਲ ਹੈ ਤਾਂ......ਇੱਕ ਸਿਰ ਹੀ ਤਾਂ ਬਚਿਆ ਏ। ਇਹ ਵੀ ਲਾਹ ਲਓ......ਹਜ਼ੂਰ......।

ਸਰਕਾਰ : ਹੂੰ......ਹੂੰ......ਤੂੰ ਕਿੰਨੀ ਮਹਾਨ ਏਂ ਜਨਤਾ। ਆ......ਆਪਣੀ ਸਰਕਾਰ ਦੇ ਗਲ ਲੱਗ ਜਾਹ (ਸਰਕਾਰ ਬਾਂਹਵਾਂ ਫੈਲਾਉਂਦੀ ਹੈ, ਜਨਤਾ ਘਬਰਾਉਂਦੀ ਹੋਈ ਸਰਕਾਰ ਦੀਆਂ ਬਾਂਹਵਾਂ ਤੇ ਗਲੇ ਵੱਲ ਵੇਖਦੀ ਹੈ)।

ਜਨਤਾ : (ਭੈਅ ਭੀਤ ਹਾਵ ਭਾਵ ਨਾਲ ਜ਼ਜ਼ਬਾਤੀ ਹੋ ਕੇ) ਤੂੰ ਬਹੁਤ ਚੰਗੀ ਏਂ ਸਰਕਾਰ।

ਸਰਕਾਰ : ਆਓ! (ਜਨਤਾ ਅੱਗੇ ਵੱਧਦੀ ਹੈ ਪਰ ਫੇਰ ਝੇਂਪ ਕੇ ਪਿੱਛੇ ਹੱਟਦੀ ਹੈ)।

ਜਨਤਾ : ਤੁਸੀਂ ਮਹਾਨ ਹੋ ਸਰਕਾਰ (ਸਰਕਾਰ ਦੇ ਪੈਰਾਂ ਵਿੱਚ ਡਿੱਗ ਜਾਂਦੀ ਹੈ।

ਸਰਕਾਰ : ਉੱਠੋ......ਜਨਤਾ......ਉੱਠੋ (ਜਨਤਾ ਪੈਰਾਂ 'ਤੇ ਮੱਥਾ ਰਗੜਦੀ ਰਹਿੰਦੀ ਹੈ। ਸਰਕਾਰ ਦਾ ਇਸ਼ਾਰਾ ਵੇਖ ਕੇ ਪੁਲੀਸ ਵਾਲਾ ਜਨਤਾ ਨੂੰ ਡੰਡੇ ਦੀ ਠੋਕਰ ਲਗਾਉਂਦਾ ਹੈ।)

ਪੁਲੀਸ : ਹੁਣ ਉੱਠ ਵੀ ਜਾਹ! ਬਹੁਤੇ ਖੇਖਣ ਨਾ ਕਰ। ਉੱਠ......ਉੱਠ (ਜਨਤਾ ਘਬਰਾ ਕੇ ਉੱਠਦੀ ਹੈ।)

ਜਨਤਾ : ਹਜ਼ੂਰ! ਸਭ ਪਾਸੇ ਆਕਾਲ, ਬੇਰੁਜ਼ਗਾਰੀ, ਮਹਿੰਗਾਈ, ਬੀਮਾਰੀ, ਗੁੰਡਾਗਰਦੀ। ਤਕੜੇ ਦਾ ਸੱਤੀਂ ਵੀਹੀਂ ਸੌ। ਕਦੇ ਸੋਕਾ ਤੇ ਕਦੇ ਹੜ੍ਹ। ਇਸ ਤਰਾਂ ਤੇ ਹਜ਼ੂਰ ਅਸੀਂ ਅਨਿਯਾਈ ਮੌਤੇ ਜਾਵਾਂਗੇ ਮਰ।

ਸਰਕਾਰ : ਨਹੀਂ......ਨਹੀਂ......ਅਨਿਯਾਈ ਮੌਤੇ ਨਹੀਂ ਮਰਨ ਦਿਆਂਗੇ......।
ਥੋੜੇ ਦਿਨਾਂ ਦੀ ਹੈ ਪਰੇਸ਼ਾਨੀ। ਸਹਿ ਲੈ ਨਾ ਕਰ ਆਨਾ ਕਾਨੀ।
ਮਰਨ ਦੀ ਗੱਲ ਤੂੰ ਨਾ ਕਰ ਜੰਤਾ...ਤੇਰੇ ਨਾਲ ਹੀ ਸਾਡੀ ਮੰਤਾ।
ਜਨਤਾ! ਤੂੰ ਮਰ ਗਈ ਤਾਂ ਮਰ ਜਾਏਗਾ ਵਤਨ ਭੀ।
ਮਰ ਜਾਏਂਗੀ ਬਹਾਰੇਂ ਉਜੱੜ ਜਾਏਗਾ ਚਮਨ ਭੀ।
ਮਰ ਜਾਏਂਗੇ ਸਿਤਾਰੇ, ਮਰ ਜਾਏਗਾ ਗਗਨ ਭੀ।
ਮਰ ਜਾਏਂਗੀ ਮੁਹੱਬਤੇਂ, ਮਰ ਜਾਏਗਾ ਅਮਨ ਭੀ।

ਜਨਤਾ : ਹਜ਼ੂਰ! ਕੁਝ ਰੋਜ਼ੀ ਰੋਟੀ ਦਾ ਇੰਤਜ਼ਾਮ ਕਰੋ।

ਸਰਕਾਰ : ਸਾਨੂੰ ਤੇਰੇ ਨਾਲ ਪੂਰੀ ਹਮਦਰਦੀ ਹੈ ਜਨਤਾ।

ਜਨਤਾ : ਹਜ਼ੂਰ! ਪੂਰੀ ਨਹੀਂ ਰੋਟੀ! ਤੁਸੀਂ ਬਸ ਦਾਲ ਰੋਟੀ ਦਾ ਬੰਦੋਬਸਤ ਕਰ ਦੇਵੋ।

ਸਰਕਾਰ : ਤੂੰ ਕਿੰਨੀ ਮਹਾਨ ਏਂ ਜਨਤਾ! ਚੰਗਾ ਸੁਣ (ਜਨਤਾ ਕੋਲ ਆਉਂਦੀ ਹੈ) ਅਗਲੇ ਮਹੀਨੇ ਚੋਣਾਂ ਨੇ? (ਜਨਤਾ ਹਾਂ ਵਿੱਚ ਸਿਰ

ਹਿਲਾਉਂਦੀ ਹੈ) ਤੂੰ ਸਾਨੂੰ ਵੋਟ ਦੇ, ਅਸੀਂ ਤੈਨੂੰ ਰੋਟੀ ਦੇਵਾਂਗੇ।

ਜਨਤਾ : ਵੋਟਾਂ ਤੇ ਹਜ਼ੂਰ ਪਿਛਲੇ ਕਈ ਵਰ੍ਹਿਆਂ ਤੋਂ ਤੁਹਾਨੂੰ ਹੀ ਪਾਉਂਦੇ ਆ ਰਹੇ ਹਾਂ। ਬਸ ਇੱਕ ਦੋ ਵਾਰ ਈ ਨਹੀਂ ਸੀ ਪਾਈਆਂ।

ਸਰਕਾਰ : ਇੱਕ ਵਾਰ ਹੋਰ ਬਸ......ਬਸ......ਪਲੀਜ਼ ਇਸ ਵਾਰ ਹਰ ਚੀਜ਼ ਦਾ ਇੰਤਜ਼ਾਮ ਕਰ ਦੇਵਾਂਗਾ। ......ਰੇਡੀਓ......ਟੈਲੀਵਿਯਨ...... ਫਰਿੱਜ...... ਸਭ ਕੁਝ।

ਜਨਤਾ : ਤੁਸੀਂ ਤੇ ਬਸ ਰੋਟੀ ਰੋਜ਼ੀ ਦਾ ਇੰਤਜ਼ਾਮ ਕਰ ਦੇਣਾ।

ਸਰਕਾਰ : ਤੈਨੂੰ ਸਾਡਾ ਚੋਣ ਨਿਸ਼ਾਨ ਤੇ ਪਤਾ ਏ ਨਾ?
(ਬਾਹਰੋਂ ਪਾਗਲ ਨਾਹਰੇ ਲਗਾਉਂਦਾ ਹੋਇਆ ਆਉਂਦਾ ਹੈ।)

ਪਾਗਲ : (ਜਨਤਾ ਨੂੰ) ਵੋਟ ਦਿਓ ਬਈ ਵੋਟ ਦਿਓ (ਦਰਸ਼ਕਾਂ ਨੂੰ) ਵੋਟ ਦਿਓ।
(ਨੱਚਦਾ ਹੋਇਆ) ਵੋਟ ਦਿਓ ਬਈ ਵੋਟ ਦਿਓ।
ਛਿੱਤਰ ਵਾਲੇ ਨੂੰ ਵੋਟ ਦਿਓ।
ਵੋਟ ਦਿਓ ਬਈ ਵੋਟ ਦਿਓ।
ਡਾਂਗ ਵਾਲੇ ਨੂੰ ਵੋਟ ਦਿਓ।
ਵੋਟ.........।
ਪੈਸੇ ਵਾਲੇ ਨੂੰ ਵੋਟ ਦਿਓ।
ਵੋਟ ਦਿਓ......।
ਜਿੱਤ ਗਿਆ ਬਈ ਜਿੱਤ ਗਿਆ, ਡਾਂਗਵਾਲਾ ਜਿੱਤ ਗਿਆ।
ਇੱਕ ਕਚੌਰੀ ਤੇਲ ਵਿੱਚ, ਸਾਰੀ ਜਨਤਾ ਜੇਲ੍ਹ ਵਿੱਚ।
(ਜਨਤਾ ਨੂੰ ਇੱਕ ਪਾਸੇ ਲਿਜਾ ਕੇ) ਵੋਟ ਦੇਅ......ਹੀ......ਹੀ......ਹੀ ਦੇ ਨਾ ਵੋਟ ......ਵੋਟ ਦਿਓ। (ਜੋਸ਼ ਵਿੱਚ) ਠੋਕ ਦਿਓ ਜੀ ਠੋਕ ਦਿਓ! ਇਸ ਪੁਲੀਸ ਵਾਲੇ ਨੂੰ ਠੋਕ ਦਿਓ। ਇਸ ਜ਼ਾਲਿਮ ਸਰਕਾਰ ਦੇ ਦਿਲ 'ਤੇ ਚੋਟ ਦਿਓ। ਇਹਨੇ ਰੇਲ ਹੜਤਾਲ ਵਿੱਚ ਮੇਰਾ ਭਾਈ ਦਿੱਤਾ ਸੀ ਮਾਰ। ਮੇਰਾ ਬੱਚਾ ਖਾ ਗਈ ਇਹ ਜ਼ਾਲਿਮ ਸਰਕਾਰ।

ਪੁਲੀਸ : ਓਏ ਸੂਰ ਦਿਆ ਪੁੱਤਰਾ!

ਪਾਗਲ : ਕੀ ਗੱਲ ਆ ਉਏ ਸਰਕਾਰੀ ਕੁੱਤਿਆ? (ਪੁਲੀਸ ਡੰਡੇ ਮਾਰਦੀ

ਹੈ ਤੇ ਪਾਗਲ ਦੌੜ ਜਾਂਦਾ ਹੈ।)

ਸਰਕਾਰ : (ਜਨਤਾ ਨੂੰ ਸਮਝਾਉਂਦਾ ਹੋਇਆ) ਵੇਖ ਜਨਤਾ, ਤੈਨੂੰ ਤਰਾਂ ਤਰਾਂ ਦੇ ਲੋਕ ਤਰਾਂ ਤਰਾਂ ਨਾਲ ਭੜਕਾਉਣਗੇ, ਪਰ ਤੂੰ ਉਹਨਾਂ ਦੀਆਂ ਗੱਲਾਂ ਵਿੱਚ ਨਾ ਆਵੀਂ। ਅਜੇ ਤੇਰੀ ਇੱਜ਼ਤ ਕਾਇਮ ਹੈ ਨਾ? (ਜਨਤਾ ਆਪਣੀ ਧੋਤੀ ਸੰਭਾਲਦੀ ਹੈ) ਯਾਦ ਰੱਖ ਜਨਤਾ, ਤੇਰੀ ਇੱਜ਼ਤ ਦੀ ਹਿਫ਼ਾਜ਼ਤ ਮੇਰੀ ਹੀ ਬਤੌਲਤ ਹੈ। ਜੇ ਵਿਰੋਧੀਆਂ ਦਾ ਦਾਅ ਲੱਗਾ ਤਾਂ ਉਹਨਾਂ ਇਹਨੂੰ ਵੀ ਉਤਾਰ ਲੈਣਾ ਏ। ਜੇ ਅਸਾਂ ਐਮਰਜੰਸੀ ਲਗਾਈ ਤਾਂ ਤੇਰੇ ਕਰਕੇ ਲਗਾਈ। ਜੇ ਅਸੀਂ ਡੰਕਲ ਨੀਤੀ ਲਿਆਂਦੀ ਤਾਂ ਤੇਰੇ ਕਰਕੇ, ਜੇ ਅਸੀਂ ਸਨਅਤੀ ਨੀਤੀ ਲਿਆਂਦੀ ਤਾਂ ਤੇਰੇ ਕਰਕੇ ਲਿਆਂਦੀ। ਸਾਡੀਆਂ ਆਰਥਿਕ ਤੇ ਵਿਦੇਸ਼ੀ ਨੀਤੀਆਂ ਸਭ ਤੇਰੇ ਭਲੇ ਲਈ ਨੇ। ਅਸੀਂ ਖੇਤੀ ਕਾਨੂੰਨ ਬਣਾਏ ਤਾਂ ਤੇਰੇ ਭਲੇ ਲਈ ਹੀ ਬਣਾਏ ਪਰ ਤੈਨੂੰ ਚੰਗੇ ਨਹੀਂ ਲੱਗੇ ਤਾਂ ਵਾਪਿਸ ਵੀ ਲੈ ਲਏ। ਅਸੀਂ ਜੋ ਕੁਝ ਵੀ ਕੀਤਾ...... ਸਭ ਤੇਰੇ ਭਲੇ ਲਈ ਕੀਤਾ......ਜਨਤਾ ਦੇ ਭਲੇ ਲਈ......। (ਜਨਤਾ ਚੁਕੰਨੀ ਹੁੰਦੀ ਹੈ ਤੇ ਪਾਗਲ ਆਉਂਦਾ ਹੈ।)

ਪਾਗਲ : ਹਾਂ, ਜਨਤਾ ਸਭ ਕੁਝ ਤੇਰੇ ਭਲੇ ਲਈ, ਇਹਨਾਂ ਨਸਬੰਦੀ ਕਰਵਾਈ ਤਾਂ ਤੇਰੇ ਭਲੇ ਲਈ, ਮਹਿੰਗਾਈ ਵਧਾਈ ਤਾਂ ਤੇਰੇ ਭਲੇ ਲਈ। ਬੇਰੁਜ਼ਗਾਰੀ ਵਧਾਈ ਤਾਂ ਤੇਰੇ ਭਲੇ ਲਈ। ਮਜਦੂਰਾਂ ਦੀ ਬਸਤੀ ਉਜਾੜੀ ਤਾਂ ਤੇਰੇ ਭਲੇ ਲਈ। ਟੈਕਸ ਵਧਾਏ ਤਾਂ ਤੇਰੇ ਭਲੇ ਲਈ। ਹਵਾਲਾ ਕਾਂਡ ਕਰਵਾਏ ਤਾਂ ਤੇਰੇ ਭਲੇ ਲਈ। ਪਸ਼ੂਆਂ ਦੇ ਚਾਰਾ ਕਾਂਡ ਕਰਵਾਏ ਤਾਂ ਤੇਰੇ ਭਲੇ ਲਈ। ਤੇਰੇ 'ਤੇ ਡੰਡੇ ਵਰ੍ਹਾਏ ਤਾਂ ਤੇਰੇ ਭਲੇ ਲਈ। ਮੀਸਾ ਲਗਾਈ ਤਾਂ ਤੇਰੇ ਭਲੇ ਲਈ। ਆਹ ਅਸੁਕਾ-ਰਾਸੁਕਾ, ਟਾਡਾ ਲਗਾਏ ਤਾਂ ਸਭ ਤੇਰੇ ਭਲੇ ਲਈ। ਇਹਨਾਂ ਫਿਰਕੂ ਦੰਗੇ ਕਰਵਾਏ ਤਾਂ ਤੇਰੇ ਭਲੇ ਲਈ। ਇਹਨਾਂ ਵਿਸੇਸ਼ ਅਦਾਲਤਾਂ ਬਣਾਈਆਂ ਤਾਂ ਤੇਰੇ ਭਲੇ ਲਈ ਬਣਾਈਆਂ।

ਸਰਕਾਰ : (ਕੜਕ ਕੇ) ਪੁਲੀਸ! ਪੁਲੀਸ!!

ਪੁਲੀਸ : ਜੀ ਹਾਂ! ਮਿਹਰਬਾਨ, ਕਦਰਦਾਨ, ਕੀ ਹੁਕਮ ਹੈ ਮੇਰੇ ਆਕਾ! ਕਿਸ ਦਾ ਕੱਢਾਂ ਕਚੂਮਰ ਕਿਸ ਦਾ ਵਿਗਾੜਾਂ ਖਾਕਾ?

ਸਰਕਾਰ : ਇਸ ਇਸ ਪਾਗਲ 'ਤੇ ਰੱਖੋ ਨਜ਼ਰ ਕੜੀ, ਇਹਦੇ ਪਿੱਛੇ ਲੱਗਦੀ ਹੈ ਸਜ਼ਿਸ਼ ਵੱਡੀ। ਸਾਡੀ ਜਨਤਾ ਨੂੰ ਭੜਕਾਉਂਦਾ ਹੈ, ਸਾਨੂੰ ਤੇ ਕੋਈ ਸੀ ਆਈ ਏ ਦਾ ਏਜੰਟ ਨਜ਼ਰ ਆਉਂਦਾ ਹੈ।

ਪੁਲੀਸ : ਮੈਂ ਜਾਣਦਾ ਹਾਂ ਸਰਕਾਰ, ਇਹ ਪਾਗਲ ਹੈ ਆਪਣੀ ਮਾਂ ਦਾ ਯਾਰ।

ਟਾਡਾ ਕਾਨੂੰਨ ਵਿੱਚ ਕਰ ਦੇਵਾਂਗਾ ਅੰਦਰ, ਆਪੇ ਜੇਲ੍ਹ ਵਿੱਚ ਟੱਪੀ ਜਾਵੇਗਾ ਬਾਂਦਰ। (ਪਾਗਲ ਵੱਲ ਦੌੜਦਾ ਹੈ) ਤੇਰੀ ਤੇ ਮੈਂ ਮਾਂ......ਦੀ (ਪਾਗਲ ਦੌੜ੍ਹ ਜਾਂਦਾ ਹੈ।

ਸਰਕਾਰ : (ਜਨਤਾ ਨੂੰ) ਚੰਗਾ ਤੇ ਜਨਤਾ ਅਸੀਂ ਹੁਣ ਚੱਲਦੇ ਹਾਂ। (ਪੁਲੀਸ ਅਧਿਕਾਰੀ ਨੂੰ) ਪੁਲੀਸ! ਸਵਾਰੀ! ਚੰਗਾ ......ਜਨਤਾ।

ਜਨਤਾ : ਹਜ਼ੂਰ......ਕੁਝ ਰੋਟੀ ਰੋਜ਼ੀ......(ਪੁਲੀਸ ਅਧਿਕਾਰੀ ਸਿਪਾਹੀ ਨੂੰ ਕੰਨ ਫੜ ਕੇ ਸਵਾਰੀ ਬਣਨ ਲਈ ਕਹਿੰਦਾ ਹੈ, ਸਿਪਾਹੀ ਉਸ ਦਾ ਹੱਥ ਝਟਕ ਦਿੰਦਾ ਹੈ।)

ਸਿਪਾਹੀ : ਨਹੀਂ ਬਣਾਂਗਾ ਹੁਣ ਮੈਂ ਸਵਾਰੀ। ਬਹੁਤ ਚਿਰ ਬਣਿਆ ਰਿਹਾ, ਦਿਨ ਰਾਤ ਜਾਨਵਰਾਂ ਵਾਂਗ ਤੁਹਾਡੇ ਕੰਮ ਕਰਦਾ ਰਿਹਾ। ਤੇਰੇ ਬੀਵੀ ਬੱਚਿਆਂ ਦੇ ਕੱਪੜੇ ਧੋਂਦਾ ਰਿਹਾ। ਤੇਰੇ ਹੁਕਮ 'ਤੇ ਲੋਕਾਂ ਉੱਤੇ ਡਾਂਗਾਂ ਵਰਾਉਂਦਾ ਰਿਹਾ। ਤੇ ਬਦਲੇ ਵਿੱਚ ਮਾਮੂਲੀ ਤਨਖਾਹ ਤੇ ਜ਼ਲਾਲਤ। ਨਹੀਂ ਨਹੀਂ ਨਹੀਂ! ਨਹੀਂ ਹੋਵੇਗਾ ਹੁਣ ਇਹ ਸਭ ਕੁਝ। ਆਖਿਰ ਮੈਂ ਵੀ ਇਨਸਾਨ ਹਾਂ। ਕਦੋਂ ਤੱਕ ਜੀਆਂਗਾ ਇਹ ਮੈਂ ਜਾਨਵਰਾਂ ਵਾਲੀ ਜ਼ਿੰਦਗੀ? ਅਸੀਂ ਵੀ ਆਪਣੀ ਯੂਨੀਅਨ ਬਣਾਵਾਂਗੇ ਕਿਸਾਨਾਂ ਮਜਦੂਰਾਂ ਵਿੱਚ ਰਲਾਂਗੇ। ਨਹੀਂ ਬਣਾਂਗੇ ਹੁਣ ਸਵਾਰੀ। ਸਾਡਾ ਏਕਾ ਜ਼ਿੰਦਾਬਾਦ। ਇਨਕਲਾਬ ਜ਼ਿੰਦਾਬਾਦ।

ਪੁਲੀਸ ਅਫ਼ਸਰ : ਅੱਛਾ! ਤੇ ਸਾਲਿਆ ਤੂੰ ਯੂਨੀਅਨ ਬਣਾਵੇਂਗਾ? ਇਨਕਲਾਬ ਲਿਆਵੇਂਗਾ? ਮੈਂ ਬਣਾਉਨਾ ਤੇਰਾ ਇਨਕਲਾਬ। (ਡੰਡਿਆਂ ਨਾਲ ਕੁੱਟਦਾ ਹੈ। ਸਿਪਾਹੀ ਨਾਅਰੇ ਮਾਰਦਾ ਹੈ।) ਦੱਸ!

ਬਣੇਂਗਾ ਕਿ ਨਹੀਂ ਸਵਾਰੀ? ......ਨਹੀਂ ਢੋਵੇਂਗਾ ਸਰਕਾਰ? ਯੂਨੀਅਨ ਬਣਾਵੇਂਗਾ......? (ਜਨਤਾ ਪੁਲੀਸ ਅਧਿਕਾਰੀ ਨੂੰ ਰੋਕਣ ਦੀ ਇਛਾ ਰੱਖਦੀ ਹੈ ਤੇ ਸਿਪਾਹੀ ਨਾਲ ਹਮਦਰਦੀ ਜਿਤਾਉਂਦੀ ਹੈ ਤੇ ਨਾਲ ਹੀ ਭੈਅ ਭੀਤ ਵੀ ਹੁੰਦੀ ਹੈ। ਪੁਲੀਸ ਅਧਿਕਾਰੀ ਆਖਿਰ ਸਿਪਾਹੀ ਦੇ ਵਿਦਰੋਹ 'ਤੇ ਕਾਬੂ ਪਾ ਲੈਂਦਾ ਹੈ ਅਤੇ ਉਸ ਨੂੰ ਸਵਾਰੀ ਬਣਨ ਲਈ ਮਜਬੂਰ ਕਰ ਦਿੰਦਾ ਹੈ। ਸਰਕਾਰ ਮਸਕਰਾਉਂਦੀ ਹੈ।)

ਸਰਕਾਰ : (ਜਨਤਾ ਨੂੰ) ਅੱਛਾ ਜਨਤਾ ਅਸੀਂ ਹੁਣ ਚਲਦੇ ਹਾਂ......(ਸਰਕਾਰ ਪੁਲੀਸ 'ਤੇ ਸਵਾਰ ਹੋ ਕੇ ਚਲੀ ਜਾਂਦੀ ਹੈ। ਜਨਤਾ ਹੈਰਾਨ ਹੋਈ ਖੜੀ ਰਹਿੰਦੀ ਹੈ।)

ਜਨਤਾ : (ਅਚਾਨਕ ਜਾ ਰਹੀ ਸਰਕਾਰ ਨੂੰ) ਸਰਕਾਰ ਰੋਜ਼ੀ...... ਰੋਟੀ...... (ਪੁਲੀਸ ਅਧਿਕਾਰੀ ਡਾਂਟਦਾ ਹੈ। ਜਨਤਾ ਹੱਥ ਜੋੜ ਕੇ ਖੜੀ ਰਹਿੰਦੀ ਹੈ।) (ਦਰਸ਼ਕਾਂ ਨੂੰ) ਮੈਂ ਰੋਟੀ ਲਈ ਹੱਥ ਪਸਾਰੇ, ਉਸ ਨੇ ਦਿੱਤੇ ਚਮਕਦੇ ਨਾਅਰੇ। ਵੇਖੀ ਨਾ ਮੇਰੇ ਜਿਗਰ ਦੀ ਚੋਟ, ਕੇਵਲ ਵੇਖਿਆ ਮੇਰਾ ਵੋਟ। ਹੁਣ ਇਹਨਾਂ ਨੂੰ ਵੋਟ ਦੇਵੋ ਤਾਂ ਇਹ ਰੋਟੀ ਰੋਜ਼ੀ ਦਾ ਪ੍ਰਬੰਧ ਕਰਨਗੇ ਤੇ ਜਿਹੜੇ ਹੁਣ ਤੱਕ ਦਿੱਤੇ ਉਹ ਸਾਰੇ ਗਏ ਖੂਹ ਖਾਤੇ?

ਪਾਗਲ : (ਦਰਸ਼ਕਾਂ ਨੂੰ ਭਰਵੱਟੇ ਨਚਾ ਕੇ ਕਹਿੰਦਾ ਹੋਇਆ ਆਉਂਦਾ ਹੈ। ਵੇਖਿਆ ......ਵੇਖਿਆ......?
ਵੋਟ ਮਾਅਨੇ ਰੋਟੀ! ਤੇਰੀ ਸੱਸ ਮੋਟੀ।
ਵੋਟ ਮਾਅਨੇ ਰੋਟੀ! ਤੇਰੀ ਸੱਸ ਮੋਟੀ। (ਜਨਤਾ ਨੂੰ) ਜਨਤਾ!

ਜਨਤਾ : ਹਾਂ!

ਪਾਗਲ : ਤੂੰ ਭੁੱਖੀ ਏਂ ਨਾ?

ਜਨਤਾ : ਹਾਂ!

ਪਾਗਲ : ਤੇ ਗਾਣਾ ਗਾ। (ਗਾਉਣ ਲੱਗਦਾ ਹੈ)
ਭੁੱਖ ਲੱਗੀ ਤੇ ਗਾਣਾ ਗਾ, ਭੁੱਖ ਲੱਗੀ ਤੇ ਗਾਣਾ ਗਾ।
ਇਹ ਸਰਕਾਰ ਕੰਨਾਂ ਤੋਂ ਬਹਿਰੀ, ਝੂਠੀ ਇਸ ਦੀ ਕੋਰਟ ਕਚਹਿਰੀ।

ਪਰਦੇ ਪਾੜ ਜਾਣ ਇਹਦੇ ਕੰਨ ਦੇ ਇੰਨੀ ਜ਼ੋਰ ਦੀ ਗਾਣਾ ਗਾ।
ਭੁੱਖ ਲੱਗੀ ਤੇ ਗਾਣਾ ਗਾ।
ਇਸ ਸਰਕਾਰ ਦੀ ਚਮੜੀ ਮੋਟੀ,
ਸੇਠਾਂ ਨਾਲ ਫਿੱਟ ਇਸਦੀ ਗੋਟੀ।
ਠੰਡੀਆਂ ਆਉਣ ਤ੍ਰੇਲੀਆਂ ਇਸ ਨੂੰ,
ਇੰਨੀ ਜ਼ੋਰ ਦੀ ਗਾਣਾ ਗਾ।
ਭੁੱਖ ਲੱਗੀ ਤੇ ਗਾਣਾ ਗਾ। ਜਨਤਾ ਤੂੰ ਹੁਣ ਗਾਣਾ ਗਾ।

ਜਨਤਾ : (ਜਨਤਾ ਵੀ ਗਾਉਣ ਲੱਗਦੀ ਹੈ)
ਭੁੱਖ ਲੱਗੀ ਤੇ ਗਾਣਾ ਗਾ,
ਇਸ ਸਰਕਾਰ ਦੀ ਚਮੜੀ ਮੋਟੀ,
ਸੇਠਾਂ ਨਾਲ ਫਿੱਟ ਇਸਦੀ ਗੋਟੀ।
ਠੰਡੀਆਂ ਆਉਣ ਤ੍ਰੇਲੀਆਂ ਇਸ ਨੂੰ, ਇੰਨੀ ਜ਼ੋਰ ਦੀ ਗਾਣਾ ਗਾ।
ਭੁੱਖ ਲੱਗੀ ਤੇ ਗਾਣਾ ਗਾ। (ਪਾਗਲ ਨੂੰ) ਉਏ ਪਾਗਲਾ ਕਦੇ ਗਾਉਣ ਨਾਲ ਵੀ ਢਿੱਡ ਭਰਦਾ ਏ?

ਪੂਜੀਪਤੀ : (ਆਉਂਦਾ ਹੋਇਆ) ਢਿੱਡ ਭਰਦਾ ਏ ਰੋਟੀ ਨਾਲ ਤੇ ਰੋਟੀ ਮਿਲਦੀ ਏ ਕੰਮ ਕਰਨ ਨਾਲ । ਰੋਟੀ ਖਾਣੀ ਓ ਤਾਂ ਚੱਲ ਮੇਰੇ ਨਾਲ। ਕੰਮ ਦਿਆਂਗਾ, ਰੋਟੀ ਦਿਆਂਗਾ।

ਜਨਤਾ : ਰੋਟੀ ਦੇਵੋਗੇ ਹਜ਼ੂਰ? ਰੋਟੀ......ਚੱਲੋ......ਚੱਲੋ ਮੈਂ ਕੰਮ ਕਰਾਂਗੀ।

ਪਾਗਲ : (ਠਹਾਕਾ ਲਗਾ ਕੇ ਹੱਸਦਾ ਹੈ) ਇਹ ਮੋਟੂ ਦੇਵੇਗਾ ਤੈਨੂੰ ਰੋਟੀ......ਹੀ......ਹੀ......ਹੀ, ਇਹ ਤੈਨੂੰ ਦੇਵੇਗਾ ਰੋਟੀ? ਇਹ ਕੱਢੇਗਾ ਤੇਰਾ ਤੇਲ ਤੇ ਉਸ ਤੇਲ ਨਾਲ ਕਰੇਗਾ ਆਪਣੀ ਗੋਗੜ 'ਤੇ ਮਾਲਿਸ਼। ਹੀ ਹੀ ਹੀ.........ਹੂ ਹੂ ਹੂ......।

ਪੂੰਜੀਪਤੀ : ਉਏ ਪਾਗਲਾ ਤੂੰ ਇਥੇ ਵੀ ਆ ਗਿਆ ਏਂ?

ਪਾਗਲ : ਕਿਉਂ ਇਹ ਦੇਸ਼ ਤੇਰੇ ਪਿਓ ਦਾ ਏ?

ਪੂਜੀਪਤੀ : ਹੁਣੇ ਦੱਸਦਾ ਹਾਂ ਕੀਹਦੇ ਪਿਓ ਦਾ ਏ ਦੇਸ਼? ਪੁਲੀਸ! ਪੁਲੀਸ! ਪੁਲੀਸ!

ਪੁਲੀਸ : ਓਏ ਪਾਗਲਾ, ਠਹਿਰ ਤੇਰੀ ਮੈਂ ਮਾਂ ਦੀ......।

ਪਾਗਲ : ਜਾਹ ਸਾਲਿਆ ਠੋਲਿਆ ਜਿਹਾ। (ਦੌੜ ਜਾਂਦਾ ਹੈ। ਪੁਲੀਸ ਵੀ ਜਾਂਦੀ ਹੈ।)

ਪੂੰਜੀਪਤੀ : ਹੁਣ ਪਤਾ ਲੱਗਾ ਕਿ ਦੇਸ਼ ਕਿਸ ਦਾ ਹੈ?

ਜਨਤਾ : ਤੁਹਾਡਾ ਏ ਅੰਨ ਦਾਤਾ!

ਪੂੰਜੀਪਤੀ : ਇਹ ਪੁਲੀਸ ਕਿਸ ਦੀ ਹੈ?

ਜਨਤਾ : ਤੁਹਾਡੀ ਏ ਮਾਈ ਬਾਪ।

ਪੂੰਜੀਪਤੀ : ਤੇ ਤੂੰ ਕੰਮ ਕਰੇਂਗੀ ਜਨਤਾ?

ਜਨਤਾ : ਰੋਟੀ ਮਿਲੇਗੀ ਨਾ ਹਜ਼ੂਰ?

ਪੂੰਜੀਪਤੀ : ਹਾਂ ਹਾਂ ਮਿਲੇਗੀ, ਚੱਲ ਮੇਰੇ ਨਾਲ।

ਜਨਤਾ : ਚੱਲੋ ਸਾਹਿਬ!

ਪੂੰਜੀਪਤੀ : ਇਹ ਹੈ ਆਪਣਾ ਕਾਰਖਾਨਾ।

ਜਨਤਾ : (ਉਛੱਲਦੀ ਹੋਈ) ਤੇ ਤੁਸੀਂ ਕਾਰਖਾਨੇ ਦੇ ਮਾਲਿਕ ਹੋ ਹਜ਼ੂਰ...? ਜੇ ਕੇ, ਡੀ ਜੀ ਐਮ, ਸਿਗਮਾ, ਕੱਪੜਾ ਮਿੱਲ, ਜੂਟ ਮਿੱਲ, ਚੀਨੀ ਮਿੱਲ......।

ਪੂੰਜੀਪਤੀ : (ਸਾਹਮਣੇ ਵੱਲ ਇਸ਼ਾਰਾ ਕਰਕੇ) ਤੇ ਔਹ ਪਈ ਏ ਉਹ ਮਸ਼ੀਨ ਜਿਸ ਉੱਤੇ ਤੂੰ ਕੰਮ ਕਰੇਂਗੀ। ਚੱਲ ਕੰਮ ਕਰ। (ਜਨਤਾ ਕੰਮ ਕਰਨ ਲੱਗਦੀ ਹੈ।) ਠਹਿਰ......ਇਹ ਢਿੱਲੇ-ਢਾਲੇ ਕੱਪੜੇ ਮਸ਼ੀਨ ਵਿੱਚ ਫਸ ਜਾਣਗੇ। ਤੂੰ ਆਪ ਤੇ ਮਰੇਂਗੀ, ਨਾਲ ਮਸ਼ੀਨ ਵੀ ਟੁੱਟ ਜਾਵੇਗੀ। (ਪੈਂਟ, ਸ਼ਰਟ, ਦਿੰਦਾ ਹੈ ਤੇ ਜਨਤਾ ਪਹਿਨੇ ਹੋਏ ਕਪੜਿਆਂ ਉੱਤੇ ਹੀ ਉਹਨਾਂ ਨੂੰ ਪਾ ਲੈਂਦੀ ਹੈ। ਪੂੰਜੀਪਤੀ ਸਾਫਾ ਵੀ ਉਤਾਰ ਲੈਂਦਾ ਹੈ,) ਇਹ ਕੱਪੜੇ ਪਾ ਲੈ......। (ਜਨਤਾ ਮਸ਼ੀਨ ਚਲਾਉਣ ਦਾ ਅਭਿਨੈ ਕਰਦੀ ਹੈ। ਵਿੱਚ ਵਿੱਚ ਥਕਾਵਟ ਤੇ ਪੀੜ ਦੇ ਭਾਵ ਦਰਸਾਉਂਦੀ ਹੈ, ਥੱਕ ਕੇ ਰੁਕ ਜਾਂਦੀ ਹੈ। ਪਰ ਪੂੰਜੀਪਤੀ ਦੀ ਨਜ਼ਰ ਪੈਂਦਿਆਂ ਹੀ ਦੁਬਾਰਾ ਮੁਸਤੈਦੀ ਨਾਲ ਸ਼ੁਰੂ ਹੋ ਜਾਂਦੀ ਹੈ।)

ਪੂੰਜੀਪਤੀ : ਪੀੜ ਹੁੰਦੀ ਏ ਜਨਤਾ? (ਜਨਤਾ ਹਾਂ ਵਿੱਚ ਸਿਰ ਹਿਲਾਉਂਦੀ ਹੈ।) ਤੇ ਫਿਰ ਪੀੜਾਂ ਸਹਿਣ ਦਾ ਅਭਿਆਸ ਕਰ, ਇਸੇ ਵਿੱਚ

ਹੀ ਤੇਰਾ ਭਲਾ ਹੈ। ਸਾਰੇ ਧਰਮਾਂ ਦਾ ਇਹੀ ਸਾਰ ਹੈ ਜਨਤਾ ਕਿ ਸ਼ਹਿਨਸ਼ੀਲ ਬਣੋ। ਸਾਰੇ ਧਰਮਾਂ ਦਾ ਸਾਰ ਹੈ ਕਿ ਧੀਰਜ ਰੱਖ, ਸੰਤੋਖ ਰੱਖ, ਮਿਹਨਤੀ ਬਣ, ਭਗਵਾਨ ਤੋਂ ਡਰ, ਕਿਸਮਤ 'ਤੇ ਵਿਸਵਾਸ਼ ਰੱਖ, ਧਰਮੀ ਬਣ ਜਨਤਾ ਇਸੇ 'ਚ ਭਲਾ ਹੈ। (ਜਨਤਾ ਕੰਮ ਕਰਦੀ ਹੈ ਤੇ ਵਿੱਚ ਵਿੱਚ ਥਕਾਵਟ ਕਾਰਨ ਕੰਮ ਰੁਕਦਾ ਹੈ ਪਰ ਪੂਜੀਪਤੀ ਦੀ ਨਜ਼ਰ ਪੈਂਦਿਆਂ ਹੀ ਘਬਰਾ ਕੇ ਮੁੜ ਕੰਮ ਤੇਜ਼ ਕਰਦੀ ਹੈ।) ਇਹ ਜੋ ਤੂੰ ਦੁਖੀ ਏਂ ਇਹ ਤੇਰੀ ਕਿਸਮਤ ਕਰਕੇ ਹੈ ਜੋ ਹੈ ਈ ਇਸੇ ਤਰਾਂ ਦੀ। ਜੇ ਮੈਂ ਅਮੀਰ ਹਾਂ ਤਾਂ ਆਪਣੀ ਕਿਸਮਤ ਕਰਕੇ। ਜੇ ਤੂੰ ਗਰੀਬ ਏਂ ਤਾਂ ਆਪਣੀ ਕਿਸਮਤ ਨਾਲ। ਦਰਅਸਲ ਉਸ ਭਗਵਾਨ ਦੀ ਮਰਜ਼ੀ ਹੀ ਇਹੀ ਹੈ ਕਿਉਂਕਿ ਜੇ ਇੱਕ ਪੱਤਾ ਵੀ ਹਿੱਲਦਾ ਹੈ ਤਾਂ ਉਸ ਦੀ ਮਰਜ਼ੀ ਨਾਲ ਹਿੱਲਦਾ ਹੈ। ਨਿਸ਼ਕਾਮ ਮਾਰਗ ਹੀ ਮੁਕਤੀ ਦਾ ਮਾਰਗ ਹੈ। ਜਨਤਾ! ਭਗਵਾਨ ਕ੍ਰਿਸ਼ਨ ਨੇ ਗੀਤਾ ਵਿੱਚ ਇਹੀ ਤਾਂ ਕਿਹਾ ਹੈ "ਕਰਮਣਏ ਵਾਨਿਕਾਰਸਤੇ ਸਾਂ ਫਲੇ ਕੀ ਕਦਾਰਕ" ਕੰਮ ਕਰਦਾ ਜਾਹ ਪਰ ਫਲ ਦੀ ਇੱਛਾ ਨਾ ਰੱਖ। (ਜਨਤਾ ਦੇ ਕੰਮ ਕਰਨ ਦੀ ਗਤੀ ਹੋਰ ਤੇਜ਼ ਹੋ ਜਾਂਦੀ ਹੈ, ਪੂੰਜੀਪਤੀ ਮਾਈਮ ਵਿੱਚ ਦੂਹਰਾ ਹੁੰਦਾ ਹੈ।) ......ਕੰਮ ਕਰਦਾ ਜਾਹ ਪਰ ਫਲ ਦੀ ਇੱਛਾ ਨਾ ਰੱਖ। (ਮਾਈਮ ਵਿੱਚ ਜਨਤਾ ਦੇ ਹੱਥਾਂ ਵਿੱਚੋਂ ਪੈਸੇ ਝੜਣ ਲੱਗਦੇ ਹਨ ਤੇ ਪੂੰਜੀਪਤੀ ਸਿੱਕੇ ਉਠਾਉਂਦਾ ਹੈ।)

ਪਾਗਲ : (ਅੱਖਾਂ ਅੱਡ ਕੇ) ਜਨਤਾ ਦੀ ਮਿਹਨਤ ਨਾਲ ਦੌਲਤ ਪੈਦਾ ਹੋਈ ਤੇ ਮੋਟੂ ਮੱਲ ਉਸ ਨੂੰ ਬਟੋਰੀ ਜਾ ਰਿਹੈ। ਮਿਹਨਤ ਜਨਤਾ ਦੀ ਤੇ ਦੌਲਤ ਮੋਟੂ ਮੱਲ ਦੀ। ਕਰਮ ਜਨਤਾ ਦਾ ਤੇ ਫਲ ਮੋਟੂ ਮੱਲ ਦਾ। ਹਾ......ਹਾ......ਹਾ। (ਪੂੰਜੀਪਤੀ ਨੂੰ) ਮੋਟੂ ਮੱਲ! ਉਏ ਮੋਟੂ ਮੱਲ, ਚੱਲ ਇਧਰ ਆ ਤੇ ਤੂੰ ਵੀ ਕੰਮ ਕਰ, ਜਨਤਾ ਦੀ ਕਮਾਈ ਨਾਲ ਗੋਗੜ ਮੋਟੀ ਨਾ ਕਰ। ਆਪਣੀ ਮਿਹਨਤ ਦੀ ਖਾਹ। ਮਿਹਨਤ ਦੀ ਕਮਾਈ ਦੇ ਹੋਰ ਵੀ ਕਈ ਫਾਇਦੇ ਨੇ......ਮਿਹਨਤ ਕਰੇਂਗਾ ਤਾਂ ਤੇਰੀ ਗੋਗੜ ਵੀ ਘਟ ਜਾਵੇਗੀ ਤੇ ਤੇਰਾ ਦਿਮਾਗ ਵੀ ਠੀਕ ਕੰਮ ਕਰੂ, ਚੱਲ ਕੰਮ ਕਰ......ਚੱਲ......ਚੱਲ।

ਪੂਜੀਪਤੀ : ਪੁਲੀਸ! ਪੁਲੀਸ! ਪੁਲੀਸ।

ਪੁਲੀਸ : (ਆਉਂਦਾ ਹੋਇਆ) ਜੀ ਹਾਂ ਮਿਹਰਬਾਨ, ਕਦਰਦਾਨ ਕੀ ਹੁਕਮ ਏ ਮੇਰੇ ਆਕਾ! ਕੀਹਦਾ ਕੱਢਾਂ ਕਚੂਮਰ, ਕੀਹਦਾ ਵਿਗਾੜਾਂ ਖਾਕਾ?

ਪੂੰਜੀਪਤੀ : ਇਹ ਪਾਗਲ ਅਮਨ ਕਾਨੂੰਨ ਨੂੰ ਵਿਗਾੜ ਰਿਹਾ ਹੈ। ਧਰਮ ਦਾ ਮਖੌਲ ਉਡਾ ਰਿਹਾ ਹੈ। ਇਹ ਜਨਤਾ ਨੂੰ ਕੰਮ ਨਹੀਂ ਕਰਨ ਦੇ ਰਿਹਾ। ਜਨਤਾ ਇਸ ਤੋਂ ਪਰੇਸ਼ਾਨ ਹੈ। ਇਹ ਉਤਪਾਦਨ ਵਿੱਚ ਰੁਕਾਵਟ ਪਾ ਰਿਹਾ ਹੈ। ਇਸ ਤੋਂ ਸਾਡੀ ਸੁਰੱਖਿਆ ਨੂੰ ਖ਼ਤਰਾ ਹੈ। ਜਰੂਰੀ ਸੇਵਾਵਾਂ ਵਿੱਚ ਵਿਘਨ ਪੈਦਾ ਹੋ ਗਿਆ ਹੈ ਤੇ ਤੁਹਾਡਾ ਕੁਝ ਪਤਾ ਹੀ ਨਹੀਂ? ਲੈ ਜਾਓ ਇਸ ਨੂੰ ਤੇ ਟਾਡਾ ਲਾ ਕੇ ਅੰਦਰ ਬੰਦ ਕਰ ਦੇ ਇਹਨੂੰ।

ਜਨਤਾ : (ਪੂੰਜੀਪਤੀ ਨੂੰ) ਹੁਣ ਥੱਕ ਗਈ ਹਾਂ ਹਜ਼ੂਰ! ਭੁੱਖ ਲੱਗੀ ਹੈ, ਰੋਟੀ ਦਿਓ। ਰੋਟੀ ਖਾ ਕੇ ਸੌਂਵਾਂਗੇ। (ਉਬਾਸੀ ਲੈਂਦੀ ਹੈ)

ਪੂੰਜੀਪਤੀ : ਰੋਟੀ ਖਾਵੇਂਗੀ ਜਨਤਾ?

ਜਨਤਾ : ਹਾਂ!

ਪੂੰਜੀਪਤੀ : ਕਿੰਨੀਆਂ?

ਜਨਤਾ : ਅੱਠ!

ਪੂੰਜੀਪਤੀ : ਇਹ ਝੂਠੀ ਗੱਲ! ਆਹ ਲੈ ਇੱਕ ਰੋਟੀ। (ਇੱਕ ਰੋਟੀ ਦਿੰਦਾ ਹੈ।)

ਜਨਤਾ : (ਝੱਟਪੱਟ ਖਾ ਕੇ) ਹੋਰ ਦਿਓ!

ਪੂੰਜੀਪਤੀ : ਹੋਰ ਰੋਟੀ ਚਾਹੀਦੀ ਏ?

ਜਨਤਾ : ਹਾਂ।

ਪੂੰਜੀਪਤੀ : ਤੇ ਫਿਰ ਹੋਰ ਕੰਮ ਕਰ।

ਜਨਤਾ : ਹਾਏ ਇੰਨਾ ਕੰਮ ਤੇ ਕੀਤਾ ਏ ਸਾਹਿਬ ਜੀ। ਪਹੁ ਫੁੱਟਣ ਤੋਂ ਪਹਿਲਾਂ ਕਾਰਖਾਨੇ ਵਿੱਚ ਵੜੀ ਸਾਂ ਤੇ ਹੁਣ ਅੱਧੀ ਰਾਤ ਹੋ ਗਈ ਏ ਹਜ਼ੂਰ...।

ਪੂੰਜੀਪਤੀ : ਰੋਟੀ ਚਾਹੀਦੀ ਏ ਤਾਂ ਹੋਰ ਕੰਮ ਕਰ।

ਜਨਤਾ : ਹੈਂ......? ਤੁਸੀਂ ਕਿਹਾ ਸੀ ਕਿ ਕੰਮ ਲਵਾਂਗਾ, ਰੋਟੀ ਦਿਆਂਗਾ।

ਸਾਨੂੰ ਢਿੱਡ ਭਰ ਕੇ ਰੋਟੀ ਤਾਂ ਦਿਓ ਹਜ਼ੂਰ।

ਪੂੰਜੀਪਤੀ : ਹਾਂ ਠੀਕ ਹੈ! ਠੀਕ ਹੈ! ਮੈਂ ਰੋਟੀ ਦੇਣ ਲਈ ਕਿਹਾ ਸੀ ਪਰ ਇਹ ਨਹੀਂ ਸੀ ਕਿਹਾ ਕਿ ਢਿੱਡ ਭਰ ਕੇ ਰੋਟੀ ਦਿਆਂਗਾ। (ਝਿੜਕਦਾ ਹੋਇਆ) ਚੱਲ ਕੰਮ ਕਰ।

ਜਨਤਾ : ਹਜ਼ੂਰ! ਭੁੱਖ......।

ਪੂੰਜੀਪਤੀ : (ਡਾਂਟਦਾ ਹੋਇਆ) ਕੰਮ ਕਰ, ਕੰਮ ਕਰ।

(ਜਨਤਾ ਸਹਿਮ ਕੇ ਫਿਰ ਕੰਮ ਕਰਨ ਲੱਗਦੀ ਹੈ ਤੇ ਪੂੰਜੀਪਤੀ ਸਿੱਕੇ ਬਟੋਰਨ ਲੱਗਦਾ ਹੈ। ਜਨਤਾ ਥੱਕ ਕੇ ਡਿੱਗ ਪੈਂਦੀ ਹੈ ਤੇ ਡਿੱਗਦੀ ਹੋਈ ਪੂੰਜੀਪਤੀ ਨਾਲ ਟਕਰਾ ਜਾਂਦੀ ਹੈ।

ਪੂੰਜੀਪਤੀ : ਇਹ ਕੀ ਕਰਦੀ ਏਂ? ਮੈਂ ਹੁਣੇ ਡਿੱਗ ਪੈਣਾ ਸੀ।

(ਪਾਗਲ ਆਉਂਦਾ ਹੈ)

ਪਾਗਲ : ਜੇ ਤੂੰ ਡਿੱਗ ਪੈਂਦਾ ਤਾਂ ਬੜਾ ਮਜ਼ਾ ਆਉਣਾ ਸੀ। ਜਨਤਾ ਆਪਣੀ ਸਾਰੀ ਕਮਾਈ ਤੇਰੇ ਢਿੱਡ ਵਿੱਚੋਂ ਕੱਢ ਲੈਂਦੀ ਤੇ ਮੈਂ ਰੱਜ ਕੇ ਹੱਸਦਾ ਹਾ......ਹਾ!

ਜਨਤਾ : (ਕੰਮ ਬੰਦ ਕਰਕੇ) ਹੁਣ ਤੇ ਥੱਕ ਕੇ ਚੂਰ ਹੋ ਗਈ ਹਾਂ। ਅੰਗ ਅੰਗ ਦਰਦ ਕਰਨ ਲੱਗ ਪਿਆ ਹੈ। ਰੋਟੀ ਦੇਵੋ! ਖਾ ਕੇ ਸੌਂਵਾਂਗੇ।

ਪੂੰਜੀਪਤੀ : ਜਨਤਾ! ਅਜੇ ਸੌਣ ਦਾ ਸਮਾਂ ਨਹੀਂ ਹੋਇਆ ਤੇ ਰੋਟੀ ਲਈ ਕੰਮ ਕਰਨਾ ਪਵੇਗਾ।

ਪਾਗਲ : (ਪੂੰਜੀਪਤੀ ਨੂੰ) ਹੋਰ ਕੰਮ ਕਰਨਾ ਪਵੇਗਾ?

ਪੂੰਜੀਪਤੀ : ਤੂੰ ਦੌੜ ਇਥੋਂ ਸਾਲਿਆ!

ਜਨਤਾ : ਰੋਟੀ ਨਹੀਂ ਦਿਓਗੇ ਤਾਂ ਅਸੀਂ ਕੰਮ ਨਹੀਂ ਕਰਾਂਗੇ। ਪਹਿਲਾਂ ਰੋਟੀ ਫੇਰ ਕੰਮ।

ਪੂੰਜੀਪਤੀ : ਤੂੰ ਕੰਮ ਨਹੀਂ ਕਰੇਂਗੀ ਜਨਤਾ?

ਜਨਤਾ : ਹਾਂ, ਨਹੀਂ ਕਰਾਂਗੀ ਮੈਂ ਕੰਮ! ਇਹ ਕੋਈ ਗੱਲ ਹੋਈ ਕਿ ਦਿਨ ਰਾਤ ਕੋਹਲੂ ਦੇ ਬੈਲ ਵਾਂਗੂੰ ਕੰਮ ਕਰੋ ਤੇ ਰੋਟੀ ਤੱਕ ਵੀ ਨਾ ਮੰਗੋ?

ਪੂੰਜੀਪਤੀ : ਯਾਨੀ ਕਿ ਤੂੰ ਹੜਤਾਲ ਕਰੇਂਗੀ ਜਨਤਾ?

ਪਾਗਲ : (ਉੱਛਲ ਕੇ) ਹੜਤਾਲ! ਰੇਲ ਹੜਤਾਲ, ਫੈਕਟਰੀ ਹੜਤਾਲ,

ਪੰਜਾਬ ਬੰਦ, ਆਸਾਮ ਬੰਦ, ਕਸ਼ਮੀਰ ਬੰਦ, (ਜਨਤਾ ਨੂੰ) ਜਨਤਾ ਤੂੰ ਹੜਤਾਲ ਕਰੇਂਗੀ?
ਇਨਕਲਾਬ ਜ਼ਿੰਦਾਬਾਦ!
ਪੂੰਜੀਪਤੀ ਹੋ ਬਰਬਾਦ! (ਜਨਤਾ ਵੀ ਨਾਅਰਾ ਲਗਾਉਂਦੀ ਹੈ)

ਜਨਤਾ : ਇਨਕਲਾਬ ਜ਼ਿੰਦਾਬਾਦ!

ਪੂੰਜੀਪਤੀ : (ਘਬਰਾ ਕੇ) ਪੁਲੀਸ! ਪੁਲੀਸ! ਪੁਲੀਸ!

ਪੁਲੀਸ : ਕੀ ਹੋਇਆ ਮਿਹਰਬਾਨ?
ਕਿਉਂ ਕਰਦੇ ਹੋ ਘੜੀ ਮੁੜੀ ਪਰੇਸ਼ਾਨ? ਇੰਨੇ ਜ਼ੋਖ਼ਿਮ ਦਾ ਕੰਮ ਤੇ ਚਾਰ ਕੁ ਛਿੱਲੜਾਂ ਦਾ ਇਨਾਮ?

ਪੂੰਜੀਪਤੀ : (ਝਿਜਕਦਾ ਹੋਇਆ) ਜਨਤਾ ਕੰਮ ਤੇ ਆਉਣ ਤੋਂ ਇਨਕਾਰੀ ਹੈ। ਜਨਤਾ ਹੜਤਾਲ ਕਰ ਰਹੀ ਹੈ। ਪਾਗਲ ਲੋਕ ਜਨਤਾ ਨੂੰ ਭੜਕਾ ਰਹੇ ਹਨ। ਰਾਸ਼ਟਰ, ਸਮਾਜ, ਕਾਨੂੰਨ ਵਿਵਸਥਾ, ਕਾਰਖਾਨੇ ਸਭ ਖ਼ਤਰੇ ਵਿੱਚ ਹਨ।
ਇਸ ਸਮੇਂ ਨਾ ਕਰ ਐਸੀ ਵੈਸੀ ਬਾਤ! ਫ਼ਰਜ਼ ਦਾ ਪਾਲਨ ਕਰ ਔਰ ਯਾਦ ਰੱਖ ਆਪਣੀ ਔਕਾਤ। ਜਨਤਾ ਨੂੰ ਸੰਭਾਲੋ! ਸੰਭਾਲੋ ਜਨਤਾ ਨੂੰ।
(ਪੁਲੀਸ ਡੰਡਾ ਉਲਾਰ ਕੇ ਪਾਗਲ ਤੇ ਜਨਤਾ ਵੱਲ ਜਾਂਦਾ ਹੈ। ਪਾਗਲ ਦੌੜ ਜਾਂਦਾ ਹੈ, ਜਨਤਾ ਨੂੰ ਕੁੱਟਦਾ ਹੈ ਤੇ ਜਨਤਾ ਚੀਕਦੀ ਹੈ।)

ਜਨਤਾ : ਨਾ ਮਾਰੋ! ਨਾ ਮਾਰੋ ਹਤਿਆਰਿਓ! ਮੈਂ ਕੰਮ ਕਰਾਂਗੀ (ਕਹਿੰਦੀ ਹੋਈ ਕੰਮ ਤੇ ਲੱਗ ਜਾਂਦੀ ਹੈ।

ਪੁਲੀਸ : ਹਾ-ਹਾ-ਹਾ! ਸਥਿੱਤੀ ਪੂਰੀ ਤਰਾਂ ਕੰਟਰੌਲ ਵਿੱਚ ਹੈ।

ਪੂੰਜੀਪਤੀ : (ਪੈਸੇ ਦਿੰਦਾ ਹੋਇਆ) ਤੇ ਫੇਰ ਆਹ ਲੈ, ਤੇ ਐਸ਼ ਕਰ। (ਪੁਲੀਸ ਅਧਿਕਾਰੀ ਚਲਾ ਜਾਂਦਾ ਹੈ।)

ਜਨਤਾ : (ਕੰਮ ਕਰਨਾ ਛੱਡ ਕੇ) ਅਸੀਂ ਸਰਕਾਰ ਨੂੰ ਕਹਾਂਗੇ! ਸਰਕਾਰ ਨੂੰ ਅਸੀਂ ਵੋਟ ਪਾਈ ਸੀ। (ਤਰਲੇ ਲੈ ਕੇ) ਸਰਕਾਰ! ਸਰਕਾਰ! (ਸਰਕਾਰ ਸਟੇਜ 'ਤੇ ਆਉਂਦੀ ਹੈ) ਸਰਕਾਰ...... ਅੰਨਦਾਤਾ......

ਮਾਈ ਬਾਪ!

ਸਰਕਾਰ : (ਅਨਸੁਣੀ ਕਰਕੇ) ਸ਼ਾਂਤੀ ਕਿਉਂ ਭੰਗ ਹੋਈ? ਜਨਤਾ ਕਿਉਂ ਚੀਕੀ? ਚੋਣਾਂ ਦੇ ਮੌਕੇ ਇਹ ਕੌਣ ਜਨਤਾ ਨੂੰ ਸਤਾ ਰਿਹੈ?

ਜਨਤਾ : ਹਜ਼ੂਰ! ਇਹ ਮੈਨੂੰ ਮਾਰਦੇ ਨੇ। ਹਜ਼ੂਰ! ਦਿਨ ਰਾਤ ਕੰਮ ਲੈਂਦੇ ਨੇ ਤੇ ਰੋਟੀ ਨਹੀਂ ਦਿੰਦੇ।

ਸਰਕਾਰ : (ਪੂੰਜੀਪਤੀ ਨੂੰ) ਕੀ ਗੱਲ ਹੋਈ ਕਰੋੜੀ ਮੱਲ ਜੀ?

ਪੂੰਜੀਪਤੀ : ਜਨਤਾ ਕੰਮ ਕਰਨ ਤੋਂ ਇਨਕਾਰੀ ਹੈ। ਉਤਪਾਦਨ ਠੱਪ ਹੋ ਗਿਆ ਹੈ । ਉਤਪਾਦਨ ਨਹੀਂ ਹੋਵੇਗਾ ਤਾਂ ਮੁਨਾਫ਼ੇ ਦਾ ਕੀ ਹੋਵੇਗਾ? ਮੁਨਾਫ਼ਾ ਨਹੀਂ ਹੋਵੇਗਾ ਤਾਂ ਤੁਹਾਡਾ ਕੀ ਹੋਵੇਗਾ? ਰਾਸ਼ਟਰ, ਸਮਾਜ, ਦੇਸ਼, ਵਿਕਾਸ, ਸਮਾਜਵਾਦ, ਇਹਨਾਂ ਸਭਨਾਂ ਦਾ ਕੀ ਹੋਵੇਗਾ? ਤੇ ਸਭ ਤੋਂ ਵੱਧ ਤੁਹਾਡੀ ਕੁਰਸੀ ਦਾ ਕੀ ਹੋਵੇਗਾ? ਤੁਹਾਡਾ ਹੀ ਤੇ ਇਹ ਪ੍ਰੋਗਰਾਮ ਹੈ ਕਠਿਨ ਮਿਹਨਤ, ਅਨੁਸਾਸ਼ਨ ਤੇ ਦੋਸਤੀ।

ਸਰਕਾਰ : ਉਹ ਤੇ ਸਭ ਕੁਝ ਠੀਕ ਏ, ਪਰ ਚੋਣਾਂ ਦੇ ਮੌਕੇ ਦਾ ਵੀ ਤਾਂ ਧਿਆਨ ਰੱਖਣਾ ਚਾਹੀਦਾ ਏ। ਜੇ ਅਸੀਂ ਚੋਣਾਂ ਹਾਰ ਗਏ ਤਾਂ ਸਾਡਾ ਕੀ ਹੋਵੇਗਾ? ਤੇ ਜੇ ਅਸੀਂ ਨਾ ਹੋਏ ਤਾਂ ਤੁਹਾਡਾ ਕੀ ਹੋਵੇਗਾ? ਤੁਸੀਂ ਕੀ ਸੋਚਦੇ ਓ ਕਿ ਇਹ ਵਿਰੋਧੀ ਧਿਰ ਤੁਹਾਡੀ ਮਦਦ ਕਰ ਸਕਦੀ ਏ? ਤੇ ਫੇਰ ਕਾਮਰੇਡ ਵੀ ਤਾਂ ਆ ਸਕਦੇ ਨੇ?

ਪੂੰਜੀਪਤੀ : ਹੂੰ......ਤੁਸੀਂ ......ਤੁਸੀਂ ਜ਼ਰਾ ਜਨਤਾ ਨੂੰ ਸੰਭਾਲੋ! ਜਿਵੇਂ ਵੀ ਹੋਵੇ ਜਨਤਾ ਨੂੰ ਸੰਭਾਲੋ।

ਸਰਕਾਰ : (ਜਨਤਾ ਨੂੰ) ਕੀ ਹੋਇਆ ਜਨਤਾ? ਕੀ ਗੱਲ ਹੋ ਗਈ? ਕਿਉਂ ਨਿੱਕੀ ਜਿਹੀ ਗੱਲ ਤੇ ਅਸਮਾਨ ਸਿਰ ’ਤੇ ਚੁੱਕ ਛੱਡਿਆ ਏ?

ਜਨਤਾ : ਹਜ਼ੂਰ! ਇਹਨੇ ਸਾਡੇ ਨਾਲ ਤੈਅ ਕੀਤਾ ਸੀ ਕਿ ਕੰਮ ਲਵਾਂਗਾ ਤੇ ਰੋਟੀ ਦਿਆਂਗਾ। ਕੰਮ ਤਾਂ ਇਹਨੇ ਦਿਨ ਰਾਤ ਲਿਆ ਪਰ ਰੋਟੀ ਨਹੀਂ ਦਿੱਤੀ ਹਜ਼ੂਰ......! ਜਦ ਅਸੀਂ ਰੋਟੀ ਮੰਗੀ ਤਾਂ ਸਾਨੂੰ ਕੁੱਟਿਆ......ਗੁੰਡਿਆਂ ਤੋਂ ਕੁੱਟਵਾਇਆ......ਪੁਲੀਸ ਤੋਂ ਕੁੱਟਵਾਇਆ। (ਪਿੱਠ ਵਿਖਾਉਂਦੀ ਹੋਈ) ਵੇਖੋ ਹਜ਼ੂਰ ਕੀ ਹਾਲ

ਕੀਤਾ ਏ ਇਹਨਾਂ ਨੇ......?

ਸਰਕਾਰ : ਠੀਕ ਹੈ, ਠੀਕ ਹੈ! ਕੋਈ ਗੱਲ ਨਹੀਂ!

ਜਨਤਾ : (ਤ੍ਰਬਕ ਕੇ) ਕੀ? ਕੋਈ ਗੱਲ ਨਹੀਂ?

ਸਰਕਾਰ : (ਝੇਂਪ ਕੇ) ਮੇਰਾ ਮਤਲਬ ਹੈ ਕਿ ਇਹ ਠੀਕ ਗੱਲ ਨਹੀਂ ਹੈ। ਪਰ ਫੇਰ ਵੀ ਤੈਨੂੰ ਕੰਮ ਬੰਦ ਨਹੀਂ ਸੀ ਕਰਨਾ ਚਾਹੀਦਾ। ਤੂੰ ਕੰਮ ਕਰ। ਤੇਰੇ ਨਾਲ ਹੋਏ ਅਨਿਆਂ ਨੂੰ ਵੇਖ ਕੇ ਮੇਰਾ ਕਲੇਜਾ ਮੂੰਹ ਨੂੰ ਆਉਂਦਾ ਏ। ਚਿੰਤਾ ਨਾ ਕਰ, ਇਹਨਾਂ ਲੋਕਾਂ ਨੂੰ ਅਸੀਂ ਠੀਕ ਕਰ ਲਵਾਂਗੇ। ਦਰਅਸਲ ਤੂੰ ਵਿਰੋਧੀ ਲੋਕਾਂ ਦੇ ਬਹਿਕਾਵੇ ਵਿੱਚ ਆ ਗਈ ਏਂ! ਤੂੰ ਕੰਮ ਕਰ।

ਜਨਤਾ : ਤੁਸੀਂ ਇਹਨੂੰ ਵੀ ਕੁਝ ਕਹੋ! ਆਖ਼ਿਰ ਮੈਂ ਭੁੱਖੇ ਢਿੱਡ ਕਿੰਨਾ ਕੁ ਚਿਰ ਕੰਮ ਕਰ ਸਕਦੀ ਆਂ? ਬੱਸ ਇੱਕੋ ਈ ਰੱਟ ਲਗਾ ਰੱਖੀ ਏ ਕਿ ਕੰਮ ਕਰੋ! ਕੰਮ ਕਰੋ! ਇੱਕ ਅੱਧੀ ਵਾਰ ਇਹਨੂੰ ਵੀ ਤਾਂ ਕਹੋ ਕਿ ਸਾਨੂੰ ਢਿੱਡ ਭਰ ਕੇ ਰੋਟੀ ਦੇਵੇ, ਤਨ ਲਈ ਕਪੜਾ ਤੇ ਰਹਿਣ ਲਈ ਸਿਰ ਦੀ ਛੱਤ ਦੇਵੇ। ਸਾਨੂੰ ਥੋੜ੍ਹਾ ਆਰਾਮ ਕਰਨ ਦੇਵੇ, ਇੱਜ਼ਤ ਦੇਵੇ।

ਸਰਕਾਰ : ਠੀਕ ਹੈ ਮੈਂ ਇਹਨੂੰ ਵੀ ਠੀਕ ਕਰਾਂਗੀ। ਮੇਰਾ ਕਹਿਣਾ ਮੰਨ ਤੂੰ ਕੰਮ ਕਰ, ਕੰਮ। (ਪੂੰਜੀਪਤੀ ਨੂੰ) ਵੇਖੋ ਸੇਠ ਕਰੋੜੀ ਮੱਲ ਜੀ, ਅਸੀਂ ਤੁਹਾਨੂੰ ਸਾਰੀਆਂ ਸਹੂਲਤਾਂ ਇਸ ਕਰਕੇ ਨਹੀਂ ਦਿੱਤੀਆਂ ਕਿ ਤੁਸੀਂ ਜਨਤਾ ’ਤੇ ਜ਼ੁਲਮ ਕਰੋ। (ਜਨਤਾ ਨੂੰ) ਤੁਸੀਂ ਕੰਮ ਕਰੋ ਕੰਮ। (ਜਨਤਾ ਫੇਰ ਕੰਮ ਕਰਨ ਲੱਗਦੀ ਹੈ) (ਪੂੰਜੀਪਤੀ ਨੂੰ ਇੱਕ ਪਾਸੇ ਲਿਜਾ ਕੇ ਉਹਦੇ ਕੰਨ ਵਿੱਚ ਕਹਿੰਦਾ ਹੈ) ਚੋਣ ਫੰਡ ਐਤਕੀਂ ਦੁਗਣਾ ਕਰਨਾ ਪਵੇਗਾ। (ਪੂੰਜੀਪਤੀ ਫੰਡ ਦਿੰਦਾ ਹੈ)

ਜਨਤਾ : (ਗੁੱਸੇ ਵਿੱਚ) ਨਹੀਂ ਕਰਾਂਗੀ ਮੈਂ ਕੰਮ!

ਸਰਕਾਰ : ਕੀ ਗੱਲ ਹੋ ਗਈ ਜਨਤਾ? ਕਿਉਂ ਨਹੀਂ ਕਰੇਂਗੀ ਤੂੰ ਕੰਮ, ਹੈਂ?

ਜਨਤਾ : ਹਾਂ ਨਹੀਂ ਕਰਾਂਗੀ ਮੈਂ ਕੰਮ। ਮੈਂ ਇਹਨਾਂ ਅੱਖਾਂ ਨਾਲ ਵੇਖਿਆ ਤੇ ਕੰਨਾਂ ਨਾਲ ਸੁਣਿਆ ਹੈ ਕਿ ਕੀ ਘੁਸਰ-ਮੁਸਰ ਹੋ ਰਹੀ

ਸੀ? ਤੂੰ ਇਸ ਪੂੰਜੀਪਤੀ ਤੋਂ ਪੈਸੇ ਲੈ ਰਹੀ ਸੀ, ਤੂੰ ਇਹਦੇ ਨਾਲ ਰਲੀ ਹੋਈ ਏਂ। ਇਹ ਕਾਰਖਾਨੇਦਾਰ, ਇਹ ਪੁਲੀਸ-ਪਟਵਾਰੀ ਸਭ ਤੇਰੇ ਕਰਿੰਦੇ ਨੇ। ਹੁਣ ਮੈਂ ਤੇਰੀਆਂ ਗੱਲਾਂ ਵਿੱਚ ਨਹੀਂ ਆਉਣ ਵਾਲੀ, ਸਮਝ ਲੱਗੀ?

ਸਰਕਾਰ : ਤੂੰ ਪਾਗਲ ਹੋ ਗਈ ਏਂ ਜਨਤਾ?

ਜਨਤਾ : ਹਾਂ, ਮੈਂ ਪਾਗਲ ਹੋ ਗਈ ਹਾਂ। (ਦਰਸ਼ਕਾਂ ਨੂੰ) ਇਹਨਾਂ ਦੇ ਕਹੇ ਮੁਤਾਬਿਕ ਪਿੱਸਦੇ ਰਹੋ ਤਾਂ ਠੀਕ...... ਦਿਨ ਰਾਤ ਭੁੱਖੇ ਪਿਆਸੇ ਕੰਮ ਕਰਦੇ ਰਹੋ ਰਹੋ ਤੇ ਰੋਟੀ ਤੱਕ ਨਾ ਮੰਗੋ ਤਾਂ ਠੀਕ......ਚੁੱਪ ਚਾਪ ਜ਼ੁਲਮ ਸਹਿੰਦੇ ਰਹੋ ਤੇ ਸੀਅ ਤੱਕ ਨਾ ਕਰੋ ਤਾਂ ਠੀਕ......ਅਤੇ ਜੇ ਚੁੱਪ ਤੋੜੋ ਤੇ ਹੱਕ ਨਿਆਂ ਦੀ ਗੱਲ ਕਰੋ ਤਾਂ (ਨਕਲ ਲਗਾ ਕੇ) ਜਨਤਾ ਤੂੰ ਪਾਗਲ ਹੋ ਗਈ ਏਂ ਜਨਤਾ? (ਪੂੰਜੀਪਤੀ ਤੇ ਸਰਕਾਰ ਵੱਲ ਡਾਂਗ ਉਲਾਰ ਕੇ) ਪਾਗਲ ਹੋ ਗਏ ਓ ਤੁਸੀਂ। ਆਏ ਵੱਡੇ ਮੈਨੂੰ ਪਾਗਲ ਕਹਿਣ ਵਾਲੇ।

ਪੂੰਜੀਪਤੀ : ਪੁਲੀਸ! ਪੁਲੀਸ!!

ਸਰਕਾਰ : ਜਨਤਾ ਪਾਗਲ ਹੋ ਗਈ ਏ।

ਪੁਲੀਸ : ਕੀ ਹੁਕਮ ਏ ਮੇਰੇ ਆਕਾ? ਕੀਹਦਾ ਕੱਢਾਂ ਕਚੂਮਰ, ਕੀਹਦਾ ਵਿਗਾੜਾਂ ਖ਼ਾਕਾ?

ਪੂੰਜੀਪਤੀ : ਜਨਤਾ ਪਾਗਲ ਹੋ ਗਈ ਹੈ, ਇਸ ਨੂੰ ਸੰਭਾਲੋ।

ਸਰਕਾਰ : ਗ੍ਰਿਫ਼ਤਾਰ ਕਰ ਲਉ ਇਸ ਨੂੰ, ਚੁੱਕ ਕੇ ਜੇਲ੍ਹ ਵਿੱਚ ਸੁੱਟ ਦਿਓ। (ਪੁਲੀਸ ਅਧਿਕਾਰੀ ਜਨਤਾ 'ਤੇ ਵਾਰ ਕਰਨ ਲਈ ਸੋਟਾ ਉਲਾਰਦਾ ਹੈ।)

ਜਨਤਾ : ਉਏ! ਹੋਸ਼ ਵਿੱਚ ਰਹਿ ਜ਼ਰਾ। (ਜਨਤਾ ਵੀ ਡਾਂਗ ਚੁੱਕਦੀ ਹੈ, ਪੁਲੀਸ ਅਧਿਕਾਰੀ ਜਨਤਾ 'ਤੇ ਵਾਰ ਕਰਦਾ ਹੈ, ਜਨਤਾ ਪ੍ਰਚੰਡ ਰੂਪ ਧਾਰਨ ਕਰ ਲੈਂਦੀ ਹੈ, ਅੰਨ੍ਹੇ ਵਾਹ ਲਾਠੀ ਚੱਲਦੀ ਹੈ, ਪੁਲੀਸ ਅਧਿਕਾਰੀ ਦਾ ਡੰਡਾ ਡਿੱਗ ਪੈਂਦਾ ਹੈ ਤੇ ਉਹ ਦੌੜ ਜਾਂਦਾ ਹੈ। ਪਾਗਲ ਵੀ ਮੰਚ 'ਤੇ ਆਉਂਦਾ ਹੈ ਤੇ ਜਨਤਾ ਦਾ ਸਾਥ ਦਿੰਦਾ ਹੈ।)

ਪੂੰਜੀਪਤੀ : ਮਿਲਟਰੀ! ਮਿਲਟਰੀ।

ਸਰਕਾਰ : (ਜਨਤਾ ਸਰਕਾਰ ਅਤੇ ਪੂੰਜੀਪਤੀ ਵੱਲ ਸੰਘਰਸ਼ ਦੀ ਮੁਦਰਾ ਵਿੱਚ ਵੱਧਦੀ ਹੈ। ਉਹ ਗੋਲ ਦਾਇਰੇ ਵਿੱਚ ਦੌੜਦੇ ਹਨ। ਪੂੰਜੀਪਤੀ ਤੇ ਸਰਕਾਰ ਜਨਤਾ 'ਤੇ ਗੋਲੀ ਚਲਾਉਂਦੇ ਹਨ। ਜਨਤਾ ਚੀਕ ਮਾਰਦੀ ਹੈ ਤੇ ਡਿੱਗ ਪੈਂਦੀ ਹੈ। ਪਾਗਲ ਵੀ ਡਿੱਗ ਪੈਂਦਾ ਹੈ। ਜਨਤਾ ਤੇ ਪਾਗਲ ਹੌਲੀ ਹੌਲੀ ਫੇਰ ਉੱਠਦੇ ਹਨ ਤੇ ਸਰਕਾਰ ਤੇ ਪੂੰਜੀਪਤੀ ਜਿਹੜੇ ਦੌੜਨ ਵਾਲੀ ਮੁਦਰਾ ਵਿੱਚ ਫਰੀਜ਼ ਹੁੰਦੇ ਹਨ ਵੱਲ ਹੱਲਾ ਬੋਲਣ ਲਈ ਮੁੱਕੇ ਤਾਣ ਕੇ ਫਰੀਜ਼ ਹੁੰਦੇ ਹਨ ਤੇ ਸਿਪਾਹੀ ਦੌੜ ਕੇ ਜਨਤਾ ਨਾਲ ਰਲ ਕੇ ਡੰਡਾ ਤਾਣਦਾ ਹੈ)

(ਸਮਾਪਤ)

# ਬਾਲ ਭਗਵਾਨ

ਪਾਤਰ:

1. ਸਿੱਧੜ (ਬਾਲ ਭਗਵਾਨ)
2. ਪੰਡਿਤ (ਸਿੱਧੜ ਦਾ ਪਿਤਾ)
3. ਪੰਡਤਾਣੀ (ਸਿੱਧੜ ਦੀ ਮਾਂ)
4. ਨਿੱਕੀ (ਸਿੱਧੜ ਦੀ ਛੋਟੀ ਭੈਣ)
5. ਪੁੱਤਰ (ਸਿੱਧੜ ਦਾ ਛੋਟਾ ਭਰਾ)
6. ਮਾਸਟਰ (ਸਾਬਕਾ ਅਧਿਆਪਕ)
7. ਰਤਨ ਸਿੰਘ (ਪਿੰਡ ਦਾ ਕਿਸਾਨ)
8. ਜਗਤਾ (ਢਾਬੇ ਵਾਲਾ)
9. ਸੇਠ
10. ਸੇਠਾਣੀ
11. ਪੁੱਤਰ (ਸੇਠ ਦਾ ਪੁੱਤਰ)
12. ਪ੍ਰਭਾਤ (ਇੱਕ ਨੌਜਵਾਨ)
13. ਮੰਤਰੀ
14. ਪੁਜਾਰੀ
15. ਪੁਜਾਰਨ 1
16. ਪੁਜਾਰਨ 2
17. ਬੁੱਢਾ
18. ਮਸਖਰਾ 1
19. ਮਸਖਰਾ 2
20. ਪੇਂਡੂ ਔਰਤ 1
21. ਪੇਂਡੂ ਔਰਤ 2
22. ਪੇਂਡੂ ਔਰਤ 3

23. ਡਰਾਈਵਰ 1
24. ਡਰਾਈਵਰ 2
25. ਮੁੰਡੂ
26. ਡਾਕਟਰ
27. ਭਈਆ
28. ਪੇਂਡੂ ਆਦਮੀ

ਮੰਚ 'ਤੇ ਹਨੇਰਾ ਹੈ। ਮੱਧਮ ਆਵਾਜ਼ ਵਿੱਚ ਬਲੀ ਦੇਣ ਵੇਲੇ ਵੱਜਣ ਵਾਲਾ ਸੰਗੀਤ ਚੱਲ ਰਿਹਾ ਹੈ। ਪੁਜਾਰੀ ਸਟੇਜ 'ਤੇ ਆ ਕੇ ਲੱਕੜ ਦੇ ਦੋ ਵੱਡੇ ਮੋਛਿਆਂ ਅੱਗੇ ਸਿਰ ਨਿਵਾਉਂਦਾ ਹੈ। ਮੋਛਿਆਂ ਦੇ ਉਪਰਲੇ ਹਿੱਸੇ 'ਤੇ ਹਲਕੀ ਰੋਸ਼ਨੀ ਹੁੰਦੀ ਹੈ ਜਿਥੇ ਗੂਹੜੇ ਲਾਲ ਰੰਗ ਦੇ ਦੋ ਵੱਡੇ ਗੋਲ ਨਿਸ਼ਾਨ ਦਿਖਾਈ ਦਿੰਦੇ ਹਨ ਜਿਨਾਂ 'ਤੇ ਪਸ਼ੂ ਬਲੀ ਸਮੇਂ ਸਿਰ ਵੱਢੇ ਜਾਂਦੇ ਹਨ। ਬਲੀ ਦੇ ਸੰਗੀਤ ਦੇ ਨਾਲ ਨਾਲ ਹੁਣ ਹੂਆ...ਹੂਆ ... ਦੀਆਂ ਆਵਾਜ਼ਾ ਉਭੱਰਦੀਆਂ ਹਨ। ਰੋਸ਼ਨੀ ਦੇ ਨਾਲ ਨਾਲ ਪੁਜਾਰੀ ਆਪਣੀ ਨਜ਼ਰ ਘੁਮਾਉਂਦਾ ਹੈ। ਇਸੇ ਸਮੇਂ ਕਾਲੇ ਵਸਤਰਾਂ ਵਿੱਚ ਕੁਝ ਆਕਾਰ ਹੂਅ ਹੂਅ ਦੀਆਂ ਆਵਾਜ਼ਾਂ ਕੱਢਦੇ ਹੋਏ ਮੰਚ 'ਤੇ ਦਾਖ਼ਲ ਹੁੰਦੇ ਹਨ ਅਤੇ ਪੁਜਾਰੀ ਆਸੇ ਪਾਸੇ ਘੇਰਾ ਬਣਾ ਕੇ ਖੜੋ ਜਾਂਦੇ ਹਨ। ਇਹ ਘੇਰਾ ਹੌਲੀ ਹੌਲੀ ਛੋਟਾ ਹੁੰਦਾ ਜਾਂਦਾ ਹੈ ਤੇ ਬਲੀ ਦਾ ਸੰਗੀਤ ਇਹਨਾਂ ਦੀਆਂ ਆਵਾਜ਼ਾਂ ਹੇਠ ਦੱਬਿਆ ਜਾਂਦਾ ਹੈ। ਇਹ ਆਕਾਰ ਹਮਲਾ ਕਰਨ ਦੀ ਮੁਦਰਾ ਵਿੱਚ ਐਕਸ਼ਨ ਕਰਦੇ ਹਨ ਤੇ ਪੁਜਾਰੀ ਦੇ ਚਿਹਰੇ ਤੇ ਰੋਸ਼ਨੀ ਦੇ ਦਾਇਰੇ ਉਭਰਦੇ ਹਨ। ਉਹਦੀਆਂ ਅੱਖਾਂ ਵਿੱਚ ਜ਼ਬਰਦਸਤ ਰੋਅਬ ਹੈ ਅਤੇ ਚਿਹਰਾ ਕਿਸੇ ਤੇਜ਼ ਪ੍ਰਤਾਪ ਨਾਲ ਦਗ਼ ਰਿਹਾ ਹੈ। ਉਹਦਾ ਤਕੜਾ ਸਡੌਲ ਸਰੀਰ ਕਿਸੇ ਪੱਥਰ ਯੁੱਗ ਦੇ ਇਨਸਾਨ ਵਰਗਾ ਹੈ। ਉਹ ਆਪਣੀਆਂ ਬਾਜ਼ ਨਜ਼ਰਾਂ ਨਾਲ ਛੋਟੇ ਹੋ ਰਹੇ ਘੇਰੇ ਵੱਲ ਵੇਖ ਰਿਹਾ ਹੈ। ਉਹਦਾ ਸਰੀਰ ਕਿਸੇ ਭਾਵੀ ਹਮਲੇ ਦੀ ਤਿਆਰੀ ਵਜੋਂ ਹੌਲੀ ਹੌਲੀ ਹਿੱਲਣਾ ਸ਼ੁਰੂ ਹੁੰਦਾ ਹੈ। ਕਾਲੇ ਆਕਾਰ ਨੇੜੇ ਆਉਂਦੇ ਹਨ ਤਾਂ ਪੁਜਾਰੀ ਉਹਨਾਂ ਵੱਲ ਮਾਰਨ ਦੀ ਮੁਦਰਾ ਵਿੱਚ ਸਰਕਦਾ ਹੈ ਤਾਂ ਆਕਾਰ ਡਰ ਨਾਲ ਪਿੱਛੇ ਹਟਦੇ ਹਨ।

(ਸੰਗੀਤ ਵਿੱਚ ਜੰਗਲ ਦੀ ਆਵਾਜ਼ ਰਲਦੀ ਹੈ।)

ਹੂਅ...ਹੂਅ ਦੀਆਂ ਆਵਾਜ਼ਾਂ ਤੇਜ਼ ਤੇ ਉੱਚੀਆਂ ਹੁੰਦੀਆਂ ਹਨ। ਪੁਜਾਰੀ 'ਤੇ ਹਮਲਾ ਕਰਨ ਲਈ ਘੇਰਾ ਤੰਗ ਹੁੰਦਾ ਹੈ। ਪੁਜਾਰੀ ਝਟਕੇ ਨਾਲ ਹੇਠਾਂ ਝੁਕ ਕੇ ਤਲਵਾਰ ਉਠਾਉਂਦਾ ਹੈ ਤੇ ਰੌਸ਼ਨੀ ਹਿੱਲਦੀ ਹੋਈ ਤਲਵਾਰ 'ਤੇ ਪੈਂਦੀ ਹੈ। ਜਦ ਉਹਦੇ ਮੂੰਹ ਵਿੱਚੋਂ ਹਿੰਸਕ ਫੂੰਕਾਰ ਤੇ ਚੀਕ ਨਿਕਲਦੀ ਹੈ ਤਾਂ ਕਾਲੇ ਆਕਾਰ ਮੰਚ ਤੋਂ ਦੌੜ ਜਾਂਦੇ ਹਨ ਤੇ ਜੰਗਲ ਸੰਗੀਤ ਬੰਦ ਹੁੰਦਾ ਹੈ।

ਉਹ ਲੱਕੜੀ ਦੇ ਦੋਹਵਾਂ ਮੋਛਿਆਂ ਉੱਤੇ ਵਾਰ ਕਰਕੇ ਪਸ਼ੂ ਦਾ ਸਿਰ ਕੱਟਣ ਦਾ ਅਭਿਨੈ ਕਰਦਾ ਹੈ। ਹੁਣ ਮੰਚ ਤੇ ਹੋਈ ਸਥਿਰ ਰੋਸ਼ਨੀ ਵਿੱਚ ਪੁਜਾਰੀ ਪਹਿਲਾਂ ਹੌਲੀ ਆਵਾਜ਼ ਵਿੱਚ ਸ਼ੁਰੂ ਹੋ ਕੇ ਉੱਚੀ ਆਵਾਜ਼ ਵਿੱਚ ਬੋਲਣਾ ਸ਼ੁਰੂ ਕਰਦਿਆਂ ਮੰਚ ਦੇ ਅਗਲੇ ਹਿੱਸੇ ਤੱਕ ਆਉਂਦਾ ਹੈ। ਹੁਣ ਰੋਸ਼ਨੀ ਕੇਵਲ ਉਸ ਦੇ ਸਰੀਰ ਉੱਤੇ ਹੀ ਪੈ ਰਹੀ ਹੈ।)

ਪੁਜਾਰੀ : ਆਓ! ਧਰਮ ਦੇ ਸੂਰਜ ਪ੍ਰਕਾਸ਼ ਵਿੱਚ ਖੜੇ ਹੋ ਜਾਓ! ਅਸੀਂ ਧਰਮ ਦਾ ਸਹਾਰਾ ਕਿਉਂ ਲੈਂਦੇ ਹਾਂ? ਧਰਮ ਦਾ ਪੱਲਾ ਕਿਉਂ ਫੜਦੇ ਹਾਂ? ਡਰ ਨਾਲ ਜਾਂ ਭਗਤੀ ਨਾਲ? ਡਰ ਦਾ ਜਨਮ ਹਮੇਸ਼ਾਂ ਹਨੇਰੇ ਤੋਂ ਹੁੰਦਾ ਹੈ, ਮਨੁੱਖ ਦੇ ਅੰਦਰ ਵੀ ਤੇ ਬਾਹਰ ਵੀ!

ਧਰਮ ਦੀ ਰੋਸ਼ਨੀ ਨਾਲ ਚਮਕਦੀ ਤਲਵਾਰ ਨਾਲ ਇਹਨਾਂ ਕਾਲੀਆਂ ਹਨੇਰੀਆਂ ਦੀ ਸਦਾ ਹੀ ਹਾਰ ਹੁੰਦੀ ਰਹੀ ਹੈ। ਇਹ ਧਰਮ ਸੂਰਜ ਕਦੇ ਕ੍ਰਿਸ਼ਨ ਦੀ ਮੁੱਠੀ ਵਿੱਚ ਰਿਹੈ ਤੇ ਕਦੇ ਈਸਾ ਦੀ ਮੁੱਠੀ ਵਿੱਚ। ਇਹ ਧਰਮ ਦੀ ਚਮਕਦੀ ਤਲਵਾਰ ਕਦੇ ਰਾਮ ਦੇ ਹੱਥ ਤੇ ਕਦੇ ਰਹੀਮ ਦੇ ਹੱਥ ਵਿੱਚ ਰਹੀ ਹੈ। ਚਾਨਣ ਅਤੇ ਹਨੇਰੇ ਦਾ ਨਹੁੰ-ਮਾਸ ਦਾ ਰਿਸ਼ਤਾ ਹੈ ਤੇ ਹਮੇਸ਼ਾਂ ਰਹੇਗਾ। ਭਾਸ਼ਾ ਦੀ ਗਲਤ ਵਰਤੋਂ ਨਾਲ ਸੂਰਜ ਨੂੰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਸੂਰਜ ਨਾ ਕਦੇ ਚੜ੍ਹਦਾ ਹੈ ਤੇ ਨਾ ਕਦੇ ਡੁੱਬਦਾ ਹੈ। ਧਰਤੀ ਦੇ ਕਾਲੇ ਹਿੱਸੇ ਆਦਿ ਕਾਲ ਤੋਂ ਉਸ ਦੇ ਸਾਹਮਣੇ ਆਉਂਦੇ ਹਨ ਤੇ ਬੇਨਤੀ ਕਰਦੇ ਹਨ ਕਿ 'ਹੇ ਸੂਰਜ ਦੇਵਤਾ! ਸਾਡੀ ਕਾਲਖ ਤੇ ਹਨੇਰੇ ਨੂੰ ਧੋ ਦੇਵੋ!' ਹਨੇਰਾ ਭਾਵੇਂ ਕਿੰਨਾ ਵੀ ਸੰਘਣਾ ਅਤੇ ਡੂੰਘਾ ਹੋਵੇ, ਚਾਨਣ ਦੀ ਇੱਕ ਲੱਪ ਉਸ ਨੂੰ ਧੋ ਦਿੰਦੀ ਹੈ। ਧਰਮ ਦਾ ਸੂਰਜ ਧਰਤੀ ਦਾ ਕਾਲਾ ਮੂੰਹ ਪੂੰਝ ਦਿੰਦਾ ਹੈ। ਇਹ ਭਾਸ਼ਾ ਦੀ ਗਲਤੀ ਹੈ ਕਿ ਸੂਰਜ ਡੁੱਬ ਗਿਆ ਹੈ। ਸੂਰਜ ਨਾ ਚੜ੍ਹਦਾ ਹੈ ਨਾ ਡੁੱਬਦਾ ਹੈ, ਕਿਉਂਕਿ ਉਹ ਸੂਰਜ ਹੈ। ਜਨਮ ਜਨਮਾਂਤਰਾਂ ਤੋਂ ਹਨੇਰੇ ਦਾ ਦੁਸ਼ਮਨ ਤੇ ਕਾਤਲ, ਸੂਰਜ। ਹਨੇਰਾ ਇੱਕ ਇੱਟ ਹੈ ਤੇ ਸੂਰਜ ਇਸ ਦੇ ਟੋਟੇ ਕਰਨ ਵਾਲਾ ਹਥੌੜਾ। ਇੱਟ ਤੇ ਹਥੌੜੇ ਵਿੱਚ ਨਾ ਕਦੇ ਦੋਸਤੀ ਹੋਈ ਹੈ ਤੇ ਨਾ ਕਦੇ ਹੋਵੇਗੀ।

(ਨਗਾਰੇ ਦੀ ਆਵਾਜ਼ ਨਾਲ ਪੂਜਾ ਦਾ ਸੰਗੀਤ ਚੱਲਦਾ ਹੈ।)

ਹਨੇਰੇ ਦੀਆਂ ਖ਼ਾਮੋਸ਼ ਤੇ ਕਾਲੀਆਂ ਆਵਾਜਾਂ ਨੇ ਫਿਰ ਤੋਂ ਆਤਮਾ ਦਾ ਘਿਰਾਓ ਕਰਨਾ ਸ਼ੁਰੂ ਕਰ ਦਿੱਤਾ!! ਕੀ ਭੈਅ ਨੇ ਆਤਮਾ ਵਿੱਚ ਛੇਕ ਕਰਨਾ ਸ਼ੁਰੂ ਕਰ ਦਿੱਤਾ ਹੈ? 'ਤੇ ਫਿਰ ਆਓ! ਧਰਮ ਦੇ ਚਾਨਣ ਵਿੱਚ ਖੜੇ ਹੋ ਜਾਓ। ਭੈਅ ਦੇ ਹਨੇਰੇ ਨੂੰ ਚਾਨਣ ਦੀ ਤਲਵਾਰ ਕੱਟ ਕੇ ਰੱਖ ਦੇਵੇਗੀ। ਹਨੇਰੇ ਤੇ ਚਾਨਣ ਵਿੱਚ ਆਦਿ ਕਾਲ ਤੋਂ

ਅਣਬਣ ਰਹੀ ਹੈ ਤੇ ਜਿੱਤ ਆਖ਼ਿਰ ਚਾਨਣ ਦੀ ਹੁੰਦੀ ਹੈ। ਭਾਸ਼ਾ ਦੀ ਗ਼ਲਤ ਵਰਤੋਂ ਨਾਲ ਸੂਰਜ ਨੂੰ ਕੋਈ ਫ਼ਰਕ ਨਹੀਂ ਪੈਂਦਾ, ਕਿਉਂਕਿ ਉਹ ਸੂਰਜ ਹੈ, ਅਹਿੱਲ, ਅਟੱਲ ਅਤੇ ਚਾਨਣ ਦਾ ਜਨਮ ਦਾਤਾ ਸੂਰਜ। ਉਹ ਨਾ ਚੜ੍ਹਦਾ ਹੈ, ਨਾ ਡੁੱਬਦਾ ਹੈ। ਆਓ! ਧਰਮ ਦੇ ਸੂਰਜ ਦੇ ਚਾਨਣ ਵਿੱਚ ਖੜ੍ਹੇ ਹੋ ਜਾਓ।

(ਭਗਤੀ ਸੰਗੀਤ ਬੰਦ ਹੁੰਦਾ ਹੈ ਤੇ ਮੰਚ ਤੇ ਹਨੇਰਾ ਹੁੰਦਾ ਹੈ)

(ਫੇਡ ਆਊਟ)

# ਅੰਕ ਪਹਿਲਾ

## ਦ੍ਰਿਸ਼ 1

(ਮੰਚ 'ਤੇ ਹਨੇਰਾ ਹੈ। ਆਵਾਜ਼ਾਂ ਆਉਂਦੀਆਂ ਹਨ ......ਜਰੂਰ ਚੱਲੋ! ਦੇਰ ਹੋ ਰਹੀ ਹੈ। ਤਿੰਨ ਪੇਂਡੂ ਔਰਤਾਂ ਆਪੋ ਵਿੱਚ ਗੱਲਾਂ ਕਰਦੀਆਂ ਮੰਚ 'ਤੇ ਦਾਖ਼ਲ ਹੁੰਦੀਆਂ ਹਨ।)

ਔਰਤ 1 : ਨੀ ਜ਼ਰਾ ਤੇਜ਼ ਚੱਲੋ, ਸੂਰਜ ਸਿਰ 'ਤੇ ਚੜ੍ਹ ਆਇਆ। ਵਿਚਾਰੀ ਰਤਨ ਦੀ ਮਾਂ ਇਕੱਲੀ ਘਬਰਾ ਰਹੀ ਹੋਵੇਗੀ।

ਔਰਤ 2 : ਘਬਰਾਏਗੀ ਕਿਉਂ ਚਾਚੀ! ਉਹ ਕਿਹੜੀ ਪਹਿਲੀ ਵਾਰ ਹਸਪਤਾਲ ਗਈ ਏ?

ਔਰਤ 1 : ਹਸਪਤਾਲ ਭਾਵੇਂ ਪਹਿਲੀ ਵਾਰ ਜਾਓ ਭਾਵੇਂ ਚੌਥੀ ਵਾਰ! ਅੱਧੀ ਜਾਨ ਤਾਂ ਹਸਪਤਾਲ ਦੇ ਨਾਂ ਨਾਲ ਪਹਿਲਾਂ ਈ ਨਿਕਲ ਜਾਂਦੀ ਏ। ਰੱਬ ਤੇ ਡਾਕਟਰ ਤਾਂ ਗਰੀਬਾਂ ਨਾਲ ਹਮੇਸ਼ਾਂ ਨਰਾਜ਼ ਹੀ ਰਹਿੰਦੇ ਨੇ।

ਔਰਤ 3 : ਨੀ! ਉਧਰ ਵੇਖ ਕੂੜੇ ਦੇ ਢੇਰ ਵਿੱਚ ਕੌਣ ਮੂੰਹ ਮਾਰ ਰਿਹਾ ਏ? ਵਾਹਿਗੁਰੂ! ਵਾਹਿਗੁਰੂ! ਗੰਦ ਵਿੱਚੋਂ ਕਿਦਾਂ ਖਾਣ ਵਾਲੀਆਂ ਚੀਜ਼ਾਂ ਲੱਭ ਰਿਹੈ। (ਰੋਸ਼ਨੀ ਕੂੜੇ ਦੇ ਢੇਰ 'ਤੇ ਪੈਂਦੀ ਹੈ। ਮੋਟੇ ਸਿਰ ਵਾਲਾ ਲੜਕਾ ਜਿਸ ਦੇ ਸਿਰ ਦੇ ਵਾਲ ਨਿੱਕੇ ਨਿੱਕੇ ਹਨ ਕੂੜੇ ਦੇ ਢੇਰ ਕੋਲ ਬੈਠਾ ਦੋਹਾਂ ਹੱਥਾਂ ਨਾਲ ਕੂੜਾ ਖਿਲਾਰ ਰਿਹਾ ਹੈ। ਹੁਣ ਉਹ ਪਸ਼ੂਆਂ ਵਾਂਗ ਕੂੜੇ ਦੇ ਢੇਰ ਦੇ ਆਸ ਪਾਸ ਚੱਲਣਾ ਸ਼ੁਰੂ ਕਰਦਾ ਹੈ।)

ਔਰਤ 1 : ਨੀਂ ਸਿੱਧੜ ਅੱਜ ਫੇਰ ਗੰਦ ਖਾ ਰਿਹਾ ਏ? ਮਾਂ ਨੇ ਕੁਝ ਖਾਣ ਨੂੰ ਨਹੀਂ ਦਿੱਤਾ ਹੋਣਾ? ਦੇਵੇ ਵੀ ਕਿਥੋਂ! ਨਿਆਂਣਿਆਂ ਦੀ

ਪੂਰੀ ਫੌਜ ਏ ਫੌਜ!

ਔਰਤ 3 : ਆਦਮੀ ਦਾ ਬੱਚਾ ਨਾ ਹੋਇਆ ਕੁੱਤਾ ਹੋ ਗਿਆ! ਰੋਜ਼ ਗਲੀਆਂ ਵਿੱਚ ਲੋਕਾਂ ਦੇ ਘਰਾਂ ਅੱਗੇ ਗੇੜੇ ਕੱਢਦਾ ਏ ਕਿ ਸ਼ਾਇਦ ਕੋਈ ਟੁੱਕੜ ਪਾ ਦੇਵੇ।

ਔਰਤ 2 : ਭੁੱਖ ਰਾਜੇ ਨੂੰ ਵੀ ਲੱਗਦੀ ਏ ਤੇ ਪਰਜਾ ਨੂੰ ਵੀ। ਰੱਬ ਨੇ ਐਸਾ ਪਾਪੀ ਪੇਟ ਸਭ ਨੂੰ ਲਗਾ ਦਿੱਤਾ ਏ ਕਿ ਜਦੋਂ ਵੇਖੋ ਖਾਲੀ ਦਾ ਖਾਲੀ!

ਔਰਤ 3 : ਇਹਨੂੰ ਕਹਿੰਦੇ ਨੇ ਕਲਯੁੱਗ! ਬ੍ਰਾਹਮਣ ਦਾ ਪੁੱਤ ਤੇ ਗੰਦ ਖਾਵੇ! (ਦੋਹਵਾਂ ਕੰਨਾਂ ਨੂੰ ਹੱਥ ਲਗਾਉਂਦੀ ਹੈ)

ਔਰਤ 1 : ਮਾਂ ਦਾ ਵੀ ਕੀ ਕਸੂਰ? ਬੱਚਿਆਂ ਦੀ ਇੰਨੀ ਲੰਬੀ ਲਾਈਨ ਤੇ ਘਰਵਾਲਾ ਸ਼ਰਾਬੀ! ਪੰਡਤ ਕੋਲ ਆਪਣੀ ਜ਼ਮੀਨ ਨਹੀਂ ਤਾਂ ਕੀ ਹੋਇਆ? ਪਿੰਡ ਵਿੱਚ ਜੰਮਣਾ ਮਰਨਾ ਤੇ ਲੱਗਾ ਹੀ ਰਹਿੰਦਾ ਏ ਨਾ। ਕੋਈ ਜੰਮੇ ਤਾਂ ਚੜ੍ਹਾਵਾ, ਜੇ ਕੋਈ ਮਰੇ ਤਾਂ ਚੜ੍ਹਾਵਾ। ਪਰ ਪੰਡਤ ਦੀ ਸਾਰੀ ਕਮਾਈ ਸਿੱਧੀ ਸ਼ਰਾਬ ਦੇ ਠੇਕੇ 'ਤੇ ਜਾਂਦੀ ਏ। ਮੈਂ ਤੇ ਆਪਣੇ ਕੰਨਾਂ ਨਾਲ ਸਿੱਧੜ ਦੀ ਮਾਂ ਨੂੰ ਕਹਿੰਦਿਆਂ ਸੁਣਿਆ ਏ ਕਿ 'ਹੇ ਭਗਵਾਨ! ਇਸ ਸਿੱਧੜ ਨੂੰ ਚੁੱਕ ਲੈ! ਆਪਣੇ ਕੋਲ ਬੁਲਾ ਲੈ।'

ਔਰਤ 2 : ਸਿਰ ਤੇ ਵੇਖੋ! ਘੜਾ ਏ ਨਿਰ੍ਹਾ ਘੜਾ!

ਔਰਤ 1 : ਹਾਂ! ਸਿਰ ਵੱਡਾ ਪਰ ਦਿਮਾਗ ਛੋਟਾ! ਜਨਮ ਤੋਂ ਦਿਮਾਗ ਨੂੰ ਜੰਦਰਾ ਲੱਗਾ ਹੋਇਆ ਸੂ, ਪਰ ਪੂਰਾ ਪਾਗਲ ਵੀ ਨਹੀਂ। ਘਰਵਾਲੇ ਤੇ ਪਿੰਡ ਵਾਲੇ ਤਾਂ ਹੀ ਤੇ ਸਿੱਧੜ ਕਹਿੰਦੇ ਨੇ। ਹੁਣ ਤੇ ਇਹਦਾ ਅਸਲੀ ਨਾਂ ਵੀ ਕਿਸੇ ਨੂੰ ਚੇਤੇ ਨਹੀਂ ਰਿਹਾ। ਪਰ ਮਾਂ ਨੂੰ ਵੇਖਿਆ ਤੁਸੀਂ? ਜਦੋਂ ਵੇਖੋ, ਪੇਟ ਫੁੱਲਿਆ ਤੇ ਪੈਰ ਭਾਰੀ।

ਔਰਤ 2 : ਪੰਡਤਾਣੀ ਨੂੰ ਤੇ ਜਿਵੇਂ ਭਗਵਾਨ ਨੇ ਆਪਣੇ ਹੱਥਾਂ ਨਾਲ ਬਣਾਇਆ ਹੋਵੇ। ਇੰਨੇ ਬੱਚੇ ਹੋ ਗਏ ਪਰ ਉਵੇਂ ਦੀ ਉਵੇਂ ਈ ਪਈ ਆ, ਫਿਰ ਰੰਗ-ਰੂਪ ਦਾ ਮਾਣ ਵੀ ਕੁਝ ਘੱਟ ਨਹੀਂ ਹੁੰਦਾ!

ਔਰਤ 1 : ਹਾਂ! ਸ਼ਕਲ ਪਰੀਆਂ ਵਰਗੀ ਤੇ ਦਿਮਾਗ ਚੁੜੇਲਾਂ ਦਾ। ਹੋਰ ਸੁਣ! ਇੱਕ ਵਾਰੀ ਮੈਨੂੰ ਉਹਦੇ ਭੁੱਖੇ ਬੱਚਿਆਂ 'ਤੇ ਤਰਸ ਆ ਗਿਆ। ਮੈਂ ਕਿਹਾ ਬਈ ਸਾਡੇ ਘਰ ਦਾ ਉਪਰਲਾ ਕੰਮ ਕਾਜ ਕਰ ਛੱਡਿਆ ਕਰ। ਬਸ ਲੱਗ ਗਈ ਅੱਗ! ਢਾਕਾਂ 'ਤੇ ਹੱਥ ਰੱਖ ਕੇ ਪਤਾ ਕੀ ਜੁਆਬ ਦਿੱਤਾ ਸੂ?

ਦੋਵੇਂ ਔਰਤਾਂ : ਕੀ?

ਔਰਤ 1 : ਕਹਿੰਦੀ ਤੇਰੇ ਵਰਗੀ ਤੇ ਮੈਂ ਨੌਕਰਾਣੀ ਵੀ ਨਾ ਰੱਖਾਂ! ਖ਼ਬਰਦਾਰ ਜੇ ਫੇਰ ਐਸੀ ਗੱਲ ਕੀਤੀ ਤਾਂ! ਅਸੀਂ ਭੁੱਖੇ ਜਰੂਰ ਹੋਵਾਂਗੇ, ਪਰ ਭੁੱਖੇ ਨਹੀਂ।

ਔਰਤ 2 : ਔਹ ਵੇਖੋ! ਸਿੱਧੜ ਨੂੰ ਹੱਡੀ ਮਿਲ ਗਈ! ਕਿਵੇਂ ਕੁੱਤਿਆਂ ਵਾਂਗ ਚੱਬ ਰਿਹੈ!

ਔਰਤ 1 : ਪੰਡਤਾਣੀ ਦਾ ਮਾਣ ਤੇ ਰੱਬ ਨੇ ਇਸੇ ਜਨਮ ਵਿੱਚ ਹੀ ਤੋੜ ਦਿੱਤਾ ਏ! ਘਰਵਾਲਾ ਸ਼ਰਾਬੀ ਤੇ ਪੁੱਤ ਸਿੱਧੜ। ਸਿਆਣਿਆਂ ਨੇ ਠੀਕ ਹੀ ਕਿਹਾ ਏ ਕਿ ਮਾਂ ਬਾਪ ਦੇ ਪਾਪਾਂ ਦਾ ਫਲ ਔਲਾਦ ਨੂੰ ਭੁਗਤਣਾ ਪੈਂਦਾ ਏ।

ਔਰਤ 3 : ਜੋ ਮਰਜ਼ੀ ਆ ਕਹਿ ਲੈ ਚਾਚੀ, ਵਿਚਾਰੇ ਪੰਡਤ ਦਾ ਕੀ ਕਸੂਰ? ਪੰਡਤਾਣੀ ਤੇ ਬਾਰਾਂ ਮਹੀਨੇ ਹੜ੍ਹ ਚੜ੍ਹੀ ਨਦੀ ਆ ਨਦੀ। ਕੋਈ ਵੀ ਮਰਦ ਉਹਦੇ ਵਿੱਚ ਡੁੱਬ ਸਕਦੈ! ਪੰਡਤ ਵਿਚਾਰੇ ਨੂੰ ਤੇ ਦੋਵੇਂ ਨਸ਼ੇ ਲੈ ਡੁੱਬੇ, ਇੱਕ ਸ਼ਰਾਬ ਤੇ ਦੂਜਾ ਔਰਤ ਦਾ। ਨੀ ਔਹ ਵੇਖੋ! ਸਿੱਧੜ ਕਿਵੇਂ ਨਾਸਾਂ ਫੁਲਾ ਕੇ ਸੁੰਘ ਰਿਹੈ!

ਔਰਤ 2 : ਨੀ ਤੂੰ ਪੰਡਤਾਣੀ ਦੇ ਈ ਸੋਹਲੇ ਗਾਈ ਜਾਵੇਂਗੀ? ਚੱਲ ਸੂਰਜ ਸਿਰ 'ਤੇ ਚੜ੍ਹ ਆਇਆ। ਪੈਰ ਪੁੱਟੋ! ਰਤਨ ਸਿੰਘ ਦੀ ਮਾਂ ਉੱਤੇ ਪਤਾ ਨਹੀਂ ਕੀ ਬੀਤਦੀ ਹੋਊ!

ਔਰਤ 3 : ਨੀ! ਮੈਂ ਵੇਖਿਆ ਸੀ ਕਿ ਚਾਚੀ ਰੋਂਦੀ ਹੋਈ ਗਈ ਸੀ ਹਸਪਤਾਲ! ਉਹਨੂੰ ਪੱਕਾ ਪਤਾ ਏ ਕਿ ਇਸ ਵਾਰ ਵੀ ਲੜਕੀ ਹੀ ਹੋਊ! ਵੈਸੇ ਨੂੰਹ ਦੇ ਲੱਛਣ ਵੀ ਸਾਫ਼ ਦੱਸਦੇ ਸੀ ਬਈ ਇਸ ਵਾਰੀ ਵੀ ਪੱਕਾ ਲੜਕੀ ਹੀ ਹੋਵੇਗੀ ਹਰ ਵੇਲੇ ਸੁਸਤ

ਤੇ ਮੂੰਹ 'ਤੇ ਮਰਿਆਨੀ ਛਾਈ ਰਹਿੰਦੀ ਸੀ। ਜ਼ਨਾਨੀ ਦੇ ਪੇਟ 'ਚ ਲੜਕਾ ਹੋਵੇ ਤਾਂ ਹਮੇਸ਼ਾਂ ਨੱਚਦੀ ਟੱਪਦੀ ਫਿਰੇਗੀ ਤੇ ਮੂੰਹ 'ਤੇ ਰੌਣਕ ਹੀ ਰੌਣਕ!

ਔਰਤ 1 : ਪ੍ਰਮਾਤਮਾ ਇਸ ਵਾਰੀ ਤੇ ਰਤਨ ਸਿੰਘ ਦੇ ਘਰ ਮੁੰਡਾ ਜਰੂਰ ਘੱਲੇ! ਵੀਹ ਕਿੱਲੇ ਪੈਲੀ ਤੇ ਪੱਕਾ ਮਕਾਨ, ਪਰ ਔਲਾਦ ਦੇ ਨਾਂ ਤੇ ਚਾਰ ਕੁੜੀਆਂ। ਸਭ ਕੁਝ ਜਵਾਈ ਸਾਂਭ ਲੈਣਗੇ। ਫਿਰ ਤੁਹਾਡੀ ਚਿਖ਼ਾ ਨੂੰ ਅੱਗ ਵਿਖਾਉਣ ਲਈ ਮੁੰਡਾ ਤੇ ਚਾਹੀਦਾ ਏ ਨਾ! ਜੇ ਇਸ ਵਾਰ ਵੀ ਕੁੜੀ ਹੋ ਗਈ ਤਾਂ ਖਾਨਦਾਨ ਦਾ ਨਾਂ ਮਿਟ ਜਾਵੇਗਾ।

(ਸਿੱਧੜ ਮੂੰਹ ਉਪਰ ਕਰਦਾ ਹੈ ਅਤੇ ਦੁਰ ਦੁਰ ਕਰਕੇ ਫੇਰ ਕੂੜਾ ਖਿਲਾਰਨਾ ਸ਼ੁਰੂ ਕਰ ਦਿੰਦਾ ਹੈ।)

ਇਸ ਮਰਜਾਣੇ ਸਿੱਧੜ ਦੀਆਂ ਗੱਲਾਂ 'ਚ ਸੂਰਜ ਈ ਸਿਰ ਤੇ ਆ ਗਿਆ। ਤੁਸੀਂ ਕਿਹੜੀ ਬਹਿਸ ਵਿੱਚ ਪੈ ਗਈਆਂ ਜੇ। ਜਿਹੜਾ ਕਰੇਗਾ ਉਹੀ ਭਰੇਗਾ। ਪੈਰ ਪੁੱਟੋ! ਵਿਚਾਰੀ ਰਤਨ ਸਿੰਘ ਦੀ ਮਾਂ।

(ਔਰਤਾਂ ਮੰਚ ਤੋਂ ਬਾਹਰ ਜਾਂਦੀਆਂ ਹਨ। ਹੁਣ ਰੋਸ਼ਨੀ ਸਿੱਧੀ ਸਿੱਧੜ ਦੇ ਮੂੰਹ 'ਤੇ ਪੈਂਦੀ ਹੈ। ਉਹਨੇ ਮੂੰਹ ਦੇ ਅੱਗੇ ਹੱਥ ਹਿਲਾਇਆ ਪਰ ਰੋਸ਼ਨੀ ਹਟਦੀ ਨਹੀਂ। ਉਹ ਪਿੱਠ ਮੋੜ ਕੇ ਰੋਟੀ ਦਾ ਗਲਿਆ ਸੜਿਆ ਟੁੱਕੜਾ ਨਿਗਲਨਾ ਸ਼ੁਰੂ ਕਰ ਦਿੰਦਾ ਹੈ। ਉਹਨੇ ਫਿਰ ਦੁਰ...ਦੁਰ ...ਕਿਹਾ। ਰਤਨ ਸਿੰਘ ਤੇ ਇੱਕ ਬੁੱਢਾ ਮੰਚ ਤੇ ਆਉਂਦੇ ਹਨ।)

ਰਤਨ : ਦੁਰ ਫਿੱਟੇ ਮੂੰਹ! ਪੁੱਤ ਬ੍ਰਾਹਮਣ ਦਾ ਮੂੰਹ ਗੰਦ 'ਚ ਮਾਰ ਰਿਹੈ। ਠਹਿਰ ਤੇਰੀ ਤੇ ਮੈਂ ...(ਸਿੱਧੜ ਦੀ ਧੋਣੋਂ ਫੜ ਕੇ ਉਹਨੂੰ ਖੜਾ ਕਰਦਾ ਹੈ ਤੇ ਥੱਪੜ ਮਾਰਨ ਲਈ ਹੱਥ ਉਤਾਂਹ ਚੁੱਕਦਾ ਹੈ ਪਰ ਬੁੱਢਾ ਉਸ ਨੂੰ ਫੜ ਲੈਂਦਾ ਹੈ।)

ਬੁੱਢਾ : ਨਾ ਰਤਨ ਸਿਹਾਂ! ਨਾ ਮਾਰੀਂ! ਦਾਲ ਦਾ ਗੁੱਸਾ ਘਿਓ ਤੇ ਕੱਢਣ ਦਾ ਕੋਈ ਫਾਇਦਾ ਨਹੀਂ ਹੁੰਦਾ। ਫਿਰ ਬ੍ਰਾਹਮਣ 'ਤੇ ਹੱਥ ਚੁੱਕਣ ਨਾਲ ਪਾਪ ਲੱਗਦੈ! ਇਹਨੂੰ ਰੋਟੀ ਖੁਆ ਦੇ

ਜਿਹੜੀ ਹਸਪਤਾਲੋਂ ਵਾਪਿਸ ਲਿਆਏ ਆਂ! ਸ਼ਾਇਦ ਤੈਨੂੰ ਇਹਦਾ ਪੁੰਨ ਲੱਗ ਜਾਵੇ।

ਰਤਨ ਸਿੰਘ : ਪੁੰਨ ਤੇ ਇਸ ਸਿੱਧੜ ਦਾ? ਦੁਨੀਆਂ ਭਰ ਦੇ ਪੀਰ ਫਕੀਰ ਮਨਾਉਣ ਨਾਲ ਤਾਂ ਕੁਝ ਬਣਿਆ ਨਹੀਂ! ਹੁਣ ਸਿੱਧੜ ਨੂੰ ਰੋਟੀ ਦੇਣ ਨਾਲ ਪੁੰਨ ਲੱਗੂ! ਹੂੰ!

ਬੁੱਢਾ : ਤੂੰ ਏਂ ਨਵੇਂ ਜ਼ਮਾਨੇ ਦਾ, ਤੈਨੂੰ ਇਹਨਾਂ ਗੱਲਾਂ ਦੀ ਸਮਝ ਨਹੀਂ ਆ ਸਕਦੀ। ਓਏ ਤੇਰੇ ਪਿਓ ਨੇ ਸ਼ਰੇਆਮ ਗੁਆਂਢੀ ਦਾ ਕਤਲ ਕਰ ਦਿੱਤਾ ਸੀ। ਵਕੀਲਾਂ ਨੇ ਸਾਫ਼ ਕਹਿ ਦਿੱਤਾ ਸੀ ਕਿ ਉਹਨੂੰ ਫਾਂਸੀ ਤੋਂ ਕੋਈ ਨਹੀਂ ਬਚਾ ਸਕਦਾ। ਫੇਰ ਮੈਂ ਉਹਨੂੰ ਲੈ ਕੇ ਇੱਕ ਸੂਫ਼ੀ ਮਲੰਗ ਕੋਲ ਗਿਆ! ਤੈਨੂੰ ਪਤੈ ਉਸ ਪਾਗਲ ਮਲੰਗ ਨੇ ਬਿਨ ਸੁਣਿਆਂ ਹੀ ਕੀ ਕਿਹਾ ਸੀ?

ਰਤਨ ਸਿੰਘ : ਕੀ? ਮੈਨੂੰ ਤੇ ਕੁਝ ਨਹੀਂ ਪਤਾ!

ਬੁੱਢਾ : ਤੇਰੇ ਪਿਉ ਨੂੰ ਵੇਖਦਿਆਂ ਈ ਰੱਟ ਲਗਾ ਦਿੱਤੀ ਸੀ "ਜਾਹ ਬਰੀ ਕਰ ਦਿੱਤਾ! ਬਰੀ ਕਰ ਦਿੱਤਾ"! ਤੇ ਭਰੀ ਕਚਹਿਰੀ ਵਿੱਚ ਚਸ਼ਮਦੀਦ ਗਵਾਹ ਮੁੱਕਰ ਗਏ ਕਿ ਅਸੀਂ ਤੇ ਕਤਲ ਕਰਦਿਆਂ ਵੇਖਿਆ ਈ ਨਹੀਂ। ਫਿਰ ਹੋ ਗਿਆ ਤੇਰਾ ਪਿਓ ਬਰੀ! ਚੱਲ ਖੁਆ ਦੇ ਸਿੱਧੜ ਨੂੰ ਰੋਟੀ।

(ਰਤਨ ਸਿੰਘ ਪੋਟਲੀ ਖੋਲ੍ਹ ਕੇ ਸਿੱਧੜ ਅੱਗੇ ਕਰਦਾ ਹੈ। ਸਿੱਧੜ ਉਹਦੇ ਵੱਲ ਡਰੀਆਂ ਡਰੀਆਂ ਅੱਖਾਂ ਨਾਲ ਵੇਖਦਾ ਹੈ ਤੇ ਨਾਂਹ ਵਿੱਚ ਸਿਰ ਹਿਲਾ ਦਿੰਦਾ ਹੈ।)

ਰਤਨ ਸਿੰਘ : ਓਏ ਕੰਜਰ ਦਿਆ ਪੁੱਤਾ! ਕੂੜੇ 'ਚ ਮੂੰਹ ਮਾਰੇਂਗਾ, ਗੰਦ ਖਾਵੇਂਗਾ, ਤੇ ਰੋਟੀ ਨਹੀਂ ਖਾਣੀ! ਕਿਉਂ ਲੱਡੂ ਲਿਆਵਾਂ ਤੇਰੇ ਲਈ?

(ਸਿੱਧੜ ਨੇ ਮੂੰਹ ਗੋਲ ਕੀਤਾ ਤੇ ਉਂਗਲੀਆਂ ਗੋਲ ਕੇ ਬਣਾ ਕੇ ਮੂੰਹ ਵੱਲ ਲਿਜਾਂਦਾ ਹੈ ਤੇ ਹਾਂ ਵਿੱਚ ਸਿਰ ਹਿਲਾਉਂਦਾ ਹੈ।)

ਓਏ ਹਰਾਮਜ਼ਾਦਿਆ! ਸਿੱਧੀ ਤਰਾਂ ਰੋਟੀ ਖਾਣੀ ਓ ਤਾਂ ਖਾ ਲੈ! ਜੇ ਇੱਕ ਘਸੁੰਨ ਵੱਜ ਗਿਆ ਤੇ ਬੱਤੀ ਦੇ ਬੱਤੀ ਦੰਦ

ਬਾਹਰ ਆ ਜਾਣਗੇ। ਲੱਡੂ ਖਾਊ ਇਹ! ਮੇਰੇ ਘਰ ਮੁੰਡਾ ਹੋਇਆ ਨਾ ਜਿਹੜਾ ਤੈਨੂੰ ਲੱਡੂ ਦਿਆਂ?

(ਸਿੱਧੜ ਸਿਰ ਹਿਲਾਉਣਾ ਬੰਦ ਕਰਕੇ ਰਤਨ ਵੱਲ ਵੇਖ ਕੇ ਨੱਚਣਾ ਸ਼ੁਰੂ ਕਰਦਾ ਹੈ।)

ਸਿੱਧੜ : ਮੁੰਡਾ! ਲੱਡੂ! ਮੁੰਡਾ ਲੱਡੂ!

ਬੁੱਢਾ : (ਉਹਨੂੰ ਉਪਰ ਚੁੱਕਦਾ ਹੋਇਆ) ਅਸ਼ਕੇ ਉਏ! ਫੇਰ ਬੋਲ ਇੱਕ ਵਾਰ!

ਸਿੱਧੜ : ਮੁੰਡਾ! ਲੱਡੂ! ਮੁੰਡਾ! ਲੱਡੂ! ਮੁੰਡਾ! ਲੱਡੂ!

ਬੁੱਢਾ : ਰਤਨ ਸਿੰਹਾਂ! ਪਾਗਲਾਂ ਤੇ ਸਾਧੂਆਂ ਦੀ ਜੀਭ 'ਤੇ ਭਗਵਾਨ ਦਾ ਵਾਸਾ ਹੁੰਦਾ ਹੈ। ਗੁੱਸੇ ਜਾਂ ਖ਼ੁਸ਼ੀ 'ਚ ਜੋ ਵੀ ਕਹਿ ਦੇਣ ਹਮੇਸ਼ਾਂ ਸੱਚ ਹੁੰਦਾ ਹੈ। ਫਿਰ ਇਹ ਲੜਕਾ ਪਾਗਲ ਥੋੜ੍ਹਾ ਆ! ਸਿੱਧੜ ਆ, ਸਿੱਧੜ! ਉੱਤੋਂ ਬ੍ਰਾਹਮਣ ਦਾ ਪੁੱਤ! ਕੀ ਪਤੈ ਇਹਦੀ ਕੋਈ ਤਾਰ ਪ੍ਰਮਾਤਮਾ ਨਾਲ ਜੁੜੀ ਹੋਵੇ? ਖਵਾ ਦੇ ਚਾਰ ਲੱਡੂ! ਖੌਰੇ ਇਹਦੀ ਜ਼ੁਬਾਨ 'ਤੇ ਸੱਚ ਚੜ੍ਹ ਆਇਆ ਹੋਵੇ? ਲੈ ਚੱਲ ਜਗਤੇ ਦੀ ਦੁਕਾਨ ਤੇ! ਇੰਨੇ ਪੀਰ ਫ਼ਕੀਰ ਧਿਆ ਕੇ ਵੇਖ ਲਏ, ਸ਼ਾਇਦ ਭਗਵਾਨ ਸਿੱਧੜ ਦੀ ਹੀ ਸੁਣ ਲਵੇ!

(ਸਿੱਧੜ ਨੱਚਦਾ ਹੋਇਆ ਮੁੰਡਾ! ਲੱਡੂ!, ਮੁੰਡਾ! ਲੱਡੂ! ਬੋਲੀ ਜਾ ਰਿਹਾ ਹੈ। ਰਤਨ ਸਿੰਘ ਉਹਦੀ ਬਾਂਹ ਫੜ ਕੇ ਤੁਰਦਾ ਹੈ।)

ਬੁੱਢਾ : ਹੇ ਪ੍ਰਮਾਤਮਾ! ਤੇਰੀ ਲੀਲਾ ਵੀ ਅਪਰਮਪਾਰ ਹੈ, ਕੀ ਪਤਾ ਕਿਹੜੇ ਰੂਪ ਵਿੱਚ ਤੇਰੀ ਕਿਰਪਾ ਹੋ ਜਾਵੇ। (ਦੋਵੇਂ ਹੱਥ ਜੋੜ ਕੇ ਸਿਰ ਨਿਵਾਉਂਦਾ ਹੈ।)

(ਫੇਡ ਆਊਟ)

## ਦ੍ਰਿਸ਼ ਦੂਜਾ

(ਜਗਤੇ ਦੇ ਢਾਬੇ ਦਾ ਦ੍ਰਿਸ਼। ਜਗਤਾ ਥੜੇ ਤੇ ਬੈਠਾ ਬੀੜੀ ਪੀ ਰਿਹਾ ਹੈ। ਮੰਜੀ'ਤੇ ਕੁਝ ਲੋਕ ਬੈਠੇ ਹਨ। ਲੋਹੇ ਦੀ ਕੁਰਸੀ 'ਤੇ ਇੱਕ ਅਧਖੜ ਆਦਮੀ ਬੈਠਾ ਹੈ। ਉਸ ਦਾ ਪਹਿਰਾਵਾ ਦੂਜਿਆਂ ਨਾਲੋਂ ਵਧੀਆ ਤੇ ਵੱਖਰਾ ਹੈ।)

ਆਦਮੀ : ਮਾਸਟਰ ਜੀ! ਮੀਂਹ ਤੇ ਇਸ ਸਾਲ ਵੀ ਨਹੀਂ ਪਿਆ! ਝੋਨਾ ਲਾਉਣ ਦਾ ਮੌਸਮ ਵੀ ਲੰਘ ਚੱਲਿਆ ਹੈ। ਖ਼ੇਤ ਖ਼ਾਲੀ ਤਾਂ ਪੇਟ ਵੀ ਖ਼ਾਲੀ ਰੱਬ ਹੀ ਜਾਣੇ, ਸਾਡਾ ਕੀ ਬਣੇਗਾ?

ਮਾਸਟਰ : ਹਾਂ ਬਈ! ਸੱਚ ਕਹਿਨਾ ਏਂ! ਝੋਨੇ ਦੀ ਫਸਲ ਤਾਂ ਪਾਣੀ ਹੀ ਪਾਣੀ ਮੰਗਦੀ ਏ। ਬੀਜੋ ਤਾਂ ਪਾਣੀ! ਪਕਾਓ ਤਾਂ ਪਾਣੀ! ਜੇ ਖਾਓ ਤਾਂ ਪਾਣੀ ਨਾਲੇ ਅੱਗੇ ਕਿਹੜਾ ਅਸੀਂ ਸਵਰਗ ਵਿੱਚ ਬੈਠੇ ਹਾਂ ਕਿ ਕੁਝ ਵਿਗੜ ਜਾਊ? ਇਹ ਤਾਂ ਸਦੀਆਂ ਪੁਰਾਣਾ ਚੱਕਰ ਹੈ! ਕਿਸਾਨ ਫਸਲ ਬੀਜਦਾ ਏ ਪਰ ਵੱਢਦਾ ਵਿਚਾਰਾ ਲਹੂ ਏ! ਜਿਹੜਾ ਅੰਨ ਉਗਾਉਂਦਾ ਹੈ ਉਹ ਭੁੱਖਾ ਮਰਦਾ ਹੈ। ਮਲਾਹ ਦਾ ਹੁੱਕਾ ਹਮੇਸ਼ਾਂ ਸੁੱਕਾ ਤੇ ਮੋਚੀ ਦੇ ਪੈਰ ਹਮੇਸ਼ਾਂ ਨੰਗੇ। (ਸਿੱਧੜ ਦੌੜਦਾ ਹੋਇਆ ਮੰਚ 'ਤੇ ਦਾਖ਼ਲ ਹੁੰਦਾ ਹੈ। ਲੱਡੂਆਂ ਦੇ ਥਾਲ ਅੱਗੇ ਨੱਚਣਾ ਅਤੇ ਮੁੰਡਾ-ਲੱਡੂ... ਮੁੰਡਾ-ਲੱਡੂ! ਦੀ ਰੱਟ ਲਗਾਉਣੀ ਸ਼ੁਰੂ ਕਰ ਦਿੰਦਾ ਹੈ। ਉਥੇ ਬੈਠੇ ਲੋਕ ਹੈਰਾਨ ਹੋ ਜਾਂਦੇ ਹਨ।)

ਰਤਨ ਸਿੰਘ : ਜਗਤਿਆ! ਇਸ ਸਿੱਧੜ ਨੂੰ ਖੁਆ ਦੇ ਚਾਰ ਲੱਡੂ।

ਜਗਤਾ : ਬੱਲੇ ਉਏ ਸ਼ੇਰ ਦੇ! ਪੁੱਤਰ ਜੰਮ ਪਿਆ! ਜੱਟ ਤੇ ਕੰਜੂਸ? ਉਏ ਬੋਤਲ ਮੰਗਵਾ! ਬੋਤਲ!

ਰਤਨ ਸਿੰਘ : ਕੁਝ ਨਹੀਂ ਹੋਇਆ ਅਜੇ ਤੇਰੀ ਮਾਂ ਨੂੰ! ਡਾਕਟਰਨੀ ਕਹਿੰਦੀ

ਏ! ਬੱਚਾ ਕੱਲ੍ਹ ਤੱਕ ਹੋਵੇਗਾ, ਇਸੇ ਲਈ ਮੈਂ ਹਸਪਤਾਲੋਂ ਮੁੜ ਆਇਆਂ! ਤੂੰ ਇਹਨੂੰ ਖੁਆ ਦੇ ਚਾਰ ਲੱਡੂ!

(ਸਿੱਧੜ ਅਜੇ ਵੀ ਮੁੰਡਾ-ਲੱਡੂ! ਦੀ ਰੱਟ ਲਗਾ ਰਿਹਾ ਹੈ।)

ਜਗਤਾ : ਵੇਖ ਬਈ ਰਤਨ ਸਿੰਹਾਂ! ਮੈਂ ਤੇਰੇ ਨਾਲ ਅੱਠਵੀਂ ਤੱਕ ਸਕੂਲ 'ਚ ਪੜ੍ਹਿਆ ਆਂ! ਜਮਾਤੀ ਰਹੇ ਆਂ ਇਸੇ ਲਈ ਤੈਨੂੰ ਸੱਚੀ ਗੱਲ ਕਹਿ ਰਿਹਾਂ, ਬਈ ਤੇਰੀ ਮੱਤ ਤੇ ਨਹੀਂ ਮਾਰੀ ਗਈ? ਸਿੱਧੜ ਨੇ ਕਿਹਾ ਤੇ ਤੂੰ ਮੰਨ ਗਿਆ ਕਿ ਮੁੰਡਾ ਈ ਹੋਵੇਗਾ! ਇਹ ਸਾਲਾ ਹਿਮਾਲੀਆ ਪਰਬਤ ਤੋਂ ਉੱਤਰਿਆ ਸਾਧੂ ਸੰਨਿਆਸੀ ਹੈ ਕਿ ਜੋ ਕਿਹਾ ਉਹ ਸੱਚ ਹੋ ਜਾਊ?

ਮਾਸਟਰ : ਉਏ ਆਕਾਸ਼ਬਾਣੀ! ਅੱਠ ਜਮਾਤਾਂ ਪੜ੍ਹ ਕੇ ਤੂੰ ਵਿਦਵਾਨ ਕਦੋਂ ਦਾ ਬਣ ਗਿਐਂ? ਖੋਤੇ ਦੀ ਪਿੱਠ 'ਤੇ ਗੀਤਾ ਰੱਖਣ ਨਾਲ ਉਹ ਗਿਆਨੀ ਨਹੀਂ ਬਣ ਜਾਂਦਾ! ਜਿਹੜਾ ਕਿਸਮਤ ਦੀ ਮਾਰ ਤੋਂ ਹਾਰ ਜਾਵੇ ਉਹ ਧਰਮ ਦਾ ਓਟ ਆਸਰਾ ਲਵੇਗਾ ਕਿ ਨਹੀਂ? ਹਾਰੇ ਹੋਏ ਆਦਮੀ ਲਈ ਅੰਧਵਿਸ਼ਵਾਸ਼ ਹੀ ਸੱਚ ਤੇ ਸਹਾਰਾ ਹੁੰਦਾ ਹੈ। ਸਾਰੇ ਦੇਸ਼ ਨੇ ਹੀ ਧਰਮ ਦੀ ਪੂਛ ਫੜੀ ਹੋਈ ਹੈ। ਜੇ ਸਿੱਧੜ ਦੀ ਗੱਲ ਨਾਲ ਰਤਨ ਸਿੰਘ ਦਾ ਕਲੇਜਾ ਠੰਡਾ ਹੁੰਦਾ ਏ ਤਾਂ ਤੈਨੂੰ ਕਿਉਂ ਤਾਪ ਚੜ੍ਹ ਗਿਆ? ਦੇ ਦੇ ਇਹਨੂੰ ਚਾਰ ਲੱਡੂ!

(ਜਗਤਾ ਕਾਗਜ਼ 'ਤੇ ਲੱਡੂ ਰੱਖ ਕੇ ਸਿੱਧੜ ਨੂੰ ਦਿੰਦਾ ਹੈ। ਉਹ ਸਬੂਤਾ ਲੱਡੂ ਨਿਗਲ ਲੈਂਦਾ ਹੈ।)

ਆਦਮੀ : ਮਾਸਟਰ ਜੀ! ਤੁਸੀਂ ਜਗਤੇ ਨੂੰ ਹਮੇਸ਼ਾਂ ਆਕਾਸ਼ਬਾਣੀ ਕਿਉਂ ਕਹਿੰਦੇ ਹੋ?

ਮਾਸਟਰ : ਇਹ ਜਗਤਾ ਸੱਚ ਤੇ ਝੂਠ ਦੀ ਜੜ੍ਹ ਜੋ ਏ! ਇਹਦੀ ਦੁਕਾਨ ਏ ਸੜਕ ਦੇ ਕੰਢੇ। ਕਾਰਾਂ ਵਾਲੇ ਚਾਹ ਪਾਣੀ ਲਈ ਇਥੇ ਰੁਕਦੇ ਨੇ। ਜਗਤਾ ਉਹਨਾਂ ਦੀਆਂ ਗੱਲਾਂ ਸੁਣਦਾ ਰਹਿੰਦਾ। ਤੇ ਤੈਨੂੰ ਇਹ ਪਤਾ ਹੋਣਾ ਚਾਹੀਦਾ ਬਈ ਕਾਰਾਂ ਵਾਲੇ ਪੈਦਲ ਚੱਲਣ ਵਾਲਿਆਂ ਨਾਲੋਂ ਜ਼ਿਆਦਾ ਬੁੱਧੀਮਾਨ ਤੇ ਸਿਆਣੇ ਮੰਨੇ ਜਾਂਦੇ ਨੇ। ਜਗਤਾ ਸੱਚੀਆਂ ਝੂਠੀਆਂ ਗੱਲਾਂ ਪਿੰਡ ਵਾਲਿਆਂ ਨੂੰ ਸੁਣਾ ਦਿੰਦਾ। ਫਿਰ ਹੋਇਆ ਨਾ ਆਕਾਸ਼ਬਾਣੀ!

(ਸਿੱਧੜ ਚਾਰੇ ਲੱਡੂ ਨਿਗਲ ਕੇ ਥਾਲ ਦੇ ਬਿਲਕੁੱਲ ਕੋਲ ਖੜਾ ਲੱਡੂਆਂ ਵੱਲ ਵੇਖ ਰਿਹਾ ਹੈ।)

ਰਤਨ ਸਿੰਘ : ਮੈਂ ਜਦੋਂ ਹਸਪਤਾਲੋਂ ਆ ਰਿਹਾ ਸਾਂ ਤਾਂ ਸਿੱਧੜ ਨੂੰ ਕੂੜੇ ਦੇ ਢੇਰ ਵਿੱਚ ਕੁੱਤਿਆਂ ਵਾਂਗ ਮੂੰਹ ਮਾਰਦਿਆਂ ਵੇਖਿਆ। ਮੈਂ ਰੋਟੀ ਦਿੱਤੀ ਤਾਂ ਲਈ ਨਾ। ਬਸ ਇੱਕੋ ਰੱਟ ਲਗਾਈ ਜਾਵੇ ਅਖੇ ਲੜਕਾ! ਲੱਡੂ!

ਆਦਮੀ : ਭੁੱਖ ਆਦਮੀ ਨੂੰ ਜਾਨਵਰ ਬਣਾ ਦਿੰਦੀ ਹੈ। ਘਰ 'ਚ ਗਰੀਬੀ ਚੌਂਕੜੀ ਮਾਰੀ ਬੈਠੀ ਹੈ ਤੇ ਪੰਡਤ ਸ਼ਰਾਬੀ। ਲੜਕਾ ਕੂੜੇ ਦੇ ਢੇਰ ਵਿੱਚ ਮੂੰਹ ਨਾ ਮਾਰੂ ਤਾਂ ਹੋਰ ਕੀ ਪਕਵਾਨ ਖਾਵੇਗਾ? ਸ਼ਰਾਬੀ ਬ੍ਰਾਹਮਣ ਹੈ ਸ਼ਰਾਬੀ! ਬੜੇ ਬੜੇ ਰਾਜੇ-ਮਹਾਰਾਜੇ ਬੋਤਲ ਦੀ ਭੇਂਟ ਚੜ੍ਹ ਗਏ! ਪੰਡਤ ਕਿਸ ਬਾਗ਼ ਦੀ ਮੂਲੀ ਆ? ਮੇਰੀ ਇੱਕ ਗੱਲ ਪੱਲੇ ਬੰਨ੍ਹ ਲਵੋ! ਉਹਦੇ ਦੂਜੇ ਬੱਚੇ ਜਾਂ ਤੇ ਜੇਬ ਕਤਰੇ ਬਣਨਗੇ ਜਾਂ ਸੜਕਾਂ 'ਤੇ ਭਿੱਖਿਆ ਮੰਗਣਗੇ ਭਿਖਿਆ।

ਮਾਸਟਰ : ਸੱਚ ਕਿਹ ਈ! ਗੱਲ ਤੇਰੀ ਸੋਲਾਂ ਆਨੇ ਸੱਚ ਹੈ। ਪੰਡਤ ਇਧਰ ਦਾ ਬ੍ਰਾਹਮਣ ਨਹੀਂ, ਪਾਕਿਸਤਾਨ ਵਾਲੇ ਪੰਜਾਬੋਂ ਵੰਡ ਮਗਰੋਂ ਇਥੇ ਆ ਕੇ ਵੱਸਿਆ ਸੀ। ਉਸ ਇਲਾਕੇ ਦੇ ਲੋਕ ਭਿਖਿਆ ਨਹੀਂ ਸੀ ਮੰਗਦੇ। ਜ਼ਿੰਮੀਂਦਾਰਾ ਕਰਦੇ ਸਨ ਜਾਂ ਫੌਜ-ਪੁਲੀਸ ਵਿੱਚ ਭਰਤੀ ਹੋ ਜਾਂਦੇ ਸਨ। ਇਹ ਪੰਡਤ ਪਰਸ਼ੂਰਾਮ ਹੈ ਪਰਸ਼ੂਰਾਮ! ਜਦੋਂ ਵੇਖੋ ਬੰਬ ਵਾਂਗ ਫਟਿਆ ਕਿ ਫਟਿਆ। ਮੈਂ ਇੱਕ ਵਾਰੀ ਸਮਝਾਇਆ ਬਈ ਰੋਜ਼ ਬੋਤਲ ਨਾ ਚੜ੍ਹਾਇਆ ਕਰ ਤੇ ਪਤਾ ਕੀ ਜੁਆਬ ਦਿੱਤਾ...?

ਸਾਰੇ ਇਕੱਠੇ : ਕੀ?

ਮਾਸਟਰ : 'ਮਾਸਟਰਾ ਇਹ ਸਿੱਖਿਆ ਆਪਣੇ ਸਕੂਲ 'ਚ ਈ ਦਿਆ ਕਰ! ਪਤੈ? ਸਾਡੇ ਇਲਾਕੇ 'ਚ ਬ੍ਰਾਹਮਣਾਂ ਬਾਰੇ ਇੱਕ ਮਿਸਾਲ ਮਸ਼ਹੂਰ ਸੀ 'ਬ੍ਰਾਹਮਣ ਕਾ ਪੂਤ, ਕੋਈ ਜਿੰਨ ਕੋਈ ਭੂਤ! ਕੋਈ ਵਿਰਲਾ ਈ ਸਪੂਤ!'

ਜਗਤਾ : ਕਿਆ ਕਹਿਣੇ! ਪੰਡਤ ਸਾਲਾ ਤੇ ਕਵਿਤਾ ਬੋਲਦਾ ਕਵਿਤਾ! ਮਾਸਟਰ ਜੀ ਉਹਨੂੰ ਬੰਬਈ ਘੱਲ ਦਿਓ, ਫਿਲਮਾਂ 'ਚ ਬੜਾ

ਫਿੱਟ ਬੈਠੇਗਾ। (ਕੰਨ 'ਤੇ ਹੱਥ ਰੱਖ ਕੇ ਕਿਸੇ ਕਵੀ ਦੀ ਨਕਲ ਉਤਾਰਦਾ ਹੋਇਆ) ਬ੍ਰਾਹਮਣ ਕਾ ਪੂਤ ......।

ਆਦਮੀ : ਜਗਤਿਆ ਤੂੰ ਵੀ ਕਿਸੇ ਕਵੀ ਨਾਲੋਂ ਘੱਟ ਨਹੀਂ ਲੱਗਦਾ।

ਜਗਤਾ : ਹਾਏ! ਪੰਡਤਾਣੀ ਵਰਗੀ ਜ਼ਨਾਨੀ ਮਿਲ ਜਾਏ ਤਾਂ ਰੋਜ਼ ਤਿੰਨ ਤਿੰਨ ਕਵਿਤਾਵਾਂ ਲਿਖ ਮਾਰਿਆ ਕਰਾਂ। ਹਾਏ! ਕਿੰਨਾ ਹੁਸਨ ਏ! ਇੰਨੇ ਨਿਆਣੇ ਜੰਮਣ ਤੋਂ ਬਾਅਦ ਵੀ ਕਤਲ ਕਰਦੀ ਏ ਕਤਲ! (ਨਕਲ ਲਾਉਂਦਾ ਹੋਇਆ) ਮੈਂ ਕਹੀਂ ਕਵੀ ਨਾ ਬਣ ਜਾਊਂ! ਤੇਰੇ ਪਿਆਰ ਮੇਂ .....ਏ ਪੰਡਤਾਣੀ ...।

ਰਤਨ ਸਿੰਘ : ਉਏ ਜ਼ੁਬਾਨ ਨੂੰ ਲਗਾਮ ਦੇ! ਜੇ ਪਰਸ਼ੂਰਾਮ ਨੇ ਸੁਣ ਲਿਆ ਤਾਂ ਤੇਰੀਆਂ ਲੱਤਾਂ ਵੱਢ ਦਿਊ।
(ਸਿੱਧੜ ਫੇਰ ਰੱਟ ਲਗਾਉਣਾ ਸ਼ੁਰੂ ਕਰਦਾ ਹੈ ਮੁੰਡਾ-ਲੱਡੂ! ...।)
ਜਗਤਿਆ! ਦੇ ਦੇ ਚਾਰ ਲੱਡੂ ਹੋਰ!

ਮਾਸਟਰ : ਰਤਨ ਸਿੰਹਾਂ! ਕਿਸੇ ਨੂੰ ਦੇਖਭਾਲ ਲਈ ਵੀ ਹਸਪਤਾਲ ਛੱਡਿਆ ਕਿ ਨਹੀਂ?

ਰਤਨ ਸਿੰਘ : ਮਾਂ ਉਥੇ ਈ ਆ! ਨਾਲੇ ਡਾਕਟਰਨੀ ਕਹਿੰਦੀ ਸੀ ਕਿ ਬੱਚਾ ਕੱਲ੍ਹ ਹੋਵੇਗਾ। ਫੇਰ ਮੈਂ ਸੋਚਿਆ ਬਈ ਮਨਾ ਇਥੇ ਮੇਰਾ ਕੀ ਕੰਮ! ਸੋ ਮੈਂ ਮੁੜ ਆਇਆ। ਹੁਣ ਸਵੇਰੇ ਜਾਵਾਂਗਾ। ਮੇਰਾ ਉਥੇ ਕੀ ਕੰਮ?

ਜਗਤਾ : ਆਹੋ! ਤੇਰਾ ਉਥੇ ਕੀ ਕੰਮ? ਤੂੰ ਤੇ ਆਪਣਾ ਕੰਮ ਪਹਿਲਾਂ ਈ ਕਰ ਛੱਡਿਆ।

ਮਾਸਟਰ : ਰਤਨ ਸਿੰਹਾਂ! ਤੇਰਾ ਦਿਮਾਗ ਤੇ ਖ਼ਰਾਬ ਨਹੀਂ! ਉਥੇ ਕੋਈ ਮਰਦ ਵੀ ਹੈ ਕਿ ਨਹੀਂ? ਬਈ ਵਕਤ ਬੇਵਕਤ ਕੋਈ ਲੋੜ ਪੈ ਜਾਵੇ ਤਾਂ ਫੇਰ?

ਰਤਨ ਸਿੰਘ : ਮਾਸਟਰ ਜੀ! ਰਾਮ ਭਰੋਸੇ ਨੂੰ ਉਥੇ ਛੱਡ ਆਇਆਂ! ਮੈਂ ਸੋਚਿਆ ਬਈ ਸਿਆਣਾ ਏ! ਕੋਈ ਜਰੂਰਤ ਪੈ ਗਈ ਤਾਂ ਸੰਭਾਲ ਲਵੇਗਾ। ਘਰ ਦਾ ਕੰਮ ਕਾਜ ਵੀ ਤੇ ਉਹੀ ਕਰਦਾ ਏ।
(ਸਿੱਧੜ ਦੀ ਮੁੰਡਾ-ਲੱਡੂ! ...ਦੀ ਰੱਟ ਜਾਰੀ ਹੈ। ਜਗਤਾ ਚਾਰ ਲੱਡੂ ਕਾਗਜ਼ 'ਤੇ ਰੱਖ ਕੇ ਸਾਹਮਣੇ ਕਰਦਾ ਹੈ ਤੇ ਜਦ ਸਿੱਧੜ

ਫੜਨ ਲੱਗਦਾ ਹੈ ਤਾਂ ਹੱਥ ਪਿੱਛੇ ਖਿੱਚ ਲੈਂਦਾ ਹੈ। ਸਿੱਧੜ ਉੱਚੀ ਉੱਚੀ ਚੀਕਦਾ ਹੈ ... ਮੁੰਡਾ! ਲੱਡੂ! ...।)
ਓਇ ਜਗਤਿਆ ਕਿਉਂ ਤੰਗ ਕਰਦਾ ਏਂ ਪਿਉ ਨੂੰ? ਫੜਾ ਦੇ ਲੱਡੂ!

ਜਗਤਾ : ਦੇ ਤਾਂ ਰਿਹਾਂ! ਸਿੱਧੜ ਫੜਦਾ ਈ ਨਹੀਂ। (ਵਿਅੰਗ ਨਾਲ) ਜੇ ਕਹੇਂ ਤਾਂ ਗੋਦੀ 'ਚ ਬੈਠਾ ਕੇ ਖੁਆਵਾਂ? ਲੋਰੀ ਸੁਣਾਵਾਂ?
(ਸਿੱਧੜ ਝਪਟ ਕੇ ਮਠਿਆਈ ਕੱਟਣ ਵਾਲਾ ਚਾਕੂ ਫੜਦਾ ਹੈ। ਜਗਤਾ ਬਚਾਓ... ਦੀ ਲੰਬੀ ਚੀਕ ਮਾਰਦਾ ਹੋਇਆ ਥੜ੍ਹੀ ਤੋਂ ਹੇਠਾਂ ਛਾਲ ਮਾਰਕੇ ਮੰਜੀ ਦੇ ਓਹਲੇ ਖੜਾ ਹੋ ਜਾਂਦਾ ਹੈ। ਸਿੱਧੜ ਉਹਦੇ ਵੱਲ ਦੌੜ੍ਹਦਾ ਹੈ ਤੇ ਲੋਕ ਵੀ ਉੱਠ ਖੜੋਂਦੇ ਹਨ। ਰਤਨ ਸਿੱਧੜ ਦੀ ਬਾਂਹ ਫੜ ਕੇ ਉਹਦੇ ਕੋਲੋਂ ਚਾਕੂ ਖੋਹ ਕੇ ਹੇਠਾਂ ਸੁੱਟ ਦਿੰਦਾ ਹੈ ਤੇ ਬਹੁਤ ਸਾਰੇ ਲੱਡੂ ਕਾਗਜ਼ 'ਤੇ ਪਾ ਕੇ ਉਸ ਨੂੰ ਦੇਂਦਾ ਹੈ। ਸਿੱਧੜ ਪੂਰਾ ਲੱਡੂ ਮੂੰਹ ਵਿੱਚ ਪਾ ਕੇ ਨਿਗਲਨਾ ਸ਼ੁਰੂ ਕਰਦਾ ਹੈ। ਜਗਤ ਅਜੇ ਵੀ ਡਰ ਨਾਲ ਕੰਬ ਰਿਹਾ ਹੈ।)

ਮਾਸਟਰ : ਜਗਤਿਆ ਤੈਨੂੰ ਕਿੰਨੀ ਵਾਰ ਸਮਝਾਇਆ ਏ ਕਿ ਹਰ ਕਿਸੇ ਨਾਲ ਪੰਗਾ ਨਾ ਲਿਆ ਕਰ। ਤੇਰੀਆਂ ਸ਼ਰਾਰਤਾਂ ਨੇ ਕਿਸੇ ਦਿਨ ਤੇਰੀ ਜਾਨ ਲੈ ਲੈਣੀ ਏ! ਜੇ ਰਤਨ ਸਿੱਧੜ ਨੂੰ ਨਾ ਫੜਦਾ ਤਾਂ ਤੇਰਾ ਤੇ ਕੀਰਤਨਾ ਸੋਹਲਾ ਪੜ੍ਹਿਆ ਜਾਣਾ ਸੀ ਅੱਜ। ਉਇ ਘੱਟੋ ਘੱਟ ਬ੍ਰਾਹਮਣਾਂ ਨੂੰ ਤੇ ਨਾ ਛੇੜਿਆ ਕਰ! ਸ਼ਾਇਦ ਤੂੰ ਸੁਣਿਆ ਨਹੀਂ ਕਿ 'ਜਦ ਬ੍ਰਾਹਮਣ ਹੱਥ ਛੁਰਾ ਤਾਂ ਉਹ ਕਸਾਈ ਤੋਂ ਵੀ ਬੁਰਾ'।

ਰਤਨ ਸਿੰਘ : ਜਗਤਿਆ ਇਹਨੂੰ ਲੱਡੂ ਖਾਂਦਿਆਂ ਵੇਖ ਤੇਰੀ ਕਿਉਂ ਮਾਂ ਮਰ ਗਈ ਆ? ਚਿੰਤਾ ਨਾ ਕਰ, ਸਾਰੇ ਪੈਸੇ ਮੈਂ ਦਿਆਂਗਾ।
(ਸਿੱਧੜ ਆਪਣੀ ਪੇਟ ਪੂਜਾ ਕਰਕੇ ਮੰਜੇ ਕੋਲ ਬੈਠ ਜਾਂਦਾ ਹੈ। ਉਹ ਢਿੱਡ 'ਤੇ ਹੱਥ ਫੇਰਦਾ ਹੋਇਆ ਹੇਠਾਂ ਲੇਟ ਜਾਂਦਾ ਹੈ। ਉਹਦਾ ਮੂੰਹ ਅਜੇ ਵੀ ਖੁੱਲ੍ਹੇ ਦਾ ਖੁੱਲ੍ਹਾ ਹੈ।)

ਜਗਤਾ : ਢਿੱਡ ਵੇਖ ਸਾਲੇ ਦਾ ਕਿਵੇਂ ਫੁੱਲਿਆ ਏ, ਜਿਦਾਂ ਕਿਰਲੀ ਨੇ ਕੀੜੇ ਖਾਧੇ ਹੋਣ। ਜੇ ਰਤਨ ਵਰਗੇ ਦੋ ਚਾਰ ਧਰਮਾਤਮਾ ਹੋਰ

ਹੋ ਜਾਣ ਤਾਂ ਸਿੱਧੜ ਦੀ ਤੇ ਚਾਂਦੀ ਹੀ ਚਾਂਦੀ ਆ! ਪੰਜੇ ਉਂਗਲਾਂ ਘਿਓ ਵਿੱਚ ਤੇ ਸਿਰ ਕੜਾਹੀ ਵਿੱਚ। ਮੇਰੀ ਮੰਨੋ ......। (ਇਕ ਦਮ ਭਈਆ ਰਾਮ ਭਰੋਸੇ ਦੌੜਦਾ ਹੋਇਆ ਮੰਚ 'ਤੇ ਦਾਖ਼ਲ ਹੁੰਦਾ ਹੈ। ਉਹ ਸਾਹੋ ਸਾਹੀ ਹੋਇਆ ਪੱਗ ਦੇ ਸਿਰੇ ਨਾਲ ਮੂੰਹ ਪੂੰਝ ਰਿਹਾ ਹੈ। ਸਾਰੇ ਖੜੇ ਹੋ ਜਾਂਦੇ ਹਨ। ਕਈ ਆਵਾਜਾਂ ਆਉਂਦੀਆਂ ਹਨ, 'ਭਈਆ ਹੈ ਹਸਪਤਾਲੋਂ ਆਇਆ ਹੈ।')

ਰਤਨ ਸਿੰਘ : ਓਏ ਰਾਮ ਭਰੋਸੇ! ਕੀ ਹੋਇਆ? ਸਭ ਖ਼ੈਰ ਸੁਖ ਤੇ ਹੈ ਨਾ? (ਰਾਮ ਭਰੋਸੇ ਮੂੰਹ ਖੋਲ੍ਹਦਾ ਹੈ ਪਰ ਆਵਾਜ਼ ਨਹੀਂ ਨਿਕਲਦੀ। ਜਗਤਾ ਉਹਦੇ ਮੂੰਹ 'ਤੇ ਪਾਣੀ ਦੇ ਛੱਟੇ ਮਾਰਦਾ ਹੈ।) ਜਲਦੀ ਬਕ ਕੀ ਗੱਲ ਆ?

ਰਾਮ ਭਰੋਸੇ : ਲੜਕਾ!

ਰਤਨ ਸਿੰਘ : ਸਾਲਿਆ ਭਈਆ! ਤੂੰ ਮਰੇਂਗਾ ਅੱਜ ਮੇਰੇ ਹੱਥੋਂ! ਉੱਚੀ ਬੋਲ ਉੱਚੀ।

ਰਾਮ ਭਰੋਸੇ : ਸਰਦਾਰ ਜੀ! ਲੜਕਾ ਹੂਆ ਹੈ ਲੜਕਾ! ਮਾਤਾ ਜੀ ਨੇ ਆਪ ਕੋ ਤੁਰੰਤ ਹਸਪਤਾਲ ਬੁਲਾਇਆ ਹੈ। ਮਾਲਿਕ! ਰਾਮ ਜੀ ਕੀ ਕ੍ਰਿਪਾ ਹੋ ਗਈ ਔਰ ਆਪ ਕੀ ਫਰਿਆਦ ਸੁਨ ਲੀ। ਲੜਕਾ! ਗੋਰਾ ਚੀਟਾ! ਗੋਲ ਮਟੋਲ ਲੜਕਾ। (ਰਤਨ ਸਿੰਘ ਭਈਏ ਨੂੰ ਗੋਦੀ 'ਚ ਚੁੱਕ ਕੇ ਗੋਲ ਚੱਕਰ ਕੱਟਦਾ ਹੈ। ਫਿਰ ਹੇਠਾਂ ਉਤਾਰ ਕੇ ਜੱਫ਼ੀ ਪਾਉਂਦਾ ਹੈ।)

ਰਤਨ ਸਿੰਘ : ਜੀ ਉਏ ਮੇਰਿਆ ਸ਼ੇਰਾ! ਤੇਰੇ ਮੂੰਹ 'ਚ ਘਿਉ ਸ਼ੱਕਰ! ਤੇਰੇ ਲਈ ਪੈਲੀਆਂ 'ਚ ਕੋਠਾ ਨਾ ਬਣ ਦਿਆਂ ਤਾਂ ਮੇਰਾਂ ਨਾਂ ਵੀ ਰਤਨ ਸਿੰਘ ਨਹੀਂ। ਜਾਹ ਲੈ ਆ ਆਪਣੇ ਨਿਆਣੇ ਤੇ ਜ਼ਨਾਨੀ ਬਿਹਾਰੋਂ! (ਜਗਤਾ ਮੂੰਹ 'ਤੇ ਹੱਥ ਰੱਖ ਕੇ ਢੋਲਕੀ ਦੀ ਆਵਾਜ਼ ਕੱਢਦਾ ਹੈ ਤੇ ਭੰਗੜਾ ਪਾਉਣਾ ਸ਼ੁਰੂ ਕਰ ਦਿੰਦਾ ਹੈ।)

ਜਗਤਾ : ਜੈ ਹੋ ਮੁਰਲੀ ਮਨੋਹਰ ਦੀ! ਰਤਨ ਸਿੰਹਾਂ ਲੜਕਾ ਹੋ ਗਿਆ, ਲੜਕਾ! ਰੱਬ ਦੇ ਰੂਪ ਨਿਰਾਲੇ ਜਾਵਾਂ ਵਾਰੇ, ਭਰ ਦਿੱਤੇ ਭੰਡਾਰੇ! ਜੈ ਮਾਤਾ ਸ਼ੇਰਾਂ ਵਾਲੀ ਦੀ।

(ਆਵਾਜ਼ਾਂ ਆਉਂਦੀਆਂ ਹਨ 'ਮਠਿਆਈ ਖੁਆਓ! ਮਠਿਆਈ

ਖੁਆਓ!) ਖਬਰਦਾਰ! ਜੇ ਕਿਸੇ ਨੇ ਮਠਿਆਈ ਦੀ ਗੱਲ ਕੀਤੀ ਤਾਂ! ਅੱਜ ਤੇ ਲਾਲ ਪਰੀ ਆਊ! ਲਾਲ ਪਰੀ! ਬੂ...ਆ...।

ਰਤਨ ਸਿੰਘ : ਉਏ ਮਿੱਤਰਾ! ਅੱਜ ਤੇ ਭਾਵੇਂ ਪੂਰਾ ਠੇਕਾ ਈ ਖ਼ਰੀਦ ਲੈ! ਪੂਰਾ ਠੇਕਾ! ਸਾਰੇ ਪਿੰਡ ਨੂੰ ਪਿਆਵਾਂਗਾ! ਰਤਨ ਸਿੰਘ ਸਰਦਾਰ ਦੇ ਘਰ ਮੁੰਡਾ ਹੋਇਐ! ਕਿਸੇ ਨੱਥੂ-ਖੈਰੇ ਦੇ ਨਹੀਂ। ਪੂਰੀ ਵੀਹ ਕਿੱਲੇ ਜ਼ਮੀਨ ਏ, ਵੀਹ ਕਿੱਲੇ!

ਜਗਤਾ : ਯਾਰ ਰਤਨ ਸਿੰਹਾਂ! ਸਿੱਧੜ ਦੀ ਗੱਲ ਤੇ ਸੱਚੀ ਨਿਕਲ ਆਈ!

ਮਾਸਟਰ : ਉਏ ਆਕਾਸ਼ਬਾਣੀ! ਤੇਰੇ ਮੂੰਹ 'ਚ ਕੀੜੇ ਪੈਣਗੇ, ਕੀੜੇ...। ਖ਼ਬਰਦਾਰ ਜੇ ਅੱਜ ਤੋਂ ਕਿਸੇ ਨੇ ਉਹਨੂੰ ਸਿੱਧੜ ਕਿਹਾ ਤਾਂ! ਪਾਗਲ ਤੇ ਫਕੀਰਾਂ ਦੀ ਜ਼ੁਬਾਨ 'ਤੇ ਭਗਵਾਨ ਦਾ ਵਾਸਾ ਹੁੰਦਾ ਹੈ। ਸਿੱਧੜ ਨਾ ਬੋਲ, ਬਾਲ ਭਗਵਾਨ ਨੇ ਇਹ ਤਾਂ, ਬਾਲ ਭਗਵਾਨ ...! ਲੈ ਲਿਆ ਆਵਤਾਰ ਬਾਲ ਭਗਵਾਨ ਨੇ! ਸਾਰੇ ਮਿਲ ਕੇ ਬੋਲੋ 'ਬਾਲ ਭਗਵਾਨ ਕੀ...। ਜੈ!' (ਸਾਰੇ ਜੈਕਾਰੇ ਲਗਾਉਂਦੇ ਹਨ। ਸਿੱਧੜ ਭੈਭੀਤ ਹੋ ਕੇ ਉੱਠਦਾ ਹੈ ਤੇ ਡਰਿਆ ਤੇ ਸਹਿਮਿਆ ਹੋਇਆ ਸਭ ਨੂੰ ਵੇਖਦਾ ਹੈ। ਰਤਨ ਸਿੰਘ ਉਸ ਨੂੰ ਚੁੱਕ ਕੇ ਮੋਢੇ 'ਤੇ ਬੈਠਾ ਲੈਂਦਾ ਹੈ। 'ਜੈ ਬਾਲ ਭਗਵਾਨ ਦੀ' ਕਹਿੰਦਾ ਹੋਇਆ ਨੱਚਣਾ ਸ਼ੁਰੂ ਕਰ ਦਿੰਦਾ ਹੈ। ਲੋਕ ਵੀ ਜੈਕਾਰੇ ਲਗਾਉਂਦੇ ਹੋਏ ਨੱਚਦੇ ਹਨ।)

ਮਾਸਟਰ : ਚੱਲੋ! ਪੰਡਤ ਦੇ ਘਰ ਚੱਲੀਏ! ਉਸ ਬਦਨਸੀਬ ਨੂੰ ਵੀ ਦੱਸੀਏ ਕਿ ਉਹਦੇ ਘਰ ਭਗਵਾਨ ਨੇ ਆਵਤਾਰ ਧਾਰ ਲਿਆ! ਜੈ ਬਾਲ ਭਗਵਾਨ ਦੀ!

ਫੇਡ ਆਊਟ

(ਮੰਚ ਤੇ ਰੋਸ਼ਨੀ ਹੋਣ ਤੇ ਭਜਨ ਮੰਡਲੀ ਵੈਸ਼ਨੋ ਦੇਵੀ ਦੀ ਭੇਂਟ ਅਤੇ ਪੰਜਾਬ ਦੀ ਲੋਕ ਗੀਤ ਸ਼ੈਲੀ ਵਿੱਚ ਭਜਨ ਗਾਉਂਦੀ ਹੈ।)

ਲਾਲੀ ਮੇਰੇ ਲਾਲ ਕੀ, ਜਿਤੁ ਦੇਖਾਂ ਤਿਤੁ ਲਾਲ।
ਲਾਲੀ ਵੇਖਣ ਮੈਂ ਗਈ, ਮੈਂ ਵੀ ਹੋ ਗਈ ਲਾਲ।

(ਫੇਡ ਆਊਟ)

# ਦ੍ਰਿਸ਼ ਤੀਸਰਾ

(ਮੰਚ ਤੇ ਹਨੇਰਾ ਹੈ। ਕਾਂਸੀ ਦੇ ਬਰਤਨ ਡਿੱਗਣ ਦੇ ਨਾਲ ਹੀ ਇੱਕ ਔਰਤ ਦੀ ਉੱਚੀ ਤੇ ਤਿੱਖੀ ਚੀਕ ਦੀ ਆਵਾਜ਼ ਆਉਂਦੀ ਹੈ ਜਿਸ ਦੇ ਨਾਲ ਹੀ ਪੰਡਤ ਮੰਚ 'ਤੇ ਦਾਖ਼ਲ ਹੁੰਦਾ ਹੈ। ਉਹਦਾ ਚਿਹਰਾ ਗੁੱਸੇ ਵਿੱਚ ਲਾਲ ਹੈ।)

ਪੰਡਤ : ਜਦੋਂ ਵੇਖੋ ਸ਼ਰਾਬ ਦਾ ਰੋਣਾ! (ਉੱਚੀ ਆਵਾਜ਼ ਨਾਲ) ਸ਼ਰਾਬ ਪੀਂਦਾ ਆਂ ਤਾਂ ਆਪਣੀ ਕਮਾਈ ਦੀ ਪੀਂਦਾ ਆਂ! ਤੇਰੇ ਪਿਓ ਦੇ ਪੈਸਿਆਂ ਦੀ ਨਹੀਂ ਪੀਂਦਾ? ਤਿੰਨ ਘੰਟੇ, ਸਿਖ਼ਰ ਦੁਪਹਿਰੇ ਸ਼ਮਸ਼ਾਨ ਘਾਟ ਵਿੱਚ ਖੜ੍ਹੇ ਹੋ ਕੇ ਮੁਰਦਾ ਫੂਕ ਕੇ ਘਰ ਆਓ ਤੇ ਮਿਲਦੀ ਆ ਠੰਡੀ ਰੋਟੀ। ਦੁਬਾਰਾ ਗਰਮ ਕਰਦਿਆਂ ਤੇਰੇ ਹੱਥਾਂ ਦੀ ਮਹਿੰਦੀ ਲੱਥ ਜਾਊ? ਮੈਨੂੰ ਲੱਗਦਾ ਤੇਰੀ ਮੌਤ ਮੇਰੇ ਹੱਥੋਂ ਲਿਖੀ ਆ! ਛੱਡਣ ਦੀ ਧਮਕੀ ਦਿੰਦੀ ਆ ਤੇ ਉਹ ਵੀ ਮੈਨੂੰ! (ਸਿਰ ਝੁਕਾਈ ਅੱਖਾਂ ਪੂੰਝਦੀ ਹੋਈ ਪੰਡਤਾਣੀ ਅੰਦਰੋਂ ਆਉਂਦੀ ਹੈ। ਪੰਡਤ ਦੀ ਆਵਾਜ਼ ਹੋਰ ਉੱਚੀ ਹੋ ਜਾਂਦੀ ਹੈ।) ਜਾਹ! ਨਿਕਲ ਜਾਹ ਮੇਰੇ ਘਰੋਂ! ਕਿਹੜੇ ਯਾਰ ਦੇ ਘਰ ਰਹੇਂਗੀ? ਤੂੰ ਜਾਣਦੀ ਨਹੀਂ ਔਰਤ ਦੀ ਔਕਾਤ! ਇਹ ਸੱਥ ਵਿੱਚ ਰੱਖੀ ਚਿਲਮ ਵਾਂਗ ਹੁੰਦੀ ਆ! ਜਦ ਜੀਅ ਕੀਤਾ ਕਸ਼ ਖਿਚਿਆ ਤੇ ਬਸ! ਜੇ ਮੇਰੇ ਘਰ ਰਹਿਣਾ ਈ ਤਾਂ ਮੇਰੀ ਮਰਜ਼ੀ ਨਾਲ ਰਹਿਣਾ ਪਊ, ਨਹੀਂ ਤੇ ਲੱਤਾਂ ਵੱਡ ਦਊਂ!

ਪੰਡਤਾਣੀ : ਰੱਬ ਦਾ ਵਾਸਤਾ ਈ ਹੌਲੀ ਬੋਲ! ਬੱਚਿਆਂ ਦੇ ਮੂੰਹ ਵੇਖ! ਡਰ ਨਾਲ ਪੀਲੇ ਪੈ ਗਏ ਨੇ। ਸਾਰੇ ਮੁਹੱਲੇ ਨੂੰ ਪਤਾ ਲੱਗ ਗਿਆ ਕਿ ਤੂੰ ਅੱਜ ਫੇਰ ਦਿਨੇ ਪੀ ਕੇ ਆਇਐਂ! ਮੈਂ ਕਹਿਣੀ ਆਂ ਤੈਨੂੰ ਮੇਰੇ ਨਾਲ ਨਹੀਂ ਬੋਤਲ ਨਾਲ ਵਿਆਹ ਕਰਵਾਉਣਾ

ਚਾਹੀਦਾ ਸੀ। ਕਿੰਨੀ ਜ਼ੋਰ ਨਾਲ ਗਿਲਾਸ ਮਾਰਿਆ, ਸਾਰੀ ਬਾਂਹ ਸੁੱਜ ਗਈ ਏ ਮੇਰੀ। ਜੇ ਸਿਰ 'ਤੇ ਲੱਗ ਜਾਦਾ ਤਾਂ ਸਿਰ ਪਾੜ ਜਾਣਾ ਸੀ।

(ਪੰਡਤ ਉਹਦੀ ਬਾਂਹ ਨੂੰ ਛੂੰਹਦਾ ਹੈ ਤੇ ਸੁੱਜੇ ਹੋਏ ਹਿੱਸੇ ਨੂੰ ਹੱਥ ਨਾਲ ਮਲਦਾ ਹੈ। ਗੁੱਸਾ ਹੁਣ ਸਰੀਰਕ ਨਸ਼ੇ ਵਿੱਚ ਬਦਲ ਰਿਹਾ ਹੈ ਅਤੇ ਉਹ ਬਾਂਹ ਨੂੰ ਹੋਰ ਕੱਸ ਕੇ ਫੜ ਲੈਂਦਾ ਹੈ।)

ਪੰਡਤ : ਬੋਤਲ ਨਾਲ ਹੀ ਤਾਂ ਵਿਆਹ ਕੀਤਾ ਏ! ਕੌੜੀ ਵੀ ਤੇ ਨਸ਼ੇ ਨਾਲ ਪੂਰੀ ਤਰਾਂ ਭਰੀ ਵੀ......।

ਪੰਡਤਾਣੀ : (ਬਾਂਹ ਛੁਡਾ ਕੇ) ਤੈਨੂੰ ਜਿਹੜੀ ਅੱਗ ਲੱਗੀ ਏ ਨਾ, ਮੈਨੂੰ ਸਭ ਪਤਾ ਆ। ਇੱਕ ਵਾਰੀ ਬਾਹਰ ਜਾ ਕੇ ਸਿੱਧੜ ਨੂੰ ਤੇ ਵੇਖ ਕੇ ਆ! ਸਵੇਰ ਦਾ ਗਿਆ ਵਾਪਿਸ ਈ ਨਹੀਂ ਪਰਤਿਆ। ਗੁਆਂਢਣਾਂ ਫੇਰ ਗੱਲਾਂ ਕਰ ਰਹੀਆਂ ਨੇ ਕਿ ਉਹਨਾਂ ਕੂੜੇ ਦੇ ਢੇਰ ਵਿੱਚ ਮੂੰਹ ਮਾਰਦਿਆਂ ਵੇਖਿਆ! ਕਿਸੇ ਬੱਸ-ਕਾਰ ਦੇ ਹੇਠਾਂ ਨਾ ਆ ਗਿਆ ਹੋਵੇ!

ਪੰਡਤ : ਕਿਸੇ ਬੱਸ-ਕਾਰ ਦੇ ਹੇਠਾਂ ਆ ਕੇ ਮਰ ਜਾਏ ਤਾਂ ਮੁਕਤੀ ਨਾ ਹੋ ਜਾਵੇ! ਸਾਡੀ ਵੀ ਤੇ ਉਹਦੀ ਵੀ? ਕਿਸੇ ਨੇ ਠੀਕ ਈ ਕਿਹਾ ਏ ਕਿ ਪ੍ਰਮਾਤਮਾਂ ਜਿਹੜੀਆਂ ਔਰਤਾਂ ਨੂੰ ਸ਼ਕਲ ਦਿੰਦਾ ਏ ਉਹਨਾਂ ਨੂੰ ਅਕਲ ਨਹੀਂ ਦਿੰਦਾ।

ਪੰਡਤਾਣੀ : ਤੂੰ ਜੇ ਇੱਕ ਦਿਨ ਨਾ ਪੀਵੇਂਗਾ ਤਾਂ ਪਰਲੋ ਨਹੀਂ ਆ ਚੱਲੀ? ਗਰੀਬੀ ਨੇ ਬੱਚਿਆਂ ਨੂੰ ਜਾਨਵਰ ਬਣਾ ਦਿੱਤਾ ਏ ਜਾਨਵਰ! ਕਿਸੇ ਨੂੰ ਖਾਂਦਿਆਂ ਵੇਖ ਕੇ ਉਹਦੀਆਂ ਲਾਰਾਂ ਡਿੱਗਦੀਆਂ ਨੇ! ਬੱਚਿਆਂ ਦੀ ਉਮਰ ਵੱਧਣ ਦੇ ਨਾਲ ਉਹਨਾਂ ਦੀ ਭੁੱਖ ਵੀ ਹੋਰ ਵੱਧ ਗਈ ਏ। ਗਿਣ ਕੇ ਰੋਟੀਆਂ ਦਿੰਦੀ ਹਾਂ ਤਾਂ ਮੇਰਾ ਕਲੇਜਾ ਫੱਟ ਜਾਂਦਾ ਏ।

ਪੰਡਤ : (ਉਹਨੂੰ ਪੈਸੇ ਦਿੰਦਾ ਹੋਇਆ) ਲੈ ਫੜ ਪੈਸੇ, ਮੰਗਵਾ ਲੈ ਆਟਾ ਤੇ ਖੋਲ੍ਹ ਦੇ ਭੰਡਾਰਾ, ਪਾ ਲੈ ਆਪਣੇ ਕਲੇਜੇ ਠੰਡ। ਪਰ ਕਦੇ ਕਦਾਈਂ ਗਲਤੀ ਨਾਲ ਈ ਸਹੀ, ਦੋ ਪਿਆਰ ਦੇ ਮਿੱਠੇ ਬੋਲ ਲਿਆ ਕਰ। ਹਮੇਸ਼ਾਂ ਮੂੰਹ ਨੂੰ ਕੁੱਤਾ ਬੰਨ੍ਹੀ ਰੱਖਦੀ ਏਂ।

ਪੰਡਤਾਣੀ : ਕਦੇ ਕਦਾਈਂ ਗਲਤੀ ਨਾਲ ਈ ਸਹੀ, ਘਰ ਦੀ ਗਰੀਬੀ ਬਾਰੇ ਵੀ ਸੋਚ ਲਿਆ ਕਰ। ਬੱਚਿਆਂ ਦੇ ਗਲ ਲੀਰਾਂ ਲਮਕਦੀਆਂ ਨੇ ਤੇ ਢਿੱਡ ਖ਼ਾਲੀ।

ਪੰਡਿਤ : ਕੀਤੀ ਨਾ ਫੇਰ ਬੇਵਕੂਫ਼ਾਂ ਵਾਲੀ ਗੱਲ! ਹਟ ਗਈ ਏ ਗਰੀਬੀ ਦੇਸ਼ ਵਿੱਚ। ਅਸੀਂ ਉਹ ਸਰਕਾਰ ਚੁਣ ਲਈ ਏ ਜੋ ਕੰਮ ਕਰਦੀ ਏ। (ਹੱਸ ਕੇ) ਭੁੱਲ ਕੇ ਵੀ ਗਰੀਬੀ ਦੀ ਗੱਲ ਨਾ ਕਰੀਂ, ਨਹੀਂ ਤੇ ਸਰਕਾਰ ਅੰਦਰ ਡੱਕ ਦਊ! ਅੰਦਰ! ਅਸੀਂ ਹੁਣ ਚੰਦਰਮਾਂ ’ਤੇ ਰਹਾਂਗੇ ਚੰਦਰਮਾਂ ’ਤੇ।

ਪੰਡਤਾਣੀ : ਆ ਗਿਆ ਨਾ ਫੇਰ ਡਰਾਮੇਬਾਜ਼ੀ ’ਤੇ? ਲਗਾਈ ਰੱਖ ਦਿਮਾਗ ਨੂੰ ਤਾਲਾ ਤੇ ਬੰਨ੍ਹੀ ਰੱਖ ਨਸ਼ੇ ਦੀ ਪੱਟੀ ਅੱਖਾਂ ’ਤੇ। ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ।
(ਬਾਹਰੋਂ ਕੁਝ ਆਵਾਜ਼ਾਂ ਆਉਂਦੀਆਂ ਹਨ, ‘ਬਾਲ ਭਗਵਾਨ ਕੀ ਜੈ! ...ਪੰਡਤਾਣੀ ਬਾਹਰ ਵੇਖਦੀ ਹੈ ਤੇ ਘਬਰਾ ਜਾਂਦੀ ਹੈ।) ਸਾਰੇ ਲੋਕ ਸਾਡੇ ਘਰ ਵੱਲ ਹੀ ਆ ਰਹੇ ਨੇ। ਰਤਨ ਸਿੰਘ ਨੇ ਸਿੱਧੜ ਨੂੰ ਮੋਢੇ ’ਤੇ ਚੁੱਕਿਆ ਹੋਇਆ ਏ! ਮੈਂ ਕਹਿਣੀ ਆਂ ਜ਼ਰੂਰ ਕੁਝ ਹੋ ਗਿਆ ਮੇਰੇ ਪੁੱਤ ਨੂੰ। (ਲੋਕ ਦਾਖ਼ਲ ਹੁੰਦੇ ਹਨ) ਕੀ ਹੋਇਆ ਮੇਰੇ ਪੁੱਤ ਨੂੰ? ਮੋਢਿਆਂ ’ਤੇ ਕਿਉਂ ਚੁੱਕਿਆ ਹੋਇਆ? ਆ ਗਿਆ ਕਿਸੇ ਟਰੱਕ ਦੇ ਥੱਲੇ? (ਰਤਨ ਸਿੰਘ ਸੁੱਤੇ ਹੋਏ ਸਿੱਧੜ ਨੂੰ ਮੰਜੀ ’ਤੇ ਲੰਮਾ ਪਾਉਂਦਾ ਹੈ। ਪੰਡਤਾਣੀ ਉਹਦੇ ਸਰੀਰ ’ਤੇ ਹੱਥ ਫੇਰਦੀ ਹੈ! ਘਬਰਾ ਜਾਂਦੀ ਹੈ।)

ਰਤਨ ਸਿੰਘ : ਕੁਝ ਨਹੀਂ ਹੋਇਆ ਭੈਣ ਜੀ! (ਪੰਡਤ ਵੱਲ ਵੇਖ ਕੇ) ਉਏ ਪੰਡਤਾ ਮੁੰਡੇ ਨੂੰ ਦੋਵੇਂ ਟਾਈਮ ਰੋਟੀ ਦਿਆ ਕਰ, ਦੋਵੇਂ ਵੇਲੇ! ਨਹੀਂ ਤੇ ......।

ਪੰਡਤ : ਨਹੀਂ ਤੇ ਕੀ? ਮੇਰੀ ਗੱਲ ਸੁਣ ਲੈ ਤੂੰ ਕੰਨ ਖੋਲ੍ਹ ਕੇ ਬੰਦਿਆਂ ਵਾਂਗੂੰ! ਜੇ ਤੂੰ ਸਰਦਾਰ ਹੋਵੇਂਗਾ ਤਾਂ ਆਪਣੇ ਘਰ ਹੋਵੇਂਗਾ, ਜਾਂ ਆਪਣੇ ਚਮਚਿਆਂ ਲਈ ਹੋਵੇਂਗਾ। ਮੈਨੂੰ ਜਾਣਦਾ ਏਂ ਕਿ ਨਹੀਂ? ਹੰਦਾ ਮੰਗਣ ਵਾਲਾ ਪੰਡਤ ਸਮਝਣ ਦੀ ਗਲਤੀ ਨਾ ਕਰ ਬੈਠੀਂ। ਪਾੜ ਕੇ ਰੱਖ ਦਿਆਂਗਾ ਈ। ਅਖੇ! ਦੋਵੇਂ ਟਾਈਮ

ਰੋਟੀ ਦਿਆ ਕਰ! ਨਾ ਤੂੰ ਕਿਥੋਂ ਦਾ ਸਤਿਆਵਾਦੀ ਹਰੀਸ਼ ਚੰਦਰ ਏਂ ਜਿਹੜਾ ਮੈਨੂੰ ਸਿੱਖਿਆ ਦੇਣ ਆ ਗਿਐਂ?

ਮਾਸਟਰ : ਰਤਨ ਸਿੰਹਾਂ! ਤੂੰ ਕੀ ਪੰਡਤਾ-ਪੰਡਤਾ ਲਾਈ ਏ! ਪੰਡਤ ਜੀ ਬੋਲ, ਪੰਡਤ ਜੀ! ਪੈਰੀਂ ਹੱਥ ਲਾ ਇਹਨਾਂ ਦੇ! ਬਾਲ ਭਗਵਾਨ ਦੇ ਪਿਤਾ ਜੀ ਨੇ! (ਪੰਡਤ ਵੱਲ ਮੁੜ ਕੇ) ਸੁਣੋ ਪੰਡਤ ਜੀ! ਜੇ ਰਤਨ ਸਿੰਘ ਦੇ ਘਰ ਇੱਕ ਹੋਰ ਲੜਕੀ ਜੰਮ ਪੈਂਦੀ ਤਾਂ ਗਲ 'ਚ ਫਾਹ ਲੈ ਕੇ ਮਰ ਜਾਣਾ ਸੀ ਇਹਨੇ! ਬਾਲ ਭਗਵਾਨ ਨੇ ਦੁਪਹਿਰ ਨੂੰ ਵਰਦਾਨ ਦਿੱਤਾ ਸੀ ਤੇ ਰਤਨ ਸਿੰਘ ਦੇ ਘਰ ਲੜਕਾ ਜੰਮ ਪਿਆ। ਪੰਡਤ ਜੀ! ਤੁਹਾਡੇ ਘਰ ਬਾਲ ਭਗਵਾਨ ਨੇ ਜਨਮ ਲਿਆ ਏ! ਹੋ ਗਿਆ ਚਮਤਕਾਰ ਕਲਯੁੱਗ ਵਿੱਚ! ਧਰਮ ਦਾ ਰੱਸਾ ਫੜ ਕੇ ਹੀ ਭਵ-ਸਾਗਰ ਨੂੰ ਪਾਰ ਕੀਤਾ ਜਾ ਸਕਦਾ ਹੈ।

(ਪੰਡਤ ਦੇ ਚਿਹਰੇ 'ਤੇ ਲਾਲਚ ਭਰੀ ਖ਼ੁਸ਼ੀ ਦੀ ਚਮਕ ਉਭਰਦੀ ਹੈ। ਰਤਨ ਸਿੰਘ ਹੇਠਾਂ ਝੁੱਕ ਕੇ ਉਹਦੇ ਪੈਰਾਂ ਨੂੰ ਛੂੰਹਦਾ ਹੈ।)

ਰਤਨ ਸਿੰਘ : ਅੱਜ ਤੋਂ ਬਾਲ ਭਗਵਾਨ ਲਈ ਖਾਣਾ ਮੇਰੇ ਘਰੋਂ ਆਵੇਗਾ। ਹੁਣ ਜੇ ਕਦੇ ਬਾਲ ਭਗਵਾਨ ਭੁੱਖੇ ਰਹੇ ਤਾਂ ਅੱਗ ਲਾ ਦਿਆਂਗਾ, ਅੱਗ। ਇਹਨਾਂ ਦੀ ਕਿਰਪਾ ਨਾਲ ਹੀ ਮੇਰੇ ਹਨੇਰੇ ਘਰ ਵਿੱਚ ਸੂਰਜ ਨੇ ਉਤਾਰਾ ਕੀਤਾ। ਸਾਰੇ ਘਰ ਦੀ ਰੋਟੀ ਮੈਂ ਭੇਜਾਂਗਾ। ਮੇਰੀ ਵੀਹ ਕਿਲੇ ਜ਼ਮੀਨ ਹੈ ਵੀਹ ਕਿਲੇ।

(ਪੰਡਤ ਬਾਲ ਭਗਵਾਨ ਅੱਗੇ ਹੱਥ ਜੋੜਦਾ ਹੈ ਅਤੇ ਅੱਖਾਂ ਬੰਦ ਕਰਕੇ ਗਾਇਤ੍ਰੀ ਮੰਤਰ ਦਾ ਜਾਪ ਕਰਦਾ ਹੈ। ਰਤਨ ਸਿੰਘ ਸੌ ਦਾ ਨੋਟ ਪੰਡਤਾਣੀ ਨੂੰ ਫੜਾਉਂਦਾ ਹੋਇਆ) ਮਾਤਾ ਜੀ! ਬਾਲ ਭਗਵਾਨ ਲਈ ਨਵੇਂ ਕਪੜੇ ਬਣਵਾਓ। ਮੈਂ ਆਪਣੇ ਕੁੱਲ ਤਾਰਨ ਨੂੰ ਪਾਟੇ ਪੁਰਾਣੇ ਕਪੜਿਆਂ ਵਿੱਚ ਨਹੀਂ ਵੇਖ ਸਕਦਾ।

(ਪੰਡਤਾਣੀ ਸਿੱਧੜ ਦਾ ਸਿਰ ਆਪਣੀ ਗੋਦੀ ਵਿੱਚ ਰੱਖ ਕੇ ਉਹਦਾ ਮੱਥਾ ਚੁੰਮਣਾ ਸ਼ੁਰੂ ਕਰਦੀ ਹੈ। ਪੰਡਤ ਗੁੱਸੇ 'ਚ ਫੁੱਟ ਪੈਂਦਾ ਹੈ।)

ਪੰਡਤ : ਕਮਜ਼ਾਤੇ! ਜਾਨਵਰ ਦੀਏ ਔਲਾਦੇ! ਤੇਰੀ ਇੰਨੀ ਔਕਾਤ ਕਿ ਤੂੰ ਭਗਵਾਨ ਦੇ ਬਰਾਬਰ ਬੈਠੇਂ? ਉਹਨਾਂ ਦਾ ਮੱਥਾ ਚੁੰਮੇਂ? ਤੇਰੇ ਲਈ ਤਾਂ ਨਰਕਾਂ ਦਾ ਬੂਹਾ ਵੀ ਬੰਦ ਹੋ ਜਾਵੇਗਾ। ਭਗਵਾਨ ਦੇ ਚਰਨ ਧੋ! ਚਰਨ। (ਮੰਜੀ ਤੋਂ ਹੇਠਾਂ ਘਸੀਟਦਾ ਹੋਇਆ) ਇਹ ਹੈ ਤੇਰੀ ਅਸਲੀ ਥਾਂ! ਬਾਲ ਭਗਵਾਨ ਦੇ ਚਰਨਾਂ ਵਿੱਚ। ਤੂੰ ਬਾਲ ਭਗਵਾਨ ਦੇ ਬਰਾਬਰ ਬੈਠੇਂਗੀ? ਉਹਨਾਂ ਦਾ ਮੱਥਾ ਚੁੰਮੇਂਗੀ? ਜੇ ਅੱਜ ਤੇਰੇ ਟੋਟੇ ਨਾ ਕਰ ਦਿੱਤੇ ਤਾਂ ਮੈਂ ਆਪਣੇ ਅਸਲ ਪਿਉ ਦਾ ਪੁੱਤ ਨਹੀਂ! (ਝਟਕੇ ਨਾਲ ਦਰਵਾਜ਼ੇ ਕੋਲ ਰੱਖੀ ਕੁਹਾੜੀ ਚੁੱਕ ਲੈਂਦਾ ਹੈ। ਰਤਨ ਸਿੰਘ ਤੇ ਮਾਸਟਰ ਉਸ ਨੂੰ ਫੜ ਕੇ ਉਹਦੇ ਹੱਥੋਂ ਕੁਹਾੜੀ ਖੋਹ ਲੈਂਦੇ ਹਨ। ਪੰਡਤਾਣੀ ਸਿੱਧੜ ਅੱਗੇ ਸਿਰ ਝੁਕਾਉਂਦੀ ਹੈ।)

ਮਾਸਟਰ : ਪੰਡਤ ਜੀ! ਹੁਣ ਗੁੱਸਾ ਤੁਹਾਨੂੰ ਸ਼ੋਭਾ ਨਹੀਂ ਦਿੰਦਾ। ਤੁਸੀਂ ਤੇ ਗਿਆਨੀ ਹੋ! ਨਾਲੇ ਔਰਤ ਤੇ ਡੰਗਰ ਤਾਂ ਜਮਾਂਦਰੂ ਮੂਰਖ ਹੁੰਦੇ ਹਨ। ਅੰਦਰ ਡੱਕਣ ਦੇ ਹੱਕਦਾਰ। ਆਖਿਰ ਹੈ ਤਾਂ ਵਿਚਾਰੀ ਮਾਂ ਹੀ ਨਾ! ਪਿਆਰ ਜਾਗ ਪਿਆ। ਇਹਨੂੰ ਕੀ ਪਤਾ ਕਿ ਭਗਵਾਨ ਦੇ ਬਰਾਬਰ ਨਹੀਂ ਬੈਠੀਦਾ। ਸਾਡੀ, ਤੁਹਾਡੀ ਤੇ ਸਾਰੇ ਪਿੰਡ ਦੀ ਕਿਸਮਤ ਜਾਗ ਪਈ ਪੰਡਤ ਜੀ। ਭਗਵਾਨ ਨੇ ਇਥੇ ਅਵਤਾਰ ਲੈ ਲਿਆ। ਹੁਣ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੀ ਦੁਨੀਆਂ ਵਿੱਚ ਫ਼ੈਲ ਜਾਵੇਗੀ ਕਿ ਭਗਵਾਨ ਸਾਡੇ ਪਿੰਡ ਵਿੱਚ ਪ੍ਰਗਟ ਹੋਏ ਨੇ। ਤੁਹਾਡਾ ਘਰ ਤੇ ਸਾਡਾ ਪਿੰਡ ਤੀਰਥ ਅਸਥਾਨ ਬਣ ਗਿਆ ਸਮਝੋ। ਧਰਮ ਇੱਕ ਪਹਾੜ ਹੁੰਦਾ ਏ ਪਹਾੜ! ਸਾਰੇ ਸੰਸਾਰ ਦਾ ਭਾਰ ਚੁੱਕਣ ਵਾਲਾ ਪਹਾੜ।

ਰਤਨ ਸਿੰਘ : ਜਗਤਿਆ! ਕੁਝ ਖਾਣ ਪੀਣ ਦਾ ਜੁਗਾੜ ਕੀਤਾ ਕਿ ਨਹੀਂ? ਓਏ ਮੁੰਡਾ ਜੰਮਿਆ ਏ ਮੁੰਡਾ! ਸਾਰਾ ਖ਼ਰਚਾ ਮੈਂ ਕਰਾਂਗਾ, ਮੈਂ ਰਤਨ ਸਿੰਘ ਸਰਦਾਰ।

ਜਗਤਾ : ਓਏ ਢਾਬੇ 'ਤੇ ਪੂਰੇ ਦਸ ਕੁੱਕੜ ਬਣ ਰਹੇ ਨੇ, ਦਸ! ਤੇ ਸੁਣ ਸਰਦਾਰ ਰਤਨ ਸਿੰਹਾਂ! ਵਾਰ ਵਾਰ ਮੇਰੇ ਸਾਹਮਣੇ ਪੈਸਿਆਂ

ਦੀ ਗੱਲ ਨਾ ਕਰਿਆ ਕਰ। ਮੈਂ ਚਾਚਾ ਬਣ ਗਿਆਂ! ਤੇ ਤੂੰ ਖ਼ਰਚੇ ਦੀ ਧੌਂਸ ਦਿੰਨਾ ...? ਜੇ ਮੈਨੂੰ ਗੁੱਸਾ ਆ ਗਿਆ ਨਾ ...?

ਪੰਡਤ : ਨਾ ਬਈ ਰਤਨ ਸਿੰਹਾਂ, ਲਾਲੇ ਦੇ ਗੁੱਸੇ ਤੋਂ ਡਰ। ਉਹ ਗੱਲ ਨਹੀਂ ਤੂੰ ਸੁਣੀ? ਇੱਕ ਵਾਰੀ ਇੱਕ ਲਾਲਾ ਕਿਸੇ ਪਠਾਨ ਦੀ ਹਿੱਕ 'ਤੇ ਬਹਿ ਕੇ ਉਹਨੂੰ ਕੁੱਟੀ ਜਾਵੇ ਤੇ ਨਾਲ ਨਾਲ ਰੋਈ ਜਾਵੇ। ਕਿਸੇ ਨੇ ਪੁੱਛਿਆ ਕਿ ਨਾਲੇ ਤੂੰ ਕੁੱਟੀ ਜਾ ਰਿਹੈਂ ਤੇ ਨਾਲੇ ਰੋਈ ਜਾਨੈਂ ...? ਅੱਗੋਂ ਲਾਲਾ ਕਹਿੰਦਾ ਕਿ ਰੋ ਇਸ ਲਈ ਰਿਹਾਂ ਕਿ ਜਦੋਂ ਇਹ ਪਠਾਨ ਉੱਠੇਗਾ ਤਾਂ ਮੈਨੂੰ ਬਹੁਤ ਕੁੱਟੂ! (ਸਾਰੇ ਹੱਸਦੇ ਹਨ)

ਜਗਤਾ : ਪੰਡਤ ਜੀ! ਹੁਣ ਕਹਾਣੀਆਂ ਸੁਨਾਉਣੀਆਂ ਬੰਦ ਕਰੋ ਤੇ ਇਹ ਦੱਸੋ ਕਿ ਘਰ ਵਿੱਚ ਦਾਲ ਖਾਓਗੇ ਜਾਂ ਸਾਡੇ ਨਾਲ ਢਾਬੇ 'ਤੇ ਮੁਰਗੇ? ਪਰ ਵੇਖ ਲਿਓ ...! ਕਿਤੇ ਧਰਮ ਭ੍ਰਿਸ਼ਟ ਹੋ ਗਿਆ ਤਾਂ ...।

ਪੰਡਤ : ਜਗਤਿਆ ਸਭ ਨੂੰ ਦੱਸ ਦੇ! ਸਾਰੀ ਦੁਨੀਆਂ 'ਚ ਢੰਡੋਰਾ ਪਿੱਟ ਦੇ! ਉਏ ਅਸੀਂ ਰਾਵਣ ਦੇ ਖਾਨਦਾਨ 'ਚੋਂ ਬ੍ਰਾਹਮਣ ਹਾਂ! ਖਾਂਦੇ ਆਂ, ਪੀਂਦੇ ਆਂ ਤੇ ਰਾਜ ਕਰਦੇ ਆਂ, ਰਾਜ! ਮੁਰਗਾ ਖਾਊਂ! ਮੁਰਗਾ।

ਮਾਸਟਰ : ਪੰਡਤ ਜੀ! ਚਾਹੇ ਜੋ ਮਰਜ਼ੀ ਖਾਓ-ਪੀਓ! ਪਰ ਅੱਜ ਤੋਂ ਸਭ ਦੇ ਸਾਹਮਣੇ ਬਿਲਕੁਲ ਬੰਦ। ਤੁਸੀਂ ਬਾਲ ਭਗਵਾਨ ਦੇ ਪਿਤਾ ਹੋ ਤੇ ਇਸ ਪਿੰਡ ਦੇ ਧਰਮ ਗੁਰੂ। ਲੋਕਾਂ ਨੂੰ ਐਸੀਆਂ-ਵੈਸੀਆਂ ਗੱਲਾਂ ਦਾ ਪਤਾ ਨਹੀਂ ਲੱਗਣਾ ਚਾਹੀਦਾ। ਨਾਲੇ ਤੁਹਾਡੇ ਤੋਂ ਗੁਰੂ ਦੀ ਮਹਿਮਾਂ ਕਿਹੜਾ ਲੁਕੀ ਹੋਈ ਏ। "ਗੁਰੂ, ਗੋਬਿੰਦ ਦੋਨੋ ਖੜੇ, ਕਾ ਕੇ ਲਾਗੂੰ ਪਾਏਂ। ਬਲਿਹਾਰੀ ਗੁਰ ਆਪਣੇ, ਜਿਨ ਗੋਬਿੰਦ ਦੀਓ ਮਿਲਾਏ!" ਇਸੇ ਲਈ ਤੇ ਕਹਿੰਦੇ ਨੇ ਕਿ ਗੁਰੂ ਧਾਰੋ ਜਾਣ ਕੇ ਤੇ ਪਾਣੀ ਪੀਓ ਛਾਣ ਕੇ। (ਸਭ ਬਾਹਰ ਨਿਕਲਦੇ ਹਨ)

(ਫੇਡ ਆਊਟ)

# ਦ੍ਰਿਸ਼ ਚੌਥਾ

(ਜਗਤੇ ਦੇ ਢਾਬੇ ਤੇ ਗੈਸ ਦੇ ਚਾਨਣ ਵਿੱਚ ਮੰਜੀ 'ਤੇ ਕੁਝ ਟਰੱਕ ਡਰਾਈਵਰ ਬੈਠੇ ਹਨ)

ਡਰਾਈਵਰ 1 : (ਢਾਬੇ ਤੇ ਕੰਮ ਕਰਨ ਵਾਲੇ ਮੁੰਡੇ ਨੂੰ ਆਵਾਜ਼ ਮਾਰਦਾ ਹੋਇਆ) ਓਏ ਮੁੰਡੂ! ਜਗਤਾ ਕਿਥੇ ਗਿਐ? ਖ਼ੈਰ ਤੇ ਹੈਗੀ ਆ?

ਨੌਕਰ : ਰਤਨ ਸਿੰਘ ਦੇ ਘਰ ਮੁੰਡਾ ਹੋਇਐ! ਸਭ ਪੰਡਤ ਜੀ ਦੇ ਘਰ ਗਏ ਨੇ।

ਡਰਾਈਵਰ : ਉਏ ਖੋਤਿਆ! ਮੁੰਡਾ ਰਤਨ ਸਿੰਘ ਦੇ ਘਰ ਹੋਇਆ ਤੇ ਗਏ ਨੇ ਪੰਡਤ ਦੇ ਘਰ! ਇਹ ਕੀ ਗੱਲ ਬਣੀ?

ਨੌਕਰ : ਪੰਡਤ ਜੀ ਦੇ ਲੜਕੇ 'ਚ ਭਗਵਾਨ ਜੀ ਆ ਗਏ ਨੇ। ਉਹਨੇ ਦੁਪਹਿਰ ਨੂੰ ਦੱਸਿਆ ਕਿ ਮੁੰਡਾ ਹੋਵੇਗਾ ਤੇ ਤ੍ਰਿਕਾਲਾਂ ਨੂੰ ਮੁੰਡਾ ਜੰਮ ਪਿਆ। (ਰਤਨ ਸਿੰਘ, ਜਗਤਾ, ਪੰਡਤ, ਮਾਸਟਰ, ਅਤੇ ਕੁਝ ਹੋਰ ਲੋਕ ਮੰਚ 'ਤੇ ਦਾਖ਼ਲ ਹੁੰਦੇ ਹਨ। ਦੋ ਡਰਾਈਵਰ ਰਤਨ ਸਿੰਘ ਨੂੰ ਜੱਫੀ ਪਾਉਂਦੇ ਹਨ। ਸਾਰੇ ਪਾਸਿਓਂ ਵਧਾਈਆਂ ਜੀ...ਵਧਾਈਆਂ ...ਦੀਆਂ ਆਵਾਜ਼ਾਂ ਆਉਂਦੀਆਂ ਹਨ।)

ਡਰਾਈਵਰ 2 : ਸਭ ਦਾ ਰੱਬ ਰਾਖਾ! ਸਾਈਂ ਦੇ ਰੰਗ ਨਿਰਾਲੇ। ਮੇਰੇ ਸੇਠ ਕੋਲ ਪਹਿਲਾਂ ਇੱਕ ਟਰੱਕ ਸੀ। ਹਸ਼ਿਆਰਪੁਰ ਵਾਲੇ ਪੰਡਤ ਨੇ ਪੂਜਾ ਕਰਵਾਈ ਤੇ ਹੁਣ ਪੰਜ ਟਰੱਕ ਚੱਲ ਰਹੇ ਨੇ। (ਦੋਵੇਂ ਹੱਥ ਜੋੜ ਕੇ) ਕੀਹਨੂੰ ਪਤਾ ਬਈ ਰੱਬ ਕਿਹੜੇ ਰੂਪ ਵਿੱਚ ਕ੍ਰਿਪਾ ਕਰ ਦੇਵੇ।

(ਕੁਝ ਲੋਕ ਕੋਲ ਆਉਂਦੇ ਹਨ।)

ਮਾਸਟਰ : ਤਾਂ ਹੀ ਤੇ ਕਹਿੰਦੇ ਨੇ ਕਿ ਉਹਦੀ ਲੀਲਾ ਓਹੀ ਜਾਣੇ! ਪਤਾ

ਨਹੀਂ ਕਦੋਂ, ਕਿਸ ਰੂਪ ਵਿੱਚ ਅਤੇ ਕਿਥੇ ਪ੍ਰਗਟ ਹੋ ਜਾਵੇ ਆਪਣੇ ਭਗਤਾਂ ਦੇ ਦੁੱਖ ਦੂਰ ਕਰਨ ਲਈ। ਕਦੇ ਨਰਸਿੰਘ ਦਾ ਅਵਤਾਰ ਅਤੇ ਕਦੇ ਜਮੁਨਾ ਕਿਨਾਰੇ ਗਊਆਂ ਚਾਰਨ ਵਾਲੇ ਭੋਲੇ ਭਾਲੇ ਗਵਾਲੇ। ਆਪਣੇ ਪੰਡਤ ਜੀ ਦੇ ਪੁੰਨ ਅਤੇ ਪੂਜਾ-ਪਾਠ ਨੇ ਪ੍ਰਤੱਖ ਰੂਪ ਵਿੱਚ ਭਗਵਾਨ ਦਾ ਰੂਪ ਧਾਰਨ ਕਰ ਲਿਆ।

ਜਗਤਾ : ਪਰ ਮਾਸਟਰ ਜੀ! ਆਪਣੇ ਪੰਡਤ ਜੀ ਦਾ ਅਸਲੀ ਮੰਦਰ ਤੇ ਠੇਕਾ ਏ, ਠੇਕਾ!

ਮਾਸਟਰ : ਓਏ ਜਗਤਿਆ! ਸ਼ਿਵ ਜੀ ਭਗਵਾਨ ਸਾਰੀ ਦੁਨੀਆਂ ਦਾ ਜ਼ਹਿਰ ਪੀਂਦੇ ਨੇ ਤੇ ਉਹਨਾਂ ਨੂੰ ਵਿਸ਼ਪਾਨ ਕਰਨ ਬਦਲੇ ਸ਼ਰਾਬੀ ਕਹੋਗੇ? ਛੋਟਾ ਮੂੰਹ ਤੇ ਇੰਨੀ ਵੱਡੀ ਗੱਲ? ਜੇ ਰੱਬ ਨੇ ਤੈਨੂੰ ਅਕਲ ਨਹੀਂ ਦਿੱਤੀ, ਤਾਂ ਚੁੱਪ ਤੇ ਰਹਿ ਸਕਦਾ ਏਂ! (ਪੰਡਤ ਮਾਣ ਨਾਲ ਸਿਰ ਉਠਾ ਕੇ ਸਾਰਿਆਂ ਵੱਲ ਵੇਖਦਾ ਹੈ। ਸਾਰੇ ਲੋਕ ਉੱਚੀ ਉੱਚੀ ਬੋਲ ਕੇ ਚਮਤਕਾਰਾਂ ਤੇ ਸਾਧੂਆਂ ਦੀਆਂ ਗੱਲਾਂ ਕਰ ਰਹੇ ਹਨ।)

ਪੰਡਤ : ਮਾਸਟਰਾ ਮੈਨੂੰ ਤੇ ਕੁਝ ਸਮਝ ਨਹੀਂ ਆ ਰਹੀ। ਲੜਕੇ ਦੀ ਕਹੀ ਹੋਈ ਇੱਕ ਗੱਲ ਸੰਜੋਗ ਨਾਲ ਵੀ ਤੇ ਠੀਕ ਹੋ ਸਕਦੀ ਆ? ਇਹ ਜਰੂਰੀ ਨਹੀਂ ਕਿ ਹੁਣ ਅੱਗੇ ਤੋਂ ਵੀ ਜੋ ਦੱਸੇ, ਸੱਚ ਹੀ ਨਿਕਲੇ?

ਮਾਸਟਰ : ਪੰਡਤ ਜੀ, ਇਸੇ ਲਈ ਤਾਂ ਅਸੀਂ ਆਦਮੀ ਦੀ ਜੂਨ ਭੋਗ ਰਹੇ ਹਾਂ ਕਿ ਸਾਡੇ ਮਨ ਵਿੱਚ ਹਮੇਸ਼ਾਂ ਸ਼ੰਕਾ ਰਹਿੰਦੀ ਹੈ। ਲੋਕ ਮੰਦਰ ਜਾਂਦੇ ਨੇ, ਮਸਜਿਦ ਵਿੱਚ ਸਿੱਜਦੇ ਕਰਦੇ ਨੇ, ਦਰਗਾਹਾਂ ਤੇ ਚਾਦਰ-ਚੜ੍ਹਾਵੇ ਚੜ੍ਹਾਉਂਦੇ ਨੇ। ਕੀ ਸਭ ਦੀਆਂ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਨੇ? ਨਹੀਂ? ਪਰ ਉਹ ਮੰਦਰ ਮਸਜਿਦ ਜਾਣਾ ਬੰਦ ਤਾਂ ਨਹੀਂ ਕਰਦੇ। ਜੇ ਧਰਮ ਅਤੇ ਭਗਵਾਨ ਦਾ ਸਹਾਰਾ ਨਾ ਹੋਵੇ ਤਾਂ ਉਹ ਜੀਉਣਗੇ ਕਿਵੇਂ? ਆਦਮੀ ਨੂੰ ਜੀਊਂਦਾ ਰੱਖਦੀ ਹੈ ਆਸ ਤੇ ਸਿਰਫ ਆਸ। ਜਿਸ ਦੇ ਕਰਮ ਹੀ ਬੁਰੇ ਹੋਣਗੇ ਭਗਵਾਨ ਉਸ ਦੀ ਆਸ ਕਿਵੇਂ ਪੂਰੀ ਕਰ

ਸਕਦੇ ਨੇ? ਉਹ ਤਾਂ ਹਮੇਸ਼ਾਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਕੇ ਇਨਸਾਫ਼ ਕਰਨ ਵਾਲੇ ਮੁਨਸਿਫ ਹਨ। ਬਾਲ ਭਗਵਾਨ ਵਿੱਚ ਭਗਵਾਨ ਦਾ ਅੰਸ਼ ਆ ਗਿਆ ਹੈ। ਇਸ ਦਾ ਮਤਲਬ ਇਹ ਤਾਂ ਨਹੀਂ ਕਿ ਉਹ ਕੇਵਲ ਚੋਰਾਂ ਅਤੇ ਡਾਕੂਆਂ ਦੀ ਆਸ ਪੂਰੀ ਕਰਨਗੇ!

ਪੰਡਤ : ਬਿਲਕੁੱਲ ਠੀਕ! ਬਾਲ ਭਗਵਾਨ ਕਿਸਮਤ ਦਾ ਹਾਲ ਦੱਸਣਗੇ, ਬਦਲਣਗੇ ਨਹੀਂ। ਜਿਹਦੇ ਕਰਮ ਈ ਬੁਰੇ ਹੋਣਗੇ ਉਹਦਾ ਸਤਿਆਨਾਸ਼ ਹੋਣ ਤੋਂ ਭਗਵਾਨ ਨਹੀਂ ਬਚਾਉਣਗੇ।

ਰਤਨ ਸਿੰਘ : ਪੰਡਤ ਜੀ ਤੇ ਮਾਸਟਰ ਜੀ! ਹੁਣ ਬੰਦ ਵੀ ਕਰੋ ਆਪਣੀ ਧਾਰਮਿਕ ਗਿਆਨ ਗੋਸ਼ਟੀ! ਹੁਣ ਤੇ ਜਸ਼ਨ ਹੋ ਜਾਣ ਜਸ਼ਨ ਕਿ ...! ਰਤਨ ਸਿੰਘ ਸਰਦਾਰ ਦੇ ਘਰ ਲੜਕਾ ਹੋਇਆ! ਲੜਕਾ! ਪੂਰੀ ਵੀਹ ਕਿਲੇ ਜ਼ਮੀਨ ਏ! (ਇੱਕ ਡਰਾਈਵਰ ਰਤਨ ਸਿੰਘ ਦੇ ਮੂੰਹ ਕੋਲ ਬੋਤਲ ਲਿਜਾਂਦਾ ਹੈ ਤੇ ਉਹ ਪਿੱਛੇ ਹੱਟਦਾ ਹੈ।) ਬਸ ਭਗਤਾ! ਬਸ! ...ਹੋਰ ਨਹੀਂ ...ਬਹੁਤ ਹੋ ਗਈ ਪਹਿਲਾਂ ਈ!

ਡਰਾਰੀਵਰ : ਹੋਰ ਨਹੀਂ ਦਾ ਪੁੱਤ ਨਾ ਹੋਵੇ ਤਾਂ ...ਉਏ ਮੁੰਡਾ ਜੰਮਿਆ ਏ ਮੁੰਡਾ ਤੇਰੇ ਘਰ! ਹੁਣ ਭਾਵੇਂ ਜੀਹਦਾ ਮਰਜ਼ੀ ਕਤਲ ਕਰ ਦੇਹ!

ਜਗਤਾ : ਭਰਾਵਾ! ਮੁੰਡਾ ਤੇ ਕਤਲ ਕਰਦੇ! ਇਹ ਕੀ ਗੱਲ ਬਣੀ?

ਡਰਾਈਵਰ : (ਮੁੱਛਾਂ ਨੂੰ ਤਾਅ ਦੇ ਕੇ) ਗੱਲ ਬਣੀ ਤੇਰੀ ਮਾਂ ਦਾ ਸਿਰ! ਉਏ ਲਾਲਾ ਤੂੰ ਲੂਣ ਤੇਲ ਵੇਚ! ਲੂਣ ਤੇਲ! ਜੱਟ ਉਦੋਂ ਤੱਕ ਨਿਹੱਥਾ ਤੇ ਕਮਜ਼ੋਰ ਸਮਝੋ ਜਦੋਂ ਤੱਕ ਉਹਦੇ ਮੁੰਡਾ ਨਹੀਂ। ਮੁੰਡਾ ਜੰਮ ਪਿਆ ਤਾਂ ਸਮਝੋ ਖਾਨਦਾਨ ਅੱਗੇ ਤੁਰ ਪਿਆ। ਵੈਰੀਆਂ ਨਾਲ ਹਿਸਾਬ ਕਿਤਾਬ ਆਪੇ ਕਰ ਲਏਗਾ। ਜਿਹੜਾ ਕੁਸਕੇ! ਉਹਦੀ ਧੌਣ ਮਰੋੜ ਦਿੱਤੀ! ਫੇਰ ਭਾਵੇਂ ਫਾਂਸੀ ਚੜ੍ਹ ਜਾਵੇ! ਮੁੰਡਾ ਵੱਡਾ ਹੋ ਕੇ ਹਿਸਾਬ ਕਿਤਾਬ ਕਰ ਲਵੇਗਾ। ਜਗਤਿਆ! ਤੂੰ ਨੋਟ ਕਮਾ ਪਿਆਰੇ! ਨੋਟ! ਇਹ ਗੱਲਾਂ ਤੇਰੀ ਸਮਝ ਵਿੱਚ ਆਉਣ ਵਾਲੀਆਂ ਨਹੀਂ। ਉਏ ਪੁੱਤ ਤਾਂ ਕਤਲ ਕਰਨ ਦਾ ਲਾਇਸੈਂਸ ਹੁੰਦਾ! ਤੇ ਜਾਣਦੈਂ ਇਹ ਦਿੰਦਾ ਕੌਣ

ਆ ......? ਰੱਬ! ਉਏ ਪੁੱਤ ਤਾਂ ਰੱਬ ਦਾ ਘੱਲਿਆ ਲਾਇਸੈਂਸ ਆ। ਕਰ ਦੇ ਕਤਲ ...ਲਾਹ ਦੇ ਧੌਣ ...। (ਇੱਕ ਡਰਾਈਵਰ ਇਕਮਦਮ ਉੱਠ ਕੇ ਖੜਾ ਹੋ ਜਾਂਦਾ ਹੈ। ਪਹਿਲਾਂ ਮੂੰਹ 'ਤੇ ਹੱਥ ਰੱਖ ਕੇ ਭਬਕ ਮਾਰਦਾ ਹੈ ਤੇ ਫੇਰ ਚਾਦਰ ਕੱਸਦਾ ਹੋਇਆ ਮੰਚ ਦੇ ਵਿਚਕਾਰ ਖੜਾ ਹੋ ਕੇ ਬੋਲੀ ਪਾਉਂਦਾ ਹੈ।)

ਬਾਰੀਂ ਬਰਸੀਂ ਖੱਟਣ ਗਿਆ ਸੀ, ਤੇ ਖੱਟ ਕੇ ਲਿਆਂਦੇ ਛੋਲੇ।
ਕੁੜੀ ਆਪਾਂ ਉਹ ਲੈਣੀ, ਜਿਹੜੀ ਹੱਸ ਕੇ ਥੈਂਕ ਯੂ ਬੋਲੇ।
ਕੁੜੀ ਆਪਾਂ .........।

(ਸਾਰੇ ਨੱਚਣਾ ਸ਼ੁਰੂ ਕਰ ਦਿੰਦੇ ਹਨ। ਹੱਸ ਕੇ ਥੈਂਕ ਯੂ ਬੋਲੇ ਵਾਲੀ ਲਾਈਨ ਮੁੜ ਮੁੜ ਦੁਹਰਾਈ ਜਾਂਦੀ ਹੈ।)

(ਫੇਟ ਆਊਟ)

# ਅੰਤਰਿਲਕਾ

(ਮੰਚ 'ਤੇ ਹਨੇਰਾ ਹੈ। ਨੁੱਕਰ ਵਿੱਚ ਬਣੇ ਬਾਲ ਭਗਵਾਨ ਦੇ ਕਮਰੇ ਦੇ ਦਰਵਾਜ਼ੇ 'ਤੇ ਗੇਰੂਆ ਪਰਦਾ ਟੰਗਿਆ ਹੋਇਆ ਹੈ। ਲੋਕ ਸਿਰ ਨਿਵਾਉਂਦੇ ਹਨ। ਦਰਵਾਜ਼ੇ ਦੇ ਅੱਗੇ ਚੜ੍ਹਾਵਾ ਚੜ੍ਹਾਉਂਦੇ ਹਨ ਅਤੇ ਬਾਹਰ ਨਿਕਲ ਜਾਂਦੇ ਹਨ। ਮੰਚ ਤੇ ਹਲਕੀ ਰੋਸ਼ਨੀ ਵਿੱਚ ਦੋ ਪੁਜਾਰਨਾਂ ਬੋਲਦੀਆਂ ਹੋਈਆਂ ਆਉਂਦੀਆਂ ਹਨ।)

ਪੁਜਾਰਨ 1 : ਬਾਲ ਭਗਵਾਨ ਵਿੱਚ ਸਾਖ਼ਸ਼ਾਤ ਪਰਮਾਤਮਾ ਦਾ ਅਵਤਾਰ ਤੇ ਵਾਸਾ ਹੈ।

ਪੁਜਾਰਨ 2 : ਪਰ ਬੋਲਦੇ ਬਿੱਲਕੁਲ ਨਹੀਂ।

ਪੁਜਾਰਨ 1 : ਭਗਵਾਨ ਹਮੇਸ਼ਾਂ ਵੇਖਦੇ ਨੇ, ਬੋਲਦੇ ਨਹੀਂ ਹੁੰਦੇ।

ਪੁਜਾਰਨ 2 : ਰਤਨ ਸਿੰਘ ਨੇ ਤਾਂ ਗੱਡੀ ਥੱਲੇ ਆ ਜਾਣਾ ਸੀ, ਜਾਂ ਫਿਰ ਕਿੱਕਰ ਨਾਲ ਰੱਸੀ ਬੰਨ੍ਹ ਕੇ ਫਾਹ ਲੈ ਲੈਣਾ ਸੀ।

ਪੁਜਾਰਨ 1 : ਬਾਲ ਭਗਵਾਨ ਨੇ ਇੱਕ ਸ਼ਬਦ ਬੋਲਿਆ ...ਲੜਕਾ ...ਤੇ ਹੋ ਗਿਆ ਲੜਕੇ ਦਾ ਜਨਮ।

ਪੁਜਾਰਨ 2 : ਪਰ ਕੁਝ ਲੋਕ ਦੱਸਦੇ ਨੇ ਕਿ ਜੋ ਉਹਨਾਂ ਨੂੰ ਦੱਸਿਆ ਸੀ ਉਹ ਸੱਚ ਨਹੀਂ ਨਿਕਲਿਆ...ਐਸਾ ਕਿਉਂ?

ਪੁਜਾਰਨ 1 : ਕਿਉਂਕਿ ਬਾਲ ਭਗਵਾਨ ਕੇਵਲ ਕਿਸਮਤ ਦੱਸਦੇ ਹਨ, ਬਦਲਦੇ ਨਹੀਂ।

ਦੋਵੇਂ : ਕਰਮਾਂ ਦੇ ਫ਼ਲ ਤੋਂ ਨਾ ਤਰਕ ਬਚ ਸਕਦਾ ਏ, ਨਾ ਹੀ ਪਰ ਉਪਕਾਰ, ਤੇ ਨਾ ਹੀ ਮਿਹਨਤ! ਬਚਾ ਸਕਦੀ ਹੈ ਤਾਂ ਕੇਵਲ ਅਰਦਾਸ ਅਤੇ ਕੇਵਲ ਅਰਦਾਸ...! ਧਰਮ ਦੇ ਸ਼ੇਰ ਨੂੰ ਆਦਿ ਕਾਲ ਤੋਂ ਤਰਕ ਦੇ ਪੁਜਾਰੀ ਘੇਰ ਕੇ ਬੈਠੇ ਹੋਏ ਨੇ! ਪਰ ਸ਼ੇਰ

ਦੀ ਗਰਜ਼ ਸੁਣਦਿਆਂ ਹੀ ਤ੍ਰਾਹ ਨਿਕਲ ਜਾਂਦਾ ਹੈ। ਧਰਮ ਇੱਕ ਚੱਟਾਨ ਹੈ! ਨਾ ਹਿੱਲਣ ਵਾਲੀ ਚੱਟਾਨ! ਤੇ ਤਰਕ ਇੱਕ ਰੇਤ ਦੀ ਤਰਾਂ ਹੈ! ਚੱਟਾਨ ਦੇ ਆਸੇ ਪਾਸੇ ਖਿਲਰੀ ਰੇਤ! ਬਾਲ ਭਗਵਾਨ ਦੀ ਸ਼ਰਨ ਵਿੱਚ ਆਉਂਦਿਆਂ ਸਾਰ ਪ੍ਰਾਰਥਨਾਂ ਕਰਦਿਆਂ ਹੀ ਕਰਮਾਂ ਦੀ ਕਾਲੀ ਚਾਦਰ ਵਿੱਚ ਮੋਰੀਆਂ ਹੋ ਜਾਦੀਆਂ ਹਨ। ਕਰਮਾਂ ਦੇ ਫ਼ਲ ਤੋਂ ਨਾ ਤਰਕ ਬਚ ਸਕਦਾ ਏ, ਨਾ ਹੀ ਪਰ ਉਪਕਾਰ, ਤੇ ਨਾ ਹੀ ਮਿਹਨਤ! ਬਚਾ ਸਕਦੀ ਹੈ ਤਾਂ ਕੇਵਲ ਅਰਦਾਸ ਅਤੇ ਕੇਵਲ ਅਰਦਾਸ...!

(ਫੇਡ ਆਊਟ)

# ਅੰਕ ਦੂਜਾ

## ਦ੍ਰਿਸ਼ ਪਹਿਲਾ

(ਢਾਬੇ ਦਾ ਦ੍ਰਿਸ਼। ਹੁਣ ਮੰਜੀ ਦੀ ਥਾਂ ਕੁਰਸੀਆਂ ਹਨ। ਠੰਡੀਆਂ ਬੋਤਲਾਂ ਰੱਖਣ ਵਾਲਾ ਬਕਸਾ ਅਤੇ ਰੇਡੀਓ ਵੀ ਬਦਲਿਆ ਹੋਇਆ ਹੈ। ਗ੍ਰਾਹਕਾਂ ਦੀ ਦੇਖਭਾਲ ਕਰਨ ਵਾਲੇ ਦੋ ਲੜਕੇ ਹਨ। ਜਗਤੇ ਦਾ ਪਹਿਰਾਵਾ ਪਹਿਲਾਂ ਨਾਲੋਂ ਵਧੀਆ ਤੇ ਸਾਫ਼ ਹੈ। ਹਮੇਸ਼ਾਂ ਦੀ ਤਰਾਂ ਗੱਪ-ਸ਼ੱਪ ਕਰਦੇ ਕੁਝ ਲੋਕ ਬੈਠੇ ਹਨ।)

ਇੱਕ ਆਵਾਜ਼ : ਸਾਡਾ ਪਿੰਡ ਤੇ ਸਵਰਗ ਬਣ ਗਿਆ! ਕਿੰਨੇ ਦੂਰ ਦੂਰ ਤੋਂ ਲੋਕ ਆਉਂਦੇ ਹਨ ਬਾਲ ਭਗਵਾਨ ਦੇ ਦਰਸ਼ਨ ਕਰਨ।

ਦੂਜੀ ਆਵਾਜ਼ : ਔਹ ਵੇਖੋ! ਸੜਕ ਕੰਢੇ ਲੰਬੀ ਸਾਰੀ ਕਾਰ ਰੁਕੀ ਹੈ ਜੀਹਦੇ ਵਿੱਚ ਤਿੰਨ ਸਵਾਰੀਆਂ ਬੈਠੀਆਂ ਹਨ। ਇੱਕ ਆਦਮੀ ਇਧਰ ਹੀ ਆ ਰਿਹਾ ਹੈ।
(ਸੇਠ ਨੁਮਾਂ ਆਦਮੀ ਦਾਖ਼ਲ ਹੁੰਦਾ ਹੈ।)

ਸੇਠ : ਤਿੰਨ ਕੋਲਡ ਡ੍ਰਿੰਕ ਦੇਣਾ! ਇੱਕ ਦਮ ਠੰਡੇ। (ਆਪਣੇ ਆਪ ਵਿੱਚ) ਓਹ ਮਾਈ ਗਾਡ! ਅੱਗ ਵਰ੍ਹਦੀ ਪਈ ਏ ਅੱਗ!

ਜਗਤਾ : ਸਾਹਬ ਜੀ! ਕਾਰ ਵਿੱਚ ਬੈਠੀਆਂ ਸਵਾਰੀਆਂ ਨੂੰ ਵੀ ਬੁਲਾ ਲਓ! ਦੋ ਪਲ ਦਰਖ਼ਤਾਂ ਦੀ ਛਾਵੇਂ ਬੈਠ ਲੈਣ! ਤਰੋ ਤਾਜ਼ਾ ਹੋ ਜਾਣਗੇ। (ਸੇਠ ਸੰਕੇਤ ਕਰਦਾ ਹੈ। ਇੱਕ ਔਰਤ (ਸੇਠਾਣੀ) ਅਤੇ ਉਸ ਦਾ ਲੜਕਾ ਦਾਖ਼ਲ ਹੁੰਦੇ ਹਨ। ਜਗਤਾ ਪਲੇਟ ਵਿੱਚ ਲੱਡੂ ਰੱਖ ਕੇ ਉਹਨਾਂ ਅੱਗੇ ਕਰਦਾ ਹੈ। ਉਹ ਲੋਕ ਨਾਂਹ ਵਿੱਚ ਸਿਰ ਹਿਲਾਉਂਦੇ ਹਨ।) ਖਾ ਲਵੋ ਜੀ! ਪ੍ਰਸ਼ਾਦਿ ਹੈ! ਬਾਲ ਭਗਵਾਨ ਦਾ ਪ੍ਰਸ਼ਾਦਿ।

ਸੇਠਾਣੀ : ਪਰ! ਪ੍ਰਸ਼ਾਦਿ ਤਾਂ ਮੰਗਲਵਾਰ ਵੰਡਦੇ ਹਨ! ਅੱਜ ਐਤਵਾਰ ਨੂੰ ਕਾਹਦਾ ਪ੍ਰਸ਼ਾਦਿ?

ਜਗਤਾ : ਇਹ ਬਾਲ ਭਗਵਾਨ ਦਾ ਪ੍ਰਸ਼ਾਦਿ ਹੈ! ਤੁਸੀਂ ਨਹੀਂ ਜਾਣਦੇ ਉਹਨਾਂ ਨੂੰ! ਇਸ ਪਿੰਡ ਵਿੱਚ ਅਵਤਾਰ ਧਾਰਿਆ ਹੈ! ਅੰਗਰੇਜ਼ੀ ਦੀਆਂ ਕਈ ਅਖ਼ਬਾਰਾਂ ਵਿੱਚ ਕਈ ਵਾਰੀ ਖ਼ਬਰਾਂ ਛਪ ਚੁੱਕੀਆਂ ਹਨ।

ਪੁੱਤਰ : (ਵਿਅੰਗ ਨਾਲ) ਅੱਛਾ! ਵੱਟ ਓ ਨਿਊਜ਼!

ਜਗਤਾ : ਸਾਰੇ ਦੇਸ਼ ਵਿੱਚੋਂ ਲੋਕ ਉਹਨਾਂ ਦੇ ਦਰਸ਼ਨਾਂ ਨੂੰ ਇਥੇ ਆਉਂਦੇ ਹਨ। ਮੇਰੀ ਕਮਾਈ ਹੁਣ ਉਹਨਾਂ ਦੀ ਕ੍ਰਿਪਾ ਨਾਲ ਸੌ ਗੁਣਾਂ ਵੱਧ ਗਈ ਹੈ। ਇਸੇ ਲਈ ਹਰ ਐਤਵਾਰ ਨੂੰ ਉਹਨਾਂ ਦਾ ਪ੍ਰਸ਼ਾਦਿ ਵੰਡਦਾ ਹਾਂ। (ਹੱਥ ਜੋੜ ਕੇ ਅੱਖਾਂ ਬੰਦ ਕਰਦਿਆ) ਜੈ ਬਾਲ ਭਗਵਾਨ ...ਜੈ ਬਾਲ ਭਗਵਾਨ।

ਸੇਠਾਣੀ : ਇਹ ਬਾਲ ਭਗਵਾਨ ਕੌਣ ਨੇ ...? ਇਹ ਕੀ ਦੱਸਦੇ ਨੇ?

ਮਾਸਟਰ : ਭੈਣ ਜੀ! ਇਹ ਕਿਹੋ ਜਿਹਾ ਸਵਾਲ ਕੀਤਾ ਤੁਸੀਂ? ਪੁੱਛਦੇ ਹੋ ਭਗਵਾਨ ਕੌਣ ਨੇ? ਇਸ ਦਾ ਜਵਾਬ ਤੇ ਸ਼ਾਇਦ ਭਗਵਾਨ ਖੁਦ ਵੀ ਨਾ ਦੇ ਸਕਣ। ਆਪਣੀ ਆਤਮਾ ਨੂੰ ਪੁੱਛ ਕੇ ਵੇਖੋ! ਸ਼ਾਇਦ ਜਵਾਬ ਮਿਲ ਜਾਵੇ। ਕਿਸਮਤ ਤੇ ਭਵਿੱਖ ਦੱਸਦੇ ਨੇ ਬਾਲ ਭਗਵਾਨ।

ਪੁੱਤਰ : ਵੱਟ੍ਹ ਨਾਨਸੈਂਸ! ਭਗਵਾਨ-ਭਗਵੂਨ ਕੁਝ ਨਹੀਂ! ਸਭ ਫ਼ਰਾਡ ਹੈ! ਹੂੰ! ਬਲੱਡੀ ਬਾਲ ਭਗਵਾਨ ...!

(ਜਗਤਾ ਛਾਲ ਮਾਰ ਕੇ ਥੜ੍ਹੀ ਤੋਂ ਹੇਠਾਂ ਉਤਰਦਾ ਹੈ ਅਤੇ ਉਹਨਾਂ ਤਿੰਨਾਂ ਅੱਗੇ ਰੱਖੀਆਂ ਠੰਡੀਆਂ ਬੋਤਲਾਂ ਚੁੱਕ ਲੈਂਦਾ ਹੈ।)

ਜਗਤਾ : ਉਠੋ! ਜਾਓ ਇਥੋਂ! (ਪੁੱਤਰ ਨੂੰ) ਬਾਲ ਭਗਵਾਨ ਨੂੰ ਗਾਲਾਂ ਕੱਢਦਾ ਏਂ? ਨਾਨਸੈਂਸ ਕਹਿੰਦਾ ਏਂ? ਸਾਰੀ ਅੰਗਰੇਜ਼ੀ ਕੱਢ ਕੇ ਰੱਖ ਦਿਆਂਗਾ ਤੇਰੀ! ਹਾਂ ...।

(ਲੋਕੀ ਬਚ-ਬਚਾਅ ਕਰਦੇ ਹਨ। ਉੱਚੀ ਉੱਚੀ ਆਵਾਜ਼ਾਂ ਆਉਂਦੀਆਂ ਹਨ। ਸੇਠਾਣੀ ਆਪਣੇ ਘਰਵਾਲੇ ਨੂੰ ਇੱਕ ਪਾਸੇ ਬੁਲਾਉਂਦੀ ਹੈ।)

ਸੇਠਾਣੀ : ਸੁਣੋ ਜੀ! ਮੈਨੂੰ ਲੱਗਦੈ ਕਿ ਬਾਲ ਭਗਵਾਨ ਵਾਲੀ ਗੱਲ ਸੱਚੀ

ਏ! ਨਹੀਂ ਤੇ ਅੱਜ ਤੱਕ ਤੁਸੀਂ ਵੇਖਆ ਸੁਣਿਆ! ਬਈ ਇੱਕ ਦੁਕਾਨਦਾਰ ਕਿਸੇ ਗ੍ਰਾਹਕ ਨੂੰ ਮਾਰਨ ਲਈ ਦੌੜੇ? ਮੈਂ ਕਹਿੰਦੀ ਆਂ ਮਿਲ ਲਈਏ। ਜੇ ਭਲਾ ਨਾ ਹੋਇਆ ਤਾਂ ਬੁਰਾ ਤੇ ਹੋਣੋ ਰਿਹਾ! ਯੂ ਨੈਵਰ ਨੋਅ ਦੀ ਵੇਜ਼ ਆਫ਼ ਗਾਡ ਐਂਡ ਸਟਰੇਂਜ਼।

ਸੇਠ : (ਹਾਰੀ ਹੋਈ ਆਵਾਜ਼ ਵਿੱਚ) ਮਿਲ ਲਵੋ! ਕਿਸਮਤ ਤੇ ਮਾੜੀ ਹੈ ਈ। ਕੱਲ੍ਹ ਹੋ ਜਾਊ ਫੈਸਲਾ। ਹੁਣ ਸਾਨੂੰ ਕੋਈ ਨਹੀਂ ਬਚਾਅ ਸਕਦਾ। ਕਰ ਲਵੋ ਦਰਸ਼ਨ ਕੀ ਵਿਗੜ ਜਾਵੇਗਾ। (ਦੋਵੇਂ ਵਾਪਿਸ ਆਉਂਦੇ ਹਨ)

ਸੇਠਾਣੀ : (ਜਗਤੇ ਨੂੰ) ਤੁਸੀਂ ਮੇਰੇ ਬੇਟੇ ਦੀਆਂ ਗੱਲਾਂ ਦਾ ਬੁਰਾ ਨਾ ਮਨਾਇਓ! ਅਜੇ ਬੱਚਾ ਹੈ। ਇਸ ਉਮਰ ਵਿੱਚ ਬੇਵਕੂਫੀ ਦੀਆਂ ਗੱਲਾਂ ਹੀ ਕਰੂ। ਇਹਨੂੰ ਕੀ ਪਤਾ ਭਗਵਾਨ ਦੀ ਮਹਿਮਾ ਦਾ।

ਮਾਸਟਰ : ਜਗਤਿਆ! ਪੜ੍ਹੇ ਲਿਖੇ ਦੀ ਗੱਲ ਦਾ ਬੁਰਾ ਨਹੀਂ ਮਨਾਈਦਾ ਹੁੰਦਾ, ਇਹ ਅਧਰਮੀ ਹੁੰਦੇ ਨੇ, ਅਧਰਮੀ। ਇਹਨਾਂ ਲਈ ਤਾਂ ਅੰਗਰੇਜ਼ੀ ਦੀਆਂ ਕਿਤਾਬਾਂ ਵਿੱਚ ਜੋ ਲਿਖਿਆ ਏ ਉਹੀ ਸੱਚ ਹੈ। ਇਹ ਅੱਖਾਂ 'ਤੇ ਵਿਸਵਾਸ਼ ਕਰਨਗੇ! ਆਤਮਾ-ਪਰਮਾਤਮਾਂ 'ਤੇ ਨਹੀਂ! (ਉਹਨਾਂ ਦੇ ਪੁੱਤਰ ਵੱਲ ਮੁੜ ਕੇ) ਕਿਉਂ ਬਈ ਜਵਾਨਾਂ! ਇਹ ਰੁੱਖ ਜਿਸ ਹੇਠਾਂ ਤੂੰ ਬੈਠਾ ਏਂ ਕਿਸੇ ਬੀਜ ਤੋਂ ਉੱਗਾ ਏ ਕਿ ਆਪਣੇ ਆਪ ਪੈਦਾ ਹੋ ਗਿਆ?

ਪੁੱਤਰ : ਆਫ਼ ਕੋਰਸ ਬੀਜ ਨਹੀਂ ਹੋਵੇਗਾ ਤਾਂ ਰੁੱਖ ਕਿਥੋਂ ਹੋਵੇਗਾ?

ਮਾਸਟਰ : ਤੂੰ ਬੀਜ ਵੇਖਿਆ ਸੀ?

ਪੁੱਤਰ : ਨੋ! ਆਫ਼ ਕੋਰਸ ਨਾਟ।

ਮਾਸਟਰ : ਜੇ ਤੂੰ ਨਹੀਂ ਵੇਖਆ ਤਾਂ ਇਸ ਦਾ ਮਤਲਬ ਹੋਇਆ ਕਿ ਬੀਜ ਨਹੀਂ ਸੀ। ਤੇਰੇ ਵੇਖਣ ਜਾਂ ਨਾ ਵੇਖਣ, ਮੰਨਣ ਜਾਂ ਨਾ ਮੰਨਣ ਨਾਲ ਕੀ ਫ਼ਰਕ ਪੈਂਦਾ ਏ। ਉਸ ਦਿਨ ਕੁਝ ਅਮਰੀਕੀ ਲੋਕ ਵੀ ਆਏ ਸੀ ਬਾਲ ਭਗਵਾਨ ਕੋਲ।

ਆਵਾਜ਼ 1 : ਮਾਸਟਰ ਜੀ! ਅਮਰੀਕਨ? ਉਹ ਤਾਂ ਅੰਗਰੇਜ਼ੀ ਬੋਲਦੇ ਨੇ!

ਮਾਸਟਰ : ਫਿਰ ਕੀ ਹੋਇਆ? ਬਾਲ ਭਗਵਾਨ ਵੀ ਅੰਗਰੇਜ਼ੀ 'ਚ ਬੋਲਣ ਲੱਗ ਪਏ।

(ਲੋਕ ਮੂੰਹ ਬਣਾ ਕੇ ਮਾਸਟਰ ਵੱਲ ਵੇਖਦੇ ਹਨ)

ਆਵਾਜ਼ : ਅੱਛਾ! ਫੇਰ? ਉਏ ਜਗਤਿਆ ਚਾਰ ਕੱਪ ਚਾਹ ਤੇ ਨਾਲ ਬਰਫ਼ੀ ਘੱਲ।

ਮਾਸਟਰ ਜੀ : ਫਿਰ ਕੀ! ਅਮਰੀਕਨ ਨੇ ਕਿਹਾ ਕਿ ਗੌਡ ਵੇਖਿਆ ਨਹੀਂ! ਜੋ ਨਹੀਂ ਵੇਖਿਆ ਉਸ ਨੂੰ ਕਿਵੇਂ ਮੰਨਾਂ?

ਆਵਾਜ਼ 1 : ਠੀਕ ਹੈ ਜੀ।

ਮਾਸਟਰ : ਠੀਕ ਆ ਤੇਰਾ ਸਿਰ! ਐਵੇਂ ਨਾ ਵਿੱਚੋਂ ਟੋਕ। ਬਾਲ ਭਗਵਾਨ ਨੇ ਇੱਕ ਸ਼ਬਦ ਅੰਗਰੇਜ਼ੀ ਦਾ ਬੋਲਿਆ 'ਗਰੈਂਡ ਫਾਦਰ'! ਮਤਲਬ ਕਿ ਕੀ ਤੂੰ ਆਪਣਾ ਦਾਦਾ ਵੇਖਆ?

ਅਵਾਜ਼ਾਂ : ਫੇਰ?

ਮਾਸਟਰ : ਅਮਰੀਕਨ ਬੋਲਿਆ ਕਿ ਉਹਨੇ ਦਾਦਾ ਨਹੀਂ ਵੇਖਿਆ ਤੇ ਉਹਦੇ ਜਨਮ ਤੋਂ ਪਹਿਲਾਂ ਹੀ ਮਰ ਗਿਆ ਸੀ। ਫੇਰ ਪਤੈ! ਬਾਲ ਭਗਵਾਨ ਨੇ ਅੰਗਰੇਜ਼ੀ ਵਿੱਚ ਕੀ ਕਿਹਾ?

ਆਵਾਜ਼ਾਂ : ਕੀ?

ਮਾਸਟਰ : ਤੂੰ ਦਾਦਾ ਨਹੀਂ ਵੇਖਿਆ! ਇਹਦਾ ਮਤਲਬ ਤੇਰਾ ਦਾਦਾ ਹੈ ਈ ਨਹੀਂ ਸੀ। ਦੈਟ ਮੀਨਜ਼ ਯੂ ਆਰ ਏ ਸੰਨ ਆਫ਼ ਏ ਬਾਸਟਰਡ। ਮਤਲਬ ਤੂੰ ਹਰਾਮੀ ਦਾ ਪੁੱਤ ਹੋਇਆ ਕਿ ਨਾ! ਬਸ ਫਿਰ ਡਿੱਗ ਪਿਆ ਅਮਰੀਕਨ ਬਾਲ ਭਗਵਾਨ ਦੇ ਚਰਨਾਂ 'ਤੇ। ਹੰਝੂਆਂ ਨਾਲ ਉਹਨਾਂ ਦੇ ਚਰਨ ਧੋ ਦਿੱਤੇ। ਭਗਵਾਨ ਨੇ ਠੀਕ ਰਾਹ 'ਤੇ ਵਾਪਿਸ ਪਰਤੇ ਉਸ ਆਪਣੇ ਭਗਤ ਦੇ ਸਿਰ 'ਤੇ ਮੁਸਕਰਾ ਕੇ ਹੱਥ ਰੱਖਿਆ ਤੇ ਸਮਾਧੀ 'ਚ ਲੀਨ ਹੋ ਗਏ।

ਇੱਕ ਆਵਾਜ਼ : ਬਾਲ ਭਗਵਾਨ ਅੰਗਰੇਜ਼ੀ 'ਚ ਬੋਲੇ?

ਮਾਸਟਰ : ਸਾਰੀਆਂ ਭਾਸ਼ਾਵਾਂ ਉਹਨਾਂ ਅੱਗੇ ਦਾਸੀਆਂ ਵਾਂਗੂੰ ਹੱਥ ਬੰਨ੍ਹ ਕੇ ਖੜੀਆਂ ਰਹਿੰਦੀਆਂ ਨੇ। ਜਦ ਜੀਅ ਕੀਤਾ ਬੋਲ ਦਿੱਤਾ ਕਿਸੇ ਭਾਸ਼ਾ 'ਚ! ਅਜੇ ਕੱਲ੍ਹ ਦੀ ਗੱਲ ਆ ਕਿ ਸਾਰਾ ਦਿਨ ਸੰਸਕਿਰਤ ਵਿੱਚ ਬੋਲਦੇ ਰਹੇ।

ਪੁੱਤਰ : ਬਾਈ ਗਾਡ! ਹੀ ਸਪੀਕਸ ਇੰਗਲਿਸ਼?

ਮਾਸਟਰ : ਬਈ ਜਵਾਨਾ! ਭਗਵਾਨ ਨੂੰ ਹੀ ਨਹੀਂ ਕਹਿੰਦੇ ਬਲਕਿ ਦੇਅ

ਕਹਿੰਦੇ ਹਨ! ਦੇਅ!

ਪੁੱਤਰ : ਆਈ ਐਮ ਸਾਰੀ! ਇਟ 'ਜ਼ ਏ ਮੀਰੈਕਲ ਕਿ ਇੱਕ ਅਮਰੀਕਨ ਨਾਲ ਇੰਗਲਿਸ਼ ਵਿੱਚ ਗੱਲਬਾਤ ਕੀਤੀ। ਪਾਪਾ! ਆਪਾਂ ਬਾਲ ਭਗਵਾਨ ਨੂੰ ਮਿਲਾਂਗੇ, ਦੇਅ ਮੇ ਬਲੈੱਸ ਅੱਸ!

ਸੇਠ : ਸਾਡੀ ਸਟੀਲ ਮਿੱਲ ਹੈ ਤੇ ਪਿਤਾ ਜੀ ਨੇ ਵਸੀਅਤ ਛੋਟੇ ਭਰਾ ਦੇ ਨਾਂ 'ਤੇ ਕੀਤੀ ਸੀ। ਜਦੋਂ ਉਹਨਾਂ ਦੀ ਡੈੱਥ ਹੋਈ ਤਾਂ ਮੈਂ ਜਰਮਨੀ ਪੜ੍ਹਾਈ ਕਰਨ ਗਿਆ ਹੋਇਆ ਸਾਂ ...।

ਸੇਠਾਣੀ : ਇਹ ਤਾਂ ਜੀ ਸਾਡੇ ਨਿਰ੍ਹੇ ਸੰਤ ਨੇ ਸੰਤ! ਕਿੰਨੀ ਵਾਰੀ ਸਮਝਾਇਆ ਕਿ ਲਿਖਤ-ਪੜ੍ਹਤ ਕਰ ਲਵੋ, ਪਰ ਨਹੀਂ। ਅਖੇ ਛੋਟਾ ਭਰਾ ਪੁੱਤਰਾਂ ਵਾਂਗ ਹੁੰਦਾ ਏ! ਵੇਖ ਲਿਆ ਪੁੱਤਰ? ਉਹਨੇ ਜੀ ਕਰ ਲਿਆ ਮਿੱਲ 'ਤੇ ਕਬਜ਼ਾ ਤੇ ਲੋਅਰ ਕੋਰਟ 'ਚ ਅਸੀਂ ਕੇਸ ਹਾਰ ਗਏ ...।

ਪੁੱਤਰ : ਕੱਲ੍ਹ ਤਾਂ ਉਹ ਮੇਰੀ ਲੰਬੀ ਕਾਰ ਖੋਹਣ ਦੀ ਥ੍ਰੈੱਟ ਦੇ ਰਿਹਾ ਸੀ।

ਸੇਠ : ਕੱਲ੍ਹ ਸੈਸ਼ਨ ਕੋਰਟ ਵਿੱਚ ਫੈਸਲਾ ਸੁਣਾਇਆ ਜਾਵੇਗਾ। ਮੇਰਾ ਦਿਲ ਕਹਿੰਦਾ ਏ ਕਿ ਸਾਡੀ ਹਾਰ ਹੋਵੇਗੀ।

ਮਾਸਟਰ : ਤੁਹਾਡੇ 'ਤੇ ਤਾਂ ਸੱਚਮੁੱਚ ਮੁਸੀਬਤਾਂ ਦਾ ਪਹਾੜ ਟੁੱਟ ਪਿਆ ਏ! ਜਾ ਕੇ ਵੇਖ ਲਵੋ ਤੁਸੀਂ ਵੀ ਬਾਲ ਭਗਵਾਨ ਦੀ ਸ਼ਰਨ ਵਿੱਚ! ਜੇ ਉਹਨਾਂ ਦੀ ਕ੍ਰਿਪਾ ਹੋ ਗਈ ਤਾਂ ਤੁਹਾਡੇ ਦਿਨ ਫਿਰ ਜਾਣਗੇ।

ਸੇਠਾਣੀ : ਹਾਂ, ਭਾਈ ਸਾਹਿਬ! ਤੁਸੀਂ ਕਰਵਾ ਦੇਵੋ ਦਰਸ਼ਨ! ਇਹ ਤਾਂ ਪਹਿਲਾਂ ਈ ਹਰਟ ਪੇਸ਼ੀਐਂਟ ਨੇ। ਜੇ ਕੇਸ ਹਾਰ ਗਏ ਤਾਂ ...?

ਮਾਸਟਰ : ਤੁਸੀਂ ਅਜੇ ਇਥੇ ਬੈਠੋ। ਮੈਂ ਵੇਖ ਕੇ ਆਉਨਾ ਕਿ ਭਗਵਾਨ ਕਿਤੇ ਸਮਾਧੀ 'ਚ ਲੀਨ ਨਾ ਹੋਣ! ਫੇਰ ਉਹਨਾਂ ਨੂੰ ਜਗਾਇਆ ਨਹੀਂ ਜਾ ਸਕਦਾ।
(ਜਾਂਦਾ ਹੈ)

ਇੱਕ ਆਦਮੀ : ਹੁਣ ਤੇ ਇਹਨਾਂ ਵਿਚਾਰਿਆਂ ਨੂੰ ਬਾਲ ਭਗਵਾਨ ਹੀ ਬਚਾ ਸਕਦੇ ਹਨ। ਇਹਨੂੰ ਕਹਿੰਦੇ ਨੇ ਕਲਯੁੱਗ! ਜਦੋਂ ਭਰਾ ਹੀ ਸਭ ਕੁਝ ਹੜੱਪਣਾ ਚਾਹੇ ਤਾਂ ਦੁਸ਼ਮਨਾਂ ਦੀ ਕੌਣ ਕਹੇ ...?

(ਫੇਡ ਆਊਟ)

## ਦ੍ਰਿਸ਼ ਦੂਜਾ

(ਪੰਡਤ ਦਾ ਘਰ। ਸਿੱਧੜ ਆਰਾਮ ਕੁਰਸੀ ਤੇ ਅੱਧ ਲੇਟਿਆ ਪਿਆ ਹੈ ਜਿਸ ਦੇ ਵਾਲ ਵਿੱਚੋਂ ਕੱਟੇ ਹੋਏ ਹਨ। ਮੱਥੇ ਤੇ ਤਿਲਕ ਤੇ ਭਗਵਾਂ ਕੁੜਤਾ ਪਾਇਆ ਹੋਇਆ ਹੈ ਜਿਸ ਵਿੱਚ ਮੋਟਾ ਢਿੱਡ ਉਭਰਿਆ ਹੋਇਆ ਹੈ। ਛੋਟੀ ਭੈਣ ਨਿੱਕੀ ਉਸ ਨੂੰ ਪੜ੍ਹਾ ਰਹੀ ਹੈ।)

ਨਿੱਕੀ : ਹੁਣ ਬੋਲ ਰਾਰਾ ਰਾਮ ...!

ਸਿੱਧੜ : ਰਾਮ!

ਨਿੱਕੀ : ਹੁਣ ਬੋਲ ਭੱਬਾ ਭਾਰਤ ...!
(ਸਿੱਧੜ ਮੂੰਹ ਖੋਲ੍ਹਦਾ ਹੈ, ਪਰ ਸ਼ਬਦ ਜੀਭ ਤੇ ਚੜ੍ਹਦਾ ਨਹੀਂ।) ਚੱਲ ਕੋਈ ਨਾ ਭੱਬਾ ਭਾਰਤ ਨਹੀਂ ਤੇ ਬੋਲ ਭੱਬਾ ਭੇੜੀਆ।

ਸਿੱਧੜ : ਭੇ ...ਭੇ ...(ਮੂੰਹ ਬੰਦ ਹੋ ਜਾਂਦਾ ਹੈ। ਪੰਡਤ ਤੇ ਪੰਡਤਾਣੀ ਅੰਦਰ ਦਾਖ਼ਲ ਹੁੰਦੇ ਹਨ।)

ਪੰਡਤਾਣੀ : ਨਿੱਕੀ! ਜਾਹ ਬਾਹਰ ਜਾ ਕੇ ਖ਼ੇਡ, ਇਹਨਾਂ ਨੂੰ ਸੌਂ ਲੈਣ ਦੇ। (ਨਿੱਕੀ ਚਲੀ ਜਾਂਦੀ ਹੈ ਤੇ ਪੰਡਤਾਣੀ ਪੰਡਤ ਵੱਲ ਮੁੜਦੀ ਹੈ।) ਸੁਣੋ ਜੀ! ਕੀ ਸਿੱਧੜ ’ਚ ਸੱਚੀ-ਮੁੱਚੀ ਭਗਵਾਨ ਦਾ ਵਾਸ ਹੈ? ਮੈਨੂੰ ਤੇ ਬਿਲਕੁਲ ਪਹਿਲਾਂ ਵਰਗਾ ਦਿੱਸਦਾ ਏ, ਪੱਥਰ ਦਾ ਪੱਥਰ! ਮਾਸ ਦਾ ਲੋਦਾ।

ਪੰਡਤ : ਤੂੰ ਇਹਨਾਂ ਗੱਲਾਂ ਤੋਂ ਕੀ ਲੈਣਾ ਏ? ਜੇ ਲੋਕ ਮੰਨਦੇ ਨੇ ਤਾਂ ਮੰਨਣ ਦੇ। ਸਾਡਾ ਵੱਡਾ ਲੜਕਾ ਅੱਠਵੀਂ ਪਾਸ ਵੀ ਨਹੀਂ ਤੇ ਸਿੱਧੜ ਦੇ ਇੱਕ ਭਗਤ ਨੇ ਚਪੜਾਸੀ ਦੀ ਨੌਕਰੀ ’ਤੇ ਲਗਵਾ ਦਿੱਤਾ। ਜਾਣਦੀ ਏਂ ਚਪੜਾਸੀ ਭਰਤੀ ਹੋਣ ਦਾ ਕੀ ਰੇਟ ਏ? ਕਿੰਨੀ ਰਿਸ਼ਵਤ ਦੇਣੀ ਪੈਂਦੀ ਏ? ਇਹਦੀ ਕ੍ਰਿਪਾ

ਨਾਲ ਜੇ ਸਾਲ ਕੁ ਇਦਾਂ ਈ ਚੱਲਦਾ ਰਿਹਾ ਤਾਂ ਆਪਣੀ ਵੀ ਜ਼ਮੀਨ ਹੋਵੇਗੀ ਤੇ ਆਪਣਾ ਮਕਾਨ। ਰਤਨ ਸਿੰਘ ਦੇ ਮਕਾਨ ਵਰਗਾ ਪੱਕਾ ਮਕਾਨ।

ਪੰਡਤਾਣੀ : ਹੇ ਭਗਵਾਨ! ਕਿੰਨੀ ਭੁੱਖ ਲੱਗਦੀ ਏ! ਕਿੰਨਾ ਖਾਂਦਾ ਏ? ਖਾਧੀ ਤੇ ਸੌਂ ਗਿਆ। ਪੂਰਾ ਕੁੰਭਕਰਨ ਆ ਕੁੰਭਕਰਨ! ਨਿੱਕੀ ਖ਼ੇਡ ਖ਼ੇਡ ਵਿੱਚ ਪੜ੍ਹਾਉਂਦੀ ਏ ਪਰ ਇਹਦੇ ਤੋਂ ਬੋਲਿਆ ਈ ਨਹੀਂ ਜਾਂਦਾ।

ਪੰਡਤ : ਪਹਿਲਾਂ ਕਿਹੜਾ ਭਾਸ਼ਨ ਦਿੰਦਾ ਸੀ ਜਿਹੜਾ ਤੂੰ ਹੁਣ ਇਹਦੀ ਆਵਾਜ਼ ਸੁਣਨ ਨੂੰ ਤਰਸ ਗਈ ਏਂ। ਰੱਬ ਦਾ ਸ਼ੁਕਰ ਮਨਾ ਕਿ ਚੁੱਪ ਰਹਿੰਦਾ ਏ! ਜਿਸ ਦਿਨ ਸਿੱਧੜ ਬੋਲ ਪਿਆ, ਪੋਲ ਖੁੱਲ੍ਹ ਜਾਣੀ ਏ। ਕਿੰਨੇ ਚਿਰ ਤੋਂ ਗਾਇਤਰੀ ਮੰਤਰ ਰਟਾਉਣ ਦੀ ਕੋਸਿਸ਼ ਕਰ ਰਿਹਾਂ ਪਰ ਮਜ਼ਾਲ ਹੈ ਜੇ ਓਮ ਤੋਂ ਅੱਗੇ ਕੁਝ ਬੋਲੇ। ਇੰਨੇ ਭਗਤ ਦੂਰ ਦੁਰਾਡਿਓਂ ਆਉਂਦੇ ਨੇ! ਇੱਕ ਵਾਰ ਮੰਤਰ ਬੋਲ ਦਿੱਤਾ ਤਾਂ ਉਹਨਾਂ ਦੀ ਸ਼ਰਧਾ ਚੌਗੁਣੀ ਹੋ ਜਾਣੀ ਏਂ ਤੇ ਚੜ੍ਹਾਵਾ ਵੀ। ਇਹਦੇ ਦਿਮਾਗ ਨੂੰ ਸੱਚੀ ਮੁੱਚੀ ਤਾਲਾ ਲੱਗਾ ਏ ਤਾਲਾ।

ਪੰਡਤਾਣੀ : ਬੋਲ ਕੁਬੋਲ ਨਾ ਮੂੰਹ ਵਿੱਚੋਂ ਕੱਢੋ ਜੀ। ਮੇਰੇ ਬਾਲ ਭਗਵਾਨ ਸਾਰੇ ਟੱਬਰ ਦੀ ਰੋਟੀ ਚਲਾ ਰਹੇ ਨੇ। ਬੱਚਿਆਂ ਦੇ ਕਪੜੇ ਵੀ ਨਵੇਂ ਬਣ ਗਏ ਨੇ ਤੇ ਦੋਵੇਂ ਵੇਲੇ ਰੋਟੀ ਵੀ ਢਿੱਡ ਭਰ ਕੇ ਮਿਲਣੀ ਸ਼ੁਰੂ ਹੋ ਗਈ ਆ।

ਪੰਡਤ : (ਠਰਕ ਨਾਲ) ਤੇ ਤੂੰ ਵੀ ਮੁੜ ਜਵਾਨ ਹੋ ਗਈ ਏਂ ਸਫ਼ੇਦ ਸਾੜੀ ਕਿੰਨੀ ਫੱਬਦੀ ਏ ਤੈਨੂੰ। (ਹੱਸ ਕੇ) ਭਗਤਾਂ ਦੀ ਆਤਮਾ ਨੂੰ ਸੁੱਖ ਦਿੰਦਾ ਏ ਸਿੱਧੜ ਤੇ ਅੱਖਾਂ ਨੂੰ ਤੂੰ।

ਪੰਡਤਾਣੀ : ਦਿਨ ਵੇਲੇ ਤੇ ਸ਼ਰਮ ਕਰ ਲਿਆ ਕਰੋ! ਜਦੋਂ ਵੇਖੋ ਛੇੜਦੇ ਰਹਿੰਦੇ ਓ! (ਮਾਣ ਨਾਲ) ਆਸ ਪਾਸ ਦੇ ਇਲਾਕੇ ਵਿੱਚ ਕਿੰਨਾ ਮਾਣ ਵੱਧ ਗਿਆ ਏ! ਲੋਕ 'ਮਾਤਾ ਜੀ' ਕਹਿ ਕੇ ਬੁਲਾਉਂਦੇ ਨੇ। ਆਖ਼ਿਰ ਬਾਲ ਭਗਵਾਨ ਦੀ ਮਾਂ ਹਾਂ ਮੈਂ!

ਪੰਡਤ : ਮੈਂ ਕਿਹਾ ਸੋਹਣਿਓ! ਮਾਤਾ ਜੀ ਦੇ ਚੱਕਰ ਵਿੱਚ ਕਿਤੇ ਇਹ

| | | |
|---|---|---|
| | | ਨਾ ਭੁੱਲ ਜਾਇਓ ਕਿ ਤੁਸੀਂ ਸਾਡੇ ਵੀ ਕੁਝ ਲੱਗਦੇ ਹੋ! ਮੈਂ ਤੇਰੀ ...। |
| ਪੰਡਤਾਣੀ | : | ਇਹ ਗਾਲਾਂ ਦੇ ਗਹਿਣੇ ਹੁਣ ਸੰਦੂਕ 'ਚ ਜਿੰਦਾ ਮਾਰ ਕੇ ਰੱਖ ਦੇਵੋ। ਭਗਤਾਂ ਦਾ ਵੀ ਕੁਝ ਖ਼ਿਆਲ ਕਰੋ। ਬਾਲ ਭਗਵਾਨ ਦੇ ਪਿਤਾ ਹੋ ਤੁਸੀਂ! ਪਿਤਾ! ਪਰ ਤੁਹਾਡਾ ਕੀ ਏ? ਉਸ ਦਿਨ ਸਾਰਿਆਂ ਦੇ ਸਾਹਮਣੇ ਮੈਨੂੰ ਕਿੰਨੀਆਂ ਗਾਲਾਂ ਕੱਢੀਆਂ ਸਨ! ਜੇ ਲੋਕ ਨਾ ਫੜਦੇ ਤਾਂ ਕੁਹਾੜੀ ਨਾਲ ਮੇਰੇ ਟੋਟੇ ਕਰ ਦੇਣੇ ਸੀ। |
| ਪੰਡਤ | : | ਚੁੱਪ! ਬੇਵਕੂਫ਼ ਕਿਸੇ ਥਾਂ ਦੀ। ਉਹ ਤੇ ਡਰਾਮਾ ਕੀਤਾ ਸੀ ਮੈਂ। ਤੇਰੇ ਟੋਟੇ ਤੇ ਮੈਂ ਵੈਸੇ ਈ ਕਰ ਦਿਆਂ ਬਿਨਾਂ ਕੁਹਾੜੀ ਤੋਂ ਈ ...। (ਵੱਡਾ ਪੁੱਤ ਨਵੀਂ ਪੈਂਟ ਕਮੀਜ਼ ਪਾਈ ਦਾਖ਼ਲ ਹੁੰਦਾ ਹੈ ਤੇ ਚੁੱਪ ਚਾਪ ਖੜਾ ਹੋ ਜਾਂਦਾ ਹੈ।) |
| ਪੰਡਤਾਣੀ | : | ਕੀ ਗੱਲ ਏ? ਅੱਜ ਇਸ ਵੇਲੇ ਘਰ ਕਿਵੇਂ! ਮਟਰ ਗ਼ਸ਼ਤੀ ਤੇ ਨਹੀਂ ਗਿਆ? |
| ਭਰਾ | : | ਪੈਸੇ ਚਾਹੀਦੇ ਨੇ ਮੈਨੂੰ, ਮੈਂ ਬੈਟ ਲੈਣਾ ਏ। |
| ਪੰਡਤ | : | ਕਿਹੜਾ ਬੈਟ ਉਏ? |
| ਭਰਾ | : | ਕ੍ਰਿਕਟ ਖ਼ੇਡਣ ਵਾਲਾ। ਬਾਕੀ ਸਾਰੇ ਬੈਟ ਨਾਲ ਖ਼ੇਡਦੇ ਨੇ ਤੇ ਮੈਂ ਡੰਡੇ ਨਾਲ। ਪੈਸੇ ਸਿੱਧੜ ਦੇ ਸਿਰਹਾਣਿਓਂ ਕੱਢ ਕੇ ਦਿਓ। |
| ਪੰਡਤਾਣੀ | : | ਤਾਮੀਜ਼ ਨਾਲ ਬੋਲ! ਬਾਲ ਭਗਵਾਨ ਕਹਿੰਦਿਆਂ ਤੇਰੀ ਜ਼ੁਬਾਨ ਸੜਦੀ ਏ? ਮੰਗ ਲੈ ਆਪਣੇ ਆਪ ਈ। (ਪੁੱਤਰ ਸਿੱਧੜ ਦੇ ਕੋਲ ਜਾਂਦਾ ਹੈ।) |
| ਭਰਾ | : | ਰੁਪਈਏ ...! ਬੱਲਾ! |
| ਸਿੱਧੜ | : | ਬੱਲਾ ਕੀ? (ਸਿੱਧੜ ਦਾ ਭਰਾ ਬਾਂਹ ਚੁੱਕ ਕੇ ਕ੍ਰਿਕਟ ਖ਼ੇਡਣ ਦਾ ਐਕਸ਼ਨ ਕਰਦਾ ਹੈ। ਸਿੱਧੜ ਮੂੰਹ ਬਣਾਈ ਵੇਖੀ ਜਾਂਦਾ ਹੈ।) |
| ਭਰਾ | : | ਬੱਲਾ! ਕ੍ਰਿਕਟ ਖ਼ੇਡਣ ਵਾਲਾ। ਟੀਵੀ 'ਤੇ ਸਾਰਾ ਦਿਨ ਮੈਚ ਵੇਖਦਾ ਏਂ ਤੇ ਬੱਲਾ ਨਹੀਂ ਸਮਝਦਾ? |
| ਨਿੱਕੀ | : | ਕਪਿਲ ਦੇਵ! ਛਿੱਕਾ ...! (ਸਿੱਧੜ ਤਾੜੀ ਵਜਾਉਂਦਾ ਹੈ। |

'ਕਪਲ-ਕਪਲ' ਬੋਲਦਾ ਹੈ ਅਤੇ ਸਿਰਹਾਣੇ ਹੇਠੋਂ ਨੋਟ ਚੁੱਕ ਕੇ ਭਰਾ ਦੇ ਸਾਹਮਣੇ ਕਰ ਦਿੰਦਾ ਹੈ। ਭਰਾ ਨੋਟ ਲੈ ਕੇ ਬਾਹਰ ਚਲਾ ਜਾਂਦਾ ਹੈ। ਸਿੱਧੜ ਫਿਰ 'ਕਪਲ-ਕਪਲ' ਬੋਲਦਾ ਹੈ) ਕਪਲ ਨਹੀਂ! ਕਪਿਲ। ਪੱਪੇ ਸਿਹਾਰੀ! ਬੋਲ ਕਪਿਲ।

ਸਿੱਧੜ : ਕਪਲ! ਕਪਲ! (ਤਾੜੀ ਵਜਾ ਕੇ ਹਵਾ ਵਿੱਚ ਬਾਂਹ ਹਿਲਾਉਂਦਾ ਹੈ) ਛਕ ...ਛਕ ...ਛਕ।

ਨਿੱਕੀ : ਛਕ ...ਨਹੀਂ! ਛੱਕਾ।

ਪੰਡਤਾਣੀ : ਨਿੱਕੀ, ਜਾਹ ਜਾ ਕੇ ਚਾਹ ਬਣਾ ਕੇ ਲਿਆ! (ਨਿੱਕੀ ਜਾਣ ਲੱਗਦੀ ਹੈ) ਨਾਲੇ ਸੁਣ! ਜਦੋਂ ਤੇਰਾ ਵੀਰ ਕ੍ਰਿਕਟ ਵਾਲਾ ਬੱਲਾ ਲੈ ਕੇ ਆਵੇ ਤਾਂ ਇਹਨੂੰ ਵੀ ਵਿਖਾਈਂ। ਹੈ ਤੇ ਬੱਚਾ ਈ ਨਾ! ਖ਼ੇਡਣ ਨੂੰ ਜੀਅ ਤਾਂ ਇਹਦਾ ਵੀ ਕਰਦਾ ਹੋਊ! (ਛੋਟੀ ਚਲੀ ਜਾਂਦੀ ਹੈ। ਪੰਡਤ ਨੂੰ ...) ਜੇ ਮੇਰੀ ਇੱਕ ਗੱਲ ਮੰਨੋ ਤਾਂ ਕਹਾਂ! ਹੁਣ ਦਿਨੇ ਨਾ ਪੀਆ ਕਰੋ। ਅੱਖਾਂ ਤੇ ਵੇਖੋ ਕਿਦਾਂ ਲਾਲ ਸੁਰਖ ਰਹਿੰਦੀਆਂ ਨੇ। ਲੋਕ ਤੇ ਖ਼ੈਰ ਇਹੀ ਸਮਝਦੇ ਨੇ ਕਿ ਪੰਡਤ ਜੀ ਸਾਰੀ ਸਾਰੀ ਰਾਤ ਜਾਗ ਕੇ ਪੂਜਾ ਕਰਦੇ ਰਹਿੰਦੇ ਨੇ। ਪਰ ਜੇ ਅਸਲੀਅਤ ਪਤਾ ਲੱਗ ਗਈ ਤਾਂ ਸ਼ਰਧਾ ਖ਼ਤਮ ਹੋ ਜਾਣੀ ਏਂ।

(ਮਾਸਟਰ ਤੇਜ਼ੀ ਨਾਲ ਦਾਖ਼ਲ ਹੁੰਦਾ ਹੈ)

ਮਾਸਟਰ : ਜਲਦੀ ਨਾਲ ਕਮਰਾ ਠੀਕ ਕਰੋ! ਅਗਰਬੱਤੀ ਜਲਾਓ! ਸ਼ਹਿਰੋਂ ਕੁਝ ਭਗਤ ਆਏ ਨੇ। ਲੰਬੀ ਵਿਦੇਸ਼ੀ ਕਾਰ ਵਾਲੇ। (ਪੰਡਤਾਣੀ ਸਿੱਧੜ ਦੇ ਵਾਲ ਸੰਵਾਰ ਕੇ ਉਹਦੇ ਮੱਥੇ 'ਤੇ ਤਿਲਕ ਲਗਾਉਂਦੀ ਹੈ। ਮਾਸਟਰ ਤੇਜ਼ੀ ਨਾਲ ਅਗਰਬੱਤੀ ਜਗਾਉਂਦਾ ਹੈ। ਪੰਡਤ ਸਿੱਧੜ ਦੇ ਕਮਰੇ 'ਤੇ ਲੱਗਾ ਗੇਰੂਆ ਪਰਦਾ ਹੇਠਾਂ ਸੁੱਟਦਾ ਹੈ। ਤਿੰਨੇ ਸ਼ਹਿਰੀ ਅੰਦਰ ਆਉਂਦੇ ਹਨ ਪਿੱਛੇ ਪਿੱਛੇ ਕੁਝ ਹੋਰ ਲੋਕ ਵੀ ਹਨ। ਪਿੱਠ ਭੂਮੀ ਤੋਂ ਕੀਰਤਨ ਦੀ ਧੁੰਨ ਵਿੱਚ ਪੰਕਤੀ 'ਜੈ ਬੋਲੋ ਬਾਲ ਭਗਵਾਨ ਦੀ, ਜੈ ਬੋਲੋ ਬਾਲ ਭਗਵਾਨ ਦੀ।' ਸੁਣਾਈ ਦਿੰਦੀ ਹੈ।)

ਮਾਸਟਰ : ਪੰਡਤ ਜੀ! ਇਹਨਾਂ ਵਿਚਾਰਿਆਂ-ਕਿਸਮਤ ਦੇ ਮਾਰਿਆਂ 'ਤੇ

ਬਿਪਤਾ ਦਾ ਪਹਾੜ ਟੁੱਟ ਪਿਆ ਏ। ਛੋਟੇ ਭਰਾ ਨੇ ਸਟੀਲ ਮਿੱਲ ਹੜੱਪ ਲਈ ਹੈ, ਕੱਲ੍ਹ ਸੈਸ਼ਨ ਕੋਰਟ ਵਿੱਚ ਕੇਸ ਦਾ ਫੈਸਲਾ ਹੋਣਾ ਹੈ। ਬਾਲ ਭਗਵਾਨ ਦੀ ਸ਼ਰਨ ਵਿੱਚ ਆਏ ਨੇ। ਦਰਸ਼ਨ ਕਰਵਾ ਦੇਵੋ! ਸ਼ਾਇਦ ਉਹਨਾਂ ਦੀ ਕਿਰਪਾ ਨਾਲ ਕਿਸਮਤ ਬਦਲ ਜਾਵੇ।

ਪੰਡਤ : ਅਸੰਭਵ! ਇਸ ਸਮੇਂ ਦਰਸ਼ਨ ਨਹੀਂ ਹੋ ਸਕਦੇ। ਬਾਲ ਭਗਵਾਨ ਸੌਂ ਰਹੇ ਨੇ। ਜਾਓ! ਫੇਰ ਕਦੇ ਆਇਓ।

ਪੁੱਤਰ : (ਪਰਸ ਵਿੱਚੋਂ ਸੌ ਦਾ ਨੋਟ ਕੱਢ ਕੇ ਪੰਡਤ ਵੱਲ ਵਧਾਉਂਦਾਹੋਇਆ) ਪੈਸੇ ਦਿਆਂਗੇ! ਮੁਫ਼ਤ ਦਰਸ਼ਨ ਨਹੀਂ ਕਰਨ ਆਏ।

ਪੰਡਤ : (ਗਰਜਦਾ ਹੋਇਆ) ਤੂੰ ਭਗਵਾਨ ਨੂੰ ਖ਼੍ਰੀਦੇਂਗਾ? ਪੈਸੇ ਦਾ ਇੰਨਾ ਮਾਣ! ਤੇਰੀ ਔਕਾਤ ਹੀ ਕੀ ਹੈ? ਜੇ ਇੰਨਾ ਹੀ ਪੈਸਾ ਏ ਤਾਂ ਆਪਣੇ ਪਿਓ ਜੱਜ ਨੂੰ ਕਿਉਂ ਨਹੀਂ ਖ਼੍ਰੀਦ ਲੈਂਦਾ? ਅਗਿਆਨ ਦੇ ਹੰਕਾਰ ਵਿੱਚ ਡੁੱਬੇ ਲੋਕਾਂ ਨੂੰ ਬਾਲ ਭਗਵਾਨ ਤਾਂ ਕੀ ਖੁਦ ਉਪਰ ਵਾਲਾ ਭਗਵਾਨ ਵੀ ਨਹੀਂ ਬਚਾ ਸਕਦਾ। ਉਏ ਨੀਚ! ਤੇਰੀ ਕਿਸਮਤ ਚੰਗੀ ਏ ਕਿ ਬਾਲ ਭਗਵਾਨ ਨੇ ਤੇਰੀ ਹਰਕਤ ਨਹੀਂ ਵੇਖੀ, ਨਹੀਂ ਤੇ ਇਸੇ ਵਕਤ-ਇਸੇ ਪਲ ਤੁਹਾਡਾ ਸਰਵਨਾਸ਼ ਹੋ ਜਾਣਾ ਸੀ। ਨਿਕਲ ਜਾਓ! ਇੰਨਾ ਹੰਕਾਰ? ਇੰਨੀ ਜੁਰਅੱਤ? ਬਾਲ ਭਗਵਾਨ ਦੀ ਕੀਮਤ ਪਾ ਕੇ ਉਹਨਾਂ ਨੂੰ ਰਿਸ਼ਵਤ ਦਿੰਦੇ ਹੋ! ਮੇਰਾ ਮੂੰਹ ਕੀ ਵੇਖ ਰਹੇ ਹੋ? ਨਿਕਲ ਜਾਓ! ਨਹੀਂ ਤੇ ਟੋਟੇ ਟੋਟੇ ਕਰ ਦਊਂ।

ਪੰਡਤਾਣੀ : (ਹੱਥ ਜੋੜਦੀ ਹੋਈ) ਪੰਡਤ ਜੀ ...।

ਮਾਸਟਰ : ਭੈਣ ਜੀ! ਤੁਸੀਂ ਲੋਕ ਜਾਓ ਇਥੋਂ! ਹੁਣ ਕੁਝ ਨਹੀਂ ਹੋ ਸਕਣਾ। ਲੱਗਦਾ ਹੈ ਤੁਸੀਂ ਲੋਕ ਸਿੱਧੇ ਭਗਵਾਨ ਦੇ ਘਰੋਂ ਕਾਲੇ ਕਰਮ ਲਿਖਾ ਕੇ ਆਏ ਹੋ। ਤੁਸੀਂ ਸ਼ਰਧਾ ਤੇ ਭਗਤੀ ਦਾ ਮੁੱਲ ਪਾਓਗੇ? ਤੁਸੀਂ ਲੋਕ ਜਾਓ ਹੁਣ ਇਥੋਂ। ਕਿਤੇ ਬਾਲ ਭਗਵਾਨ ਨੂੰ ਗੁੱਸਾ ਆ ਗਿਆ ਤਾਂ ਤੁਹਾਡਾ ਲੋਕਾਂ ਦਾ ਜੋ ਕੁਝ ਵੀ ਬਾਕੀ ਹੈ ਭਸਮ ਹੋ ਜਾਊ।

ਸੇਠਾਣੀ : ਪੰਡਤ ਜੀ! ਮੇਰੇ ਪੁੱਤਰ ਦੀ ਹਰਕਤ ਨੂੰ ਮੁਆਫ਼ ਕਰ ਦਿਓ! ਅਜੇ ਇਹਨੂੰ ਧਰਮ ਦੀ ਤਾਕਤ ਦਾ ਪਤਾ ਨਹੀਂ, ਬੇਵਕੂਫ ਹੈ ਇਹ। (ਪੰਡਤਾਣੀ ਅੱਗੇ ਹੱਥ ਜੋੜਦੀ ਹੋਈ) ਭੈਣ ਜੀ, ਮੈਂ ਤੁਹਾਡੇ ਤੋਂ ਦਿਆ ਦੀ ਖ਼ੈਰ ਮੰਗਦੀ ਹਾਂ। ਸਾਡਾ ਡੁੱਬਦਿਆਂ ਦਾ ਸਹਾਰਾ ਬਾਲ ਭਗਵਾਨ ਹੀ ਨੇ। ਦਰਸ਼ਨ ਕਰਵਾ ਦਿਓ, ਸ਼ਾਇਦ ਭਗਵਾਨ ਸਾਨੂੰ ਬਚਾ ਲੈਣ।

ਪੰਡਤਾਣੀ : (ਪੰਡਤ ਨੂੰ) ਇਹਨਾਂ ਅਭਾਗਿਆਂ ਨੇ ਆਪਣੀ ਭੁੱਲ ਮੰਨ ਲਈ ਏ। ਤੁਸੀਂ ਦਰਸ਼ਨ ਕਰਵਾ ਦਿਓ ਇਹਨਾਂ ਨੂੰ।

ਪੰਡਤ : ਠੀਕ ਹੈ! ਪਰ ਪਹਿਲਾਂ ਇਸ ਸੌ ਰੁਪਏ ਵਾਲੇ ਨੂੰ ਬਾਹਰ ਕੱਢੋ। (ਸੇਠਾਣੀ ਆਪਣੇ ਪੁੱਤਰ ਦੀ ਬਾਂਹ ਫੜ ਕੇ ਉਹਨੂੰ ਦਰਵਾਜ਼ੇ ਵੱਲ ਲਿਜਾਂਦੀ ਹੈ। ਪੰਡਤ ਸਿੱਧੜ ਦੇ ਕਮਰੇ ਦੇ ਦਰਵਾਜ਼ੇ ਤੋਂ ਪਰਦਾ ਹਟਾ ਕੇ ਸਿਰ ਝੁਕਾਉਂਦਾ ਹੈ। ਪੰਡਤਾਣੀ ਸਿਰ ਵੱਲ ਖੜ੍ਹੋ ਕੇ ਪੱਖਾ ਝੱਲ੍ਹਣਾ ਸ਼ੁਰੂ ਕਰਦੀ ਹੈ)

ਪੰਡਤ : ਪੁੱਛੋ ਜੋ ਪੁੱਛਣਾ ਚਾਹੁੰਦੇ ਹੋ! ਪਰ ਲੰਬਾ ਪ੍ਰਸ਼ਨ ਨਹੀ ਕਰਨਾ! ਭਗਵਾਨ ਇਸ਼ਾਰੇ 'ਚ ਉੱਤਰ ਦੇਣਗੇ ਜਾਂ ਕੇਵਲ ਇੱਕ ਸ਼ਬਦ ਬੋਲਣਗੇ।

ਸੇਠਾਣੀ : ਭਗਵਾਨ ਕੱਲ੍ਹ ਸੈਸ਼ਨ ਕੋਰਟ ਵਿੱਚ ਕੇਸ ਦਾ ਫੈਸਲਾ ਹੈ। ਅਸੀਂ ਕੇਸ ਜਿੱਤ ਜਾਵਾਂਗੇ ...? (ਸਿੱਧੜ ਅੱਖਾਂ ਪੁੱਟਦਾ ਹੈ। ਸੋਚਦਾ ਹੈ ਕੁਝ ਸਮਝ ਨਹੀਂ ਆਉਂਦਾ। ਫਿਰ ਨਾਂਹ ਵਿੱਚ ਕਈ ਵਾਰ ਸਿਰ ਹਿਲਾਉਂਦਾ ਹੈ)

ਭਗਵਾਨ ਕੀ ਅਸੀਂ ਕੇਸ ਹਾਰ ਜਾਵਾਂਗੇ? (ਸਿੱਧੜ ਫਿਰ ਤੋਂ ਨਾਂਹ ਵਿੱਚ ਸਿਰ ਹਿਲਾਉਂਦਾ ਹੈ।)

ਸੇਠ : (ਸੋਚਦਾ ਹੋਇਆ) ਨਾ ਅਸੀਂ ਜਿੱਤਾਂਗੇ, ਨਾ ਹਾਰਾਂਗੇ। ਇਹ ਕੀ ਗੱਲ ਬਣੀ! ਇਹ ਕੀ ਜੁਆਬ ਹੋਇਆ ਭਲਾ?

(ਸਿੱਧੜ ਫੇਰ ਤੋਂ ਨਾਂਹ ਵਿੱਚ ਸਿਰ ਹਿਲਾਉਂਦਾ ਹੈ ਅਤੇ ਅੱਖਾਂ ਬੰਦ ਕਰ ਲੈਂਦਾ ਹੈ।)

ਪੰਡਤ : ਹੁਣ ਤੁਸੀਂ ਜਾਓ! ਭਗਵਾਨ ਸਮਾਧੀ ਵਿੱਚ ਲੀਨ ਹੋ ਗਏ ਹਨ। (ਦਰਵਾਜ਼ੇ ਕੋਲ ਖੜਾ ਸੇਠ ਦਾ ਪੁੱਤਰ ਆਪਣੇ ਮਾਂ ਬਾਪ

ਵੱਲ ਵੇਖਦਾ ਹੈ)

ਪੁੱਤਰ : ਲੈੱਟ ਅੱਸ ਗੋ! ਭਗਵਾਨ ਭਭਗਵੂਨ ਕੁਛ ਨਹੀਂ। ਸਭ ਫਰਾਡ ਹੈ ਫਰਾਡ। ਹੂੰ! ਬਾਲ ਭਗਵਾਨ! ਨਾ ਹਾਰਾਂਗੇ! ਨਾ ਜਿੱਤਾਂਗੇ ਬਲੱਡੀ ਨਾਨਸੈਂਸ। (ਤਿੰਨੇ ਜਾਂਦੇ ਹਨ। ਸਿੱਧੜ ਦਾ ਭਰਾ ਹੱਥ ਵਿੱਚ ਬੱਲਾ ਲਈ ਦਾਖ਼ਲ ਹੁੰਦਾ ਹੈ ਅਤੇ ਸਿੱਧੜ ਕੋਲ ਖੜਾ ਹੋ ਜਾਂਦਾ ਹੈ।)

ਭਰਾ : ਲੈ ਬੱਲਾ ਵੇਖ ਲੈ! (ਸਿੱਧੜ ਬੱਲਾ ਫੜਦਾ ਹੈ। ਕੁਰਸੀ ਉੱਤੋਂ ਉੱਠ ਕੇ ਡਾਂਗ ਵਾਂਗ ਉਪਰੋਂ ਹੇਠਾਂ ਨੂੰ ਘੁਮਾਉਂਦਾ ਹੈ। ਭਰਾ ਉਸ ਤੋਂ ਬੈਟ ਲੈ ਕੇ ਉਸ ਨੂੰ ਪਕੜਨਾ ਸਿਖਾਉਂਦਾ ਹੈ।) ਇਸ ਤਰਾਂ ਫੜੀਦਾ ਏ। ਸਾਰਾ ਦਿਨ ਟੈਲੀਵਿਯਨ ‘ਤੇ ਮੈਚ ਵੇਖਦਾ ਏ ਤੇ ਬੈਟ ਫੜਨਾ ਵੀ ਨਹੀਂ ਆਉਂਦਾ।

ਸਿੱਧੜ : ਬੱਲ ...ਬੱਲ! (ਚੀਕ ਕੇ) ਬੱਲ ...ਬੱਲ, ਕਪਲ, ਕਪਲ ...।

ਨਿੱਕੀ : ਬੈਟ ਮੰਗਦਾ ਈ! (ਭਰਾ ਉਸ ਨੂੰ ਬੈਟ ਫੜਾਉਂਦਾ ਹੈ। ਸਿੱਧੜ ਹੁਣ ਠੀਕ ਤਰੀਕੇ ਨਾਲ ਬੈਟ ਘੁਮਾਉਂਦਾ ਹੈ। (ਉਪਰ ਵੇਖਦਾ ਹੈ ਅਤੇ ‘ਕਪਲ, ਕਪਲ ...ਛੱਕ...ਛੱਕ ਕਹਿ ਕੇ ਖੁਸ਼ ਹੁੰਦਾ ਹੈ। ਫਿਰ ਕੁਰਸੀ ’ਤੇ ਬੈਠ ਜਾਂਦਾ ਹੈ ਤੇ ਬੈਟ ਗੋਦੀ ਵਿੱਚ ਰੱਖ ਲੈਂਦਾ ਹੈ।)

ਭਰਾ : ਬੈਟ ਤੇ ਦੇ!

ਸਿੱਧੜ : ਨਾ ਨਾ! ਬੱਲ! ਕਪਲ-ਕਪਲ ...।

ਪੰਡਤ : ਰਹਿਣ ਦੇ ਇਹਦੇ ਕੋਲ ਬੈਟ, ਖਾ ਨਹੀਂ ਜਾਂਦਾ ਕਿਤੇ। ਜਾਹ ਆਪਣਾ ਕੰਮ ਕਰ। (ਚਲਾ ਜਾਂਦਾ ਹੈ। ਪੰਡਤ ਝਟਕੇ ਨਾਲ ਮੁੜਦਾ ਹੈ ਤੇ ਮਾਸਟਰ ਦੇ ਸਾਹਮਣੇ ਖੜਾ ਹੋ ਜਾਂਦਾ ਹੈ। ਉਸ ਦਾ ਚਿਹਰਾ ਗੁੱਸੇ ਵਿੱਚ ਲਾਲ ਹੈ।) ਤੂੰ ਉਹਨਾਂ ਲੋਕਾਂ ਨੂੰ ਕਿਉਂ ਲੈ ਕੇ ਆਇਆ ਸੀ? ਤੈਨੂੰ ਪਤਾ ਨਹੀਂ ਸੀ ਬਈ ਮੁੰਡੇ ਨੂੰ ਕੋਰਟ ਕਚਿਹਰੀ ਦਾ ਮਤਲਬ ਸਮਝ ਨਹੀਂ ਆਵੇਗਾ? ਹੁਣ ਤੂੰ ਸੈਸ਼ਨ ਜੱਜ ਦਾ ਫੈਸਲਾ ਇਸ ਤੋਂ ...ਇਸ ਤੋਂ ਬਦਲਾਵੇਂਗਾ?

ਮਾਸਟਰ : ਪੰਡਤ ਜੀ! ਪਹਿਲੀ ਵਾਰ ਇੰਨੇ ਅਮੀਰ ਆਦਮੀ ਸ਼ਰਨ ’ਚ ਆਏ! ਮੈਂ ਸੋਚਿਆ ਬਈ ਜੇ ਬਾਲ ਭਗਵਾਨ ਦੇ ਦੱਸਣ ਨਾਲ

ਉਹਨਾਂ ਲੋਕਾਂ ਦਾ ਕੰਮ ਬਣ ਜਾਵੇ ਤਾਂ ਇੱਕੋ ਵਾਰੀ 'ਚ ਤੁਹਾਡਾ ਪੱਕਾ ਮਕਾਨ ਬਣ ਜਾਵੇ। ਚੜ੍ਹਾਵੇ ਦੇ ਆਟੇ ਦਾਲ ਨਾਲ ਤੇ ਬਣਨੋਂ ਰਿਹਾ ਮਕਾਨ!

ਪੰਡਤ : ਤੂੰ ਮੇਰੇ ਮਕਾਨ ਦਾ ਰੋਣਾ ਰੋਣਾ ਬੰਦ ਕਰ ਤੇ ਆਪਣੇ ਹਿੱਸੇ ਦੀ ਸੋਚ, ਆਪਣੇ ਹਿੱਸੇ ਦੀ! ਕੀ ਮੈਨੂੰ ਨਹੀਂ ਪਤਾ ਕਿ ਤੂੰ ਲੋਕਾਂ ਨੂੰ ਘੇਰ ਕੇ ਇਥੇ ਕਿਉਂ ਲਿਆਉਂਦਾ ਏਂ? ਹੱਦ ਹੋ ਗਈ ਲਾਲਚ ਦੀ ਵੀ। ਜੇ ਭਾਂਡੇ ਦਾ ਮੂੰਹ ਖੁੱਲ੍ਹਾ ਹੋਵੇ ਤਾਂ ਕੁੱਤੇ ਨੂੰ ਤੇ ਸ਼ਰਮ ਚਾਹੀਦੀ ਹੈ।

ਪੰਡਤਾਣੀ : ਮਾਸਟਰਾ, ਸੱਚ ਬੋਲ, ਸੱਚ! ਤੈਨੂੰ ਸਾਡੇ ਮਕਾਨ ਦੀ ਚਿੰਤਾ ਨਹੀਂ, ਬਸ ਆਪਣਾ ਹਿੱਸਾ ਚਾਹੀਦਾ ਏ! ਤੇਰਾ ਘਰ ਆਬਾਦ ਰਹੇ, ਅਸੀਂ ਭਾਵੇਂ ਉਜੱੜ ਜਾਈਏ?

ਮਾਸਟਰ : ਭੈਣ ਜੀ! ਘਰ ਕਦੇ ਇਕੱਲੇ ਨਹੀਂ ਉੱਜੜਦੇ! ਜਦੋਂ ਇੱਕ ਘਰ ਉੱਜੜਦਾ ਹੈ ਤਾਂ ਉਹਦੇ ਨਾਲ ਕਈ ਹੋਰ ਘਰ ਵੀ ਉੱਜੜ ਜਾਂਦੇ ਹਨ। ਤੁਸੀਂ ਲੋਕ ਬ੍ਰਾਹਮਣ ਹੋ ਕੇ ਵੀ ਬਾਲ ਭਗਵਾਨ ਦੀ ਸ਼ਕਤੀ ਵਿੱਚ ਵਿਸਵਾਸ਼ ਨਹੀਂ ਕਰਦੇ! ਮੈਨੂੰ ਤੇ ਉਹਨਾਂ 'ਤੇ ਪੂਰਾ ਭਰੋਸਾ ਹੈ। (ਰਤਨ ਸਿੰਘ ਤੇਜ਼ੀ ਨਾਲ ਦਾਖ਼ਲ ਹੁੰਦਾ ਹੈ)

ਰਤਨ ਸਿੰਘ : ਕੀ ਹੋਇਆ ਏ? ਸਾਰਾ ਪਿੰਡ ਤਰਾਂ ਤਰਾਂ ਦੀਆਂ ਗੱਲਾਂ ਕਰ ਰਿਹੈ!

ਪੰਡਤਾਣੀ : ਮਾਸਟਰਾ, ਵੇਖਿਆ ਈ ਕਿਵੇਂ ਜੰਗਲ ਦੀ ਅੱਗ ਵਾਂਗੂੰ ਗੱਲ ਫੈਲ ਗਈ ਏ?

ਰਤਨ ਸਿੰਘ : ਮੈਂ ਪੁੱਛਦਾਂ ਹੋਇਆ ਕੀ ਏ?

ਪੰਡਤ : ਹੋਇਆ ਇਸ ਮਾਸਟਰ ਦੇ ਬੱਚੇ ਦਾ ਸਿਰ! ਇਹ ਆਪਣੇ ਪਿਓ ਸ਼ਹਿਰੀਆਂ ਨੂੰ ਘੇਰ ਕੇ ਲੈ ਆਇਆ। ਹੁਣ ਇਸ ਭੋਲੇ ਭਾਲੇ ਮੁੰਡੇ ਨੂੰ ਕੋਰਟ ਕਚਹਿਰੀਆਂ ਦੀਆਂ ਗੱਲਾਂ ਦਾ ਕੀ ਪਤਾ!

ਪੰਡਤਾਣੀ : ਇਹ ਆਪਣੀ ਚੋਪੜੀ ਖਾਣ ਦੇ ਲਾਲਚ ਵਿੱਚ ਸਾਡੀ ਰੁੱਖੀ ਸੁੱਖੀ ਵੀ ਬੰਦ ਕਰਵਾ ਕੇ ਹੀ ਦਮ ਲਵੇਗਾ। (ਹੱਥ ਵਿੱਚ ਧਾਗੇ

ਨਾਲ ਬੰਨ੍ਹਿਆ ਗੁਬਾਰਾ ਲੈਕੇ ਨਿੱਕੀ ਆਉਂਦੀ ਹੈ। ਸਿੱਧੜ ਅੱਖਾਂ ਖੋਲ੍ਹਦਾ ਹੈ ਤੇ ਹਿੱਲਦੇ ਹੋਏ ਗ਼ੁਬਾਰੇ ਵੱਲ ਵੇਖਦਾ ਹੈ। ਨਿੱਕੀ ਗੁਬਾਰਾ ਉਸ ਨੂੰ ਫੜਾਉਂਦੀ ਹੈ। ਉਹਨੂੰ ਹਿਲਾ ਕੇ ਉਹ ਖ਼ੁਸ਼ ਹੋ ਜਾਂਦਾ ਹੈ।)

ਸਿੱਧੜ : ਆ, ਆ ...! ਕੀ ...ਕੀ?

ਨਿੱਕੀ : ਗੁਬਾਰਾ! ਬੋਲ! ਗੱਗਾ ਗੁਬਾਰਾ ...। ਸਿੱਧੜ 'ਗੁਬ ਗੁਬ' ਕਰਦਾ ਹੋਇਆ ਚੁੱਪ ਹੋ ਜਾਂਦਾ ਹੈ। ਸਾਰਿਆਂ ਨੂੰ ਆਪਣੇ ਵੱਲ ਘੂਰਦਿਆਂ ਵੇਖ ਘਬਰਾ ਜਾਂਦਾ ਹੈ। ਫੇਰ ਅੱਖਾਂ 'ਤੇ ਹੱਥ ਰੱਖ ਕੇ ਰੋਣ ਲੱਗਦਾ ਹੈ। ਭੈਣ ਉਸ ਦੇ ਕੋਲ ਜਾਂਦੀ ਹੈ ਤੇ ਸਿੱਧੜ ਉਸ ਦਾ ਹੱਥ ਕੱਸ ਕੇ ਫੜ ਲੈਂਦਾ ਹੈ।) ਭੁੱਖ ਲੱਗੀ ਏ? ਰੋਟੀ ਦਿਆਂ? ...ਨਾ ਨਾ ਰੋਣਾ ਨਹੀਂ!

ਸਿੱਧੜ : ਹੂੰ ...ਊਂ ...ਊਂ ...ਰੋਟੀ ...ਰੋਟੀ ...ਰੋਟੀ ...। (ਉਹ ਜਾਂਦੀ ਹੈ ਤੇ ਮਾਸਟਰ ਸਿੱਧੜ ਕੋਲ ਜਾ ਕੇ ਉਹਦੀ ਕੁਰਸੀ ਦੇ ਚਾਰੇ ਪਾਸੇ ਘੁੰਮਦਾ ਹੈ। ਉਹਦੇ ਚਿਹਰੇ 'ਤੇ ਗੱਲ ਸਮਝ ਆਉਣ ਵਾਲੀ ਚਮਕ ਆ ਜਾਂਦੀ ਹੈ।)

ਮਾਸਟਰ : ਰਤਨ ਸਿੰਹਾਂ! ਬਾਲ ਭਗਵਾਨ ਨੇ ਜਦੋਂ ਤੈਨੂੰ ਲੜਕਾ ਹੋਣ ਵਾਲੀ ਗੱਲ ਕਹੀ ਸੀ ਤਾਂ ਉਦੋਂ ਕਿੰਨੇ ਕੁ ਚਿਰ ਦੇ ਭੁੱਖੇ ਸਨ?

ਰਤਨ ਸਿੰਘ : ਕਿਉਂ? ਮੈਨੂੰ ਤੇ ਪਤਾ ਨਹੀਂ।

ਪੰਡਤ : ਹਮੇਸ਼ਾਂ ਭੁੱਖਾ ਈ ਰਹਿੰਦਾ ਸੀ। ਹੋਣਾ ਭੁੱਖਾ ਦੋ ਤਿੰਨ ਦਿਨਾਂ ਦਾ ...!

ਮਾਸਟਰ : ਠੀਕ ਏ! ਹੁਣ ਆਈ ਗੱਲ ਸਮਝ ਵਿੱਚ। ਬਾਲ ਭਗਵਾਨ ਉਦੋਂ ਈ ਸੱਚ ਦੱਸਦੇ ਨੇ ਜਦੋਂ ਭੁੱਖੇ ਹੋਣ।

ਪੰਡਤ : ਤੇਰਾ ਡਮਾਕ ਤੇ ਨਹੀਂ ਖਰਾਬ ਹੋ ਗਿਆ? ਇਹ ਕੀ ਗੱਲ ਬਣੀ! ਹੂੰ ...ਭੁੱਖ ਤੇ ਸੱਚ!

ਮਾਸਟਰ : ਭੁੱਖਾ ਆਦਮੀ ਹਮੇਸ਼ਾਂ ਸੱਚ ਬੋਲੇਗਾ! ਭੁੱਖ ਇਨਸਾਨ ਨੂੰ ਇੰਨਾ ਕਮਜ਼ੋਰ ਤੇ ਨਿਹੱਥਾ ਨਹੀਂ ਬਨਾਉਂਦੀ ਜਿੰਨਾਂ ਭੁੱਖ ਦਾ ਡਰ

...।

ਪੰਡਤ : ਮਾਸਟਰ ਜੀ! ਇਹਨਾਂ ਭਾਰੀਆਂ ਭਾਰੀਆਂ ਗੱਲਾਂ ਨੂੰ ਲੜਕਾ ਨਹੀਂ ਸਮਝ ਸਕਦਾ। ਤੁਹਾਨੂੰ ਤੇ ਬੱਸ ਬੋਲਣ ਦਾ ਝੱਸ ਆ। (ਨਿੱਕੀ ਭੈਣ ਰੋਟੀਆਂ ਦਾ ਥਾਲ ਅੰਦਰ ਲਿਆ ਕੇ ਸਿੱਧੜ ਦੇ ਕੋਲ ਰੱਖਦੀ ਹੈ। ਮਾਸਟਰ ਥਾਲ ਚੁੱਕ ਕੇ ਪਿੱਠ ਪਿੱਛੇ ਕਰ ਲੈਂਦਾ ਹੈ।)

ਮਾਸਟਰ : ਬਸ ਰੋਟੀ ਬੰਦ! ਹੁਣ ਭੁੱਖੇ ਰਹਿਣਾ ਪਵੇਗਾ! ਭੁੱਖੇ। (ਸਿੱਧੜ ਮੂੰਹ ਢੱਕ ਕੇ ਸੁਬਕਣਾ ਸ਼ੁਰੂ ਕਰ ਦਿੰਦਾ ਹੈ।) ਜੇ ਭਗਵਾਨ ਭੁੱਖੇ ਰਹਿਣਗੇ ਤਾਂ ਸੱਚ ਬੋਲਣਗੇ! (ਸਿੱਧੜ ਨੂੰ) ਸੱਚ ...ਰੋਟੀ!

ਸਿੱਧੜ : ਸੱਚ! ਸੱਚ! ਰੋਟੀ! ਰੋਟੀ।

ਮਾਸਟਰ : ਵੇਖਿਆ! ਮੈਂ ਠੀਕ ਕਿਹਾ ਨਾ ਕਿ ਭਗਵਾਨ ਭੁੱਖੇ ਰਹਿਣਗੇ ਤਾਂ ਹੀ ਸੱਚ ਬੋਲਣਗੇ।

ਪੰਡਤਾਣੀ : ਮਾਸਟਰਾ! ਜ਼ਾਤ ਦੀ ਕੋਹੜ ਕਿਰਲੀ ਹੋ ਕੇ ਸ਼ਤੀਰਾਂ ਨੂੰ ਜੱਫੇ ਪਾਉਣ ਦੀ ਕੋਸ਼ਿਸ਼ ਨਾ ਕਰ। ਭੁੱਖਾ ਰੱਖਾਂਗੀ ਤਾਂ ਮੇਰੇ ਪੁੱਤ ਨੂੰ ਕੁਝ ਹੋ ਗਿਆ ਤਾਂ ਫੇਰ? ਖ਼ਬਰਦਾਰ! ਜੇ ਫੇਰ ਕਦੇ ਮੇਰੇ ਘਰ ਪੈਰ ਰੱਖਿਆ ਤਾਂ ਮੈਥੋਂ ਬੁਰਾ ਕੋਈ ਨਹੀਂ।

ਮਾਸਟਰ : (ਹੱਸ ਕੇ) ਭੈਣ ਜੀ! ਤੁਸੀਂ ਹੋ ਪੰਡਤ ਪਰਸ਼ੂਰਾਮ ਦੀ ਪਤਨੀ! ਪੂਰੀ ਗੱਲ ਸੁਣੇ ਬਿਨਾਂ ਬੰਬ ਵਾਂਗ ਫਟ ਪਏ ਜੇ। ਮੈਂ ਕਦੋਂ ਕਿਹਾ ਕਿ ਬਾਲ ਭਗਵਾਨ ਨੂੰ ਸਦਾ ਭੁੱਖੇ ਰੱਖੋ! ਬਸ, ਅੱਜ ਤੋਂ ਭਗਤਾਂ ਨੂੰ ਕੇਵਲ ਐਤਵਾਰ ਨੂੰ ਹੀ ਇਹਨਾਂ ਦੇ ਦਰਸ਼ਨ ਕਰਵਾਓ! ਇਹਨਾਂ ਨੂੰ ਹਰ ਰੋਜ਼ ਤੰਗ ਕਰਨਾ ਠੀਕ ਨਹੀਂ। ਦਰਸ਼ਨਾਂ ਤੋਂ ਦੋ ਦਿਨ ਪਹਿਲਾਂ ਖਾਣਾ ਦੇਣਾ ਬੰਦ ਕਰ ਦਿਓ।

ਰਤਨ ਸਿੰਘ : ਮਾਸਟਰ ਜੀ! ਜੇ ਬਾਲ ਭਗਵਾਨ ਨੂੰ ਕੁਝ ਹੋ ਗਿਆ ਤਾਂ ਅੱਗ ਲਾ ਦਊਂ, ਅੱਗ। ਫੂਕ ਕੇ ਰੱਖ ਦਊਂ! ਇਹਨਾਂ ਦੀ ਕਿਰਪਾ ਨਾਲ ਮੇਰੇ ਘਰ ਮੁੰਡਾ ਹੋਇਆ। ਨਹੀਂ, ਮੈਂ ਆਪਣੇ ਭਗਵਾਨ ਨੂੰ ਭੁੱਖਾ ਨਹੀਂ ਰਹਿਣ ਦਿਆਂਗਾ।

ਮਾਸਟਰ : ਆਹ ਕੀਤੀ ਓ ਨਾ ਜੱਟਾਂ ਵਾਲੀ ਗੱਲ। ਭੁੱਖ ਨਾਲ ਕੋਈ ਸੱਚੀ ਆਤਮਾ ਤੇ ਸੰਤ ਮਰਿਆ ਏ ਅੱਜ ਤੱਕ? ਸਾਧੂ

ਸੰਨਿਆਸੀ ਗੁਫ਼ਾਵਾਂ 'ਚ ਬੈਠ ਕੇ ਸਾਲਾਂ ਬੱਧੀ ਤਪ ਕਰਦੇ ਹਨ, ਭੁੱਖੇ ਰਹਿੰਦੇ ਹਨ। ਦੂਰ ਕੀ ਜਾਣਾ! ਮਹਾਤਮਾ ਗਾਂਧੀ ਚਾਲੀ ਦਿਨ ਦਾ ਵਰਤ ਰੱਖਦੇ ਸਨ। ਹੋਇਆ ਸੀ ਕੁਝ? ਕਿੰਨਾ ਮਜ਼ਬੂਤ ਹੋ ਗਿਆ ਸੀ ਉਹਨਾਂ ਦਾ ਸਰੀਰ। ਬੁਢਾਪੇ ਵਿੱਚ ਵੀ ਤੁਰਦੇ ਨਹੀਂ ਦੌੜਦੇ ਸਨ।

(ਰਤਨ ਸਿੰਘ ਉੱਠ ਕੇ ਖੜ੍ਹਾ ਹੁੰਦਾ ਹੈ ਤੇ ਬਾਲ ਭਗਵਾਨ ਅੱਗੇ ਸਿਰ ਨਿਵਾਉਂਦਾ ਹੈ। ਮਾਸਟਰ ਵੀ ਉੱਠ ਕੇ ਜਾਂਦਾ ਹੈ।)

ਰਤਨ ਸਿੰਘ : ਚੰਗਾ ਫਿਰ ਪੰਡਤ ਜੀ, ਜਾਂਦਾ ਆਂ। ਤੁਸੀਂ ਰਾਤ ਨੂੰ ਮੇਰੇ ਘਰ ਆ ਜਾਇਓ! ਉਥੇ ਇਕੱਠੇ ਰੋਟੀ ਖਾਵਾਂਗੇ।

ਪੰਡਤਾਣੀ : ਖਾਵਾਂਗੇ ਨਹੀਂ, ਪੀਆਂਗੇ। ਰਤਨ ਸਿੰਹਾਂ! ਦਾਈਆਂ ਤੋਂ ਕਦੇ ਪੇਟ ਨਹੀਂ ਲੁੱਕਦੇ। ਮੈਂ ਤੁਹਾਡੀ ਸਭ ਦੀ ਰਗ ਰਗ ਜਾਣਦੀ ਹਾਂ। ਮਨਾ ਲਵੋ ਮੌਜ ਮਸਤੀਆਂ ਮੇਰੇ ਪੁੱਤ ਦੇ ਸਿਰ 'ਤੇ। ਪਰ ਯਾਦ ਰੱਖਿਓ! ਸੌ ਦਿਨ ਚੋਰ ਦਾ ਤੇ ਇੱਕ ਦਿਨ ਸਾਧ ਦਾ।

(ਦੋਵੇਂ ਜਾਂਦੇ ਹਨ।)

ਫੇਡ-ਆਊਟ

## ਦ੍ਰਿਸ਼ ਤੀਜਾ

(ਸਿੱਧੜ ਨੂੰ ਛੋਟੀ ਭੈਣ ਨਿੱਕੀ ਪੱਖੀ ਝੱਲ ਰਹੀ ਹੈ, ਪੰਡਤ-ਪੰਡਤਾਣੀ ਉਦਾਸ ਹਨ।)

ਸਿੱਧੜ : ਮੈਂ ...ਮੈਂ ...ਕੀ ...ਕੀ...!

ਨਿੱਕੀ : ਪੱਖੀ। ਬੋਲ ਪੱਪਾ ਪੱਖੀ।

ਸਿੱਧੜ : ਪੱਖ-ਪੱਖ! ਮੈਂ ...ਮੈਂ ...।

ਪੰਡਤਾਣੀ : ਨਿੱਕੀ, ਤੇਰਾ ਵੀਰ ਪੱਖੀ ਮੰਗਦਾ ਈ! ਦੇ ਦੇ। (ਨਿੱਕੀ ਪੱਖੀ ਦਿੰਦੀ ਹੈ। ਸਿੱਧੜ ਤੇਜ਼ ਤੇਜ਼ ਪੱਖੀ ਹਿਲਾ ਕੇ ਹੱਸ ਪੈਂਦਾ ਹੈ।)

ਪੰਡਤ : ਦਰਵਾਜ਼ਾ ਬੰਦ ਕਰੋ ਕਿਸੇ ਨੇ ਇਹਨੂੰ ਪੱਖੀ ਝੱਲਦਿਆਂ ਵੇਖ ਲਿਆ ਤਾਂ ਬੇੜਾ ਗਰਕ ਹੋ ਜਾਊ!

ਪੰਡਤਾਣੀ : ਅੱਗੇ ਕੋਈ ਕਸਰ ਰਹਿ ਗਈ ਏ ਬੇੜਾ ਗਰਕ ਹੋਣ ਵਿੱਚ? ਸਵੇਰ ਦਾ ਸਿਰਫ਼ ਦੋ-ਤਿੰਨ ਜਣਿਆ ਨੇ ਈ ਚੜ੍ਹਾਵਾ ਚੜ੍ਹਾਇਆ। ਪਹਿਲਾਂ ਕਿਵੇਂ ਲਾਈਨ ਲੱਗੀ ਰਹਿੰਦੀ ਸੀ ਭਗਤਾਂ ਦੀ। ਸਤਿਆਨਾਸ਼ ਹੋ ਜਾਏ ਮਾਸਟਰ ਦਾ ਜਿਹੜਾ ਉਹਨਾਂ ਕੋਰਟ ਕਚਹਿਰੀ ਵਾਲਿਆਂ ਨੂੰ ਇਥੇ ਲਿਆਇਆ। (ਸਿੱਧੜ ਨੇ ਪੱਖੀ ਝੱਲ੍ਹਣੀ ਬੰਦ ਕਰ ਦਿੱਤੀ ਹੈ ਤੇ ਹੁਣ ਉਹ ਲਗਾਤਾਰ ਭੈਣ ਵੱਲ ਵੇਖ ਰਿਹਾ ਹੈ।)

ਨਿੱਕੀ : ਭੁੱਖ ਲੱਗ ਗਈ! ਰੋਟੀ ਲਿਆਵਾਂ?

ਸਿੱਧੜ : (ਹੱਥਾਂ ਨੂੰ ਗੋਲ ਕਰਦਾ ਹੋਇਆ) ਗੁਬ! ਗੁਬ! ਗੁਬ!

ਪੰਡਤ : ਗੁਬਾਰਾ ਮੰਗ ਰਿਹੈ! ਦੌੜ ਕੇ ਜਾਹ ਤੇ ਵੱਡਾ ਸਾਰਾ ਗੁਬਾਰਾ ਲਿਆ ਦੇ। ਇਸ ਵਿਚਾਰੇ ਦਾ ਮਨ ਵੀ ਖ਼ੇਡਣ ਨੂੰ ਤਾਂ ਕਰਦਾ ਈ ਹੋਊ! (ਭੈਣ ਜਾਣ ਲੱਗਦੀ ਹੈ ਜਿਸ ਦਾ ਹੱਥ ਸਿੱਧੜ ਫੜ ਲੈਂਦਾ ਹੈ।)

ਨਿੱਕੀ : ਵੀਰ ਮੈਂ ਹੁਣੇ ਆਈ। ਇੰਨਾ ਵੱਡਾ ਗੁਬਾਰਾ ਲਿਆਵਾਂਗੀ।
(ਸਿੱਧੜ ਗੁਬ-ਗੁਬ ਕਰਦਾ ਹੈ ਤੇ ਖ਼ੁਸ਼ ਹੋ ਜਾਂਦਾ ਹੈ।)

ਪੰਡਤਾਣੀ : ਕਿਉਂ ਜੀ! ਮਕਾਨ ਪੱਕਾ ਬਨਾਉਣ ਲਈ ਬਹੁਤ ਸਾਰੀਆਂ ਇੱਟਾਂ ਚਾਹੀਦੀਆਂ ਹੋਣ ਗਈਆਂ?

ਪੰਡਤ : ਹਾਂ! ਇਕੱਲਾ ਇੱਟਾਂ ਨਾਲ ਕੰਮ ਥੋੜਾ ਚੱਲੇਗਾ! ਇੱਟਾਂ ਦੇ ਨਾਲ ਨਾਲ ਲੋੜ ਪਵੇਗੀ ਸੀਮੈਂਟ, ਮਿਸਤਰੀ, ਮਜ਼ਦੂਰ ਤੇ ਢੇਰ ਸਾਰੇ ਰੁਪਈਆਂ ਦੀ।

ਸਿੱਧੜ : ਇੱਟ-ਇੱਟ! ਮੈਂ! ਮੈਂ!

ਪੰਡਤਾਣੀ : ਵਿਖਾ ਦਿਓ ਜੀ ਇਹਨੂੰ ਇੱਟ। ਬਾਹਰ ਕਿਤੇ ਗਲੀ ਵਿੱਚ ਪਈ ਹੋਵੇਗੀ।
(ਨਿੱਕੀ ਗੁਬਾਰਾ ਲੈ ਕੇ ਆਉਂਦੀ ਹੈ ਤੇ ਧਾਗਾ ਸਿੱਧੜ ਨੂੰ ਫੜਾ ਦਿੰਦੀ ਹੈ। ਗੁਬਾਰਾ ਹਵਾ ਵਿੱਚ ਉੱਡਦਾ ਹੈ। ਉਹ ਗੁਬ-ਗੁਬ ਕਹਿੰਦਾ ਹੈ ਤੇ ਧਾਗਾ ਛੱਡ ਕੇ ਤਾੜੀ ਵਜਾਉਂਦਾ ਹੈ। ਗੁਬਾਰਾ ਨਿੱਕੀ ਫੜ ਲੈਂਦੀ ਹੈ। ਪੰਡਤ ਇੱਟ ਫੜੀ ਅੰਦਰ ਆਉਂਦਾ ਹੈ।)

ਪੰਡਤ : ਵੇਖ! ਇਹਨੂੰ ਕਹਿੰਦੇ ਨੇ ਇੱਟ।

ਸਿੱਧੜ : ਇੱਟ! ਇੱਟ! ਕੀ! ...ਕੀ!

ਪੰਡਤਾਣੀ : ਪੁੱਛਦਾ ਏ ਕਿ ਇਹਦਾ ਕੀ ਕਰਦੇ ਨੇ? (ਪੰਡਤ ਦੀਵਾਰ ਦੇ ਨਾਲ ਲਗਾ ਕੇ ਵਿਖਾਉਂਦਾ ਹੈ।)

ਪੰਡਤ : ਇੱਟ! ਮਕਾਨ ਪੱਕਾ ਬਨਾਉਣ ਲਈ।

ਸਿੱਧੜ : ਇੱਟ-ਇੱਟ! ਮਕ-ਮਕ!

ਨਿੱਕੀ : ਮਕ ਨਹੀਂ ਵੀਰੇ ਮਕਾਨ! ਮੱਮਾ ਮਕਾਨ!
(ਸਿੱਧੜ ਮੂੰਹ ਖੋਲ੍ਹਦਾ ਹੈ ਪਰ ਸ਼ਬਦ ਬਾਹਰ ਨਹੀਂ ਨਿਕਲਦੇ। ਉਹ ਗੁਬਾਰੇ ਦੇ ਧਾਗੇ ਨੂੰ ਹਿਲਾਉਣ ਸ਼ੁਰੂ ਕਰ ਦਿੰਦਾ ਹੈ।)

ਪੰਡਤ : ਆ ਗਏ ਫੇਰ ਬੁਰੇ ਦਿਨ! ਦਿਨ ਚੰਗੇ ਨਾ ਹੋਣ ਤਾਂ ਗਰੀਬੀ ਚੋਰਾਂ ਵਾਂਗ ਪਿੱਛੇ ਲੱਗੀ ਰਹਿੰਦੀ ਹੈ ਤੇ ਮੌਕਾ ਮਿਲਦਿਆਂ ਹੀ ਨੱਪ ਲੈਂਦੀ ਹੈ।

ਪੰਡਤਾਣੀ : ਜੀਅ ਛੋਟਾ ਨਾ ਕਰੋ ਜੀ! ਸਾਡੇ ਬਾਲ ਭਗਵਾਨ ਫੇਰ ਕੋਈ

ਚਮਤਕਾਰ ਵਿਖਾਉਣਗੇ।

ਪੰਡਤ : ਮਾਸਟਰ ਵਾਂਗ ਤੂੰ ਵੀ ਤੇ ਪਾਗਲ ਨਹੀਂ ਹੋ ਗਈ ਕਿਤੇ? ਤੂੰ ਵੀ ਇਸ ਸਿੱਧੜ ਨੂੰ ਭਗਵਾਨ ਮੰਨਣ ਲੱਗ ਪਈ ਏਂ! ਤੇਰਾ ਵੀ ਕੀ ਕਸੂਰ ਏ? ਜਦ ਆਦਮੀ ਲਗਾਤਾਰ ਕੋਈ ਝੂਠ ਬੋਲਦਾ ਰਹੇ ਤਾਂ ਇੱਕ ਦਿਨ ਉਹਨੂੰ ਆਪਣਾ ਬੋਲਿਆ ਝੂਠ ਵੀ ਸੱਚ ਲੱਗਣਾ ਸ਼ੁਰੂ ਹੋ ਜਾਵੇਗਾ। ਦੁਪਹਿਰ ਢਲ ਚੱਲੀ ਆ, ਕਰ ਦੇ ਦਰਵਾਜ਼ਾ ਬੰਦ! ਹੁਣ ਨਹੀਂ ਕੋਈ ਆਉਣ ਲੱਗਾ ਤੇਰੇ ਭਗਵਾਨ ਨੂੰ ਚੜ੍ਹਾਵਾ ਚੜ੍ਹਾਉਣ।

(ਮੰਚ ਦੇ ਪਿੱਛੇ ਜੈ ਬਾਲ ਭਗਵਾਨ ਦੇ ਜੈਕਾਰੇ ਲੱਗਦੇ ਹਨ ਤੇ ਮੁੜ ਉਹੀ ਤਿੰਨੇ ਸ਼ਹਿਰੀ ਮੰਚ ਤੇ ਆਉਂਦੇ ਹਨ। ਪਿੱਛੇ ਕੁਝ ਹੋਰ ਲੋਕ ਹਨ। ਮਾਸਟਰ, ਰਤਨ ਸਿੰਘ ਤੇ ਜਗਤਾ ਭੀੜ ਨੂੰ ਚੁੱਪ ਹੋਣ ਦੇ ਇਸ਼ਾਰੇ ਕਰਦੇ ਹਨ। ਉਹ ਤਿੰਨੇ ਸ਼ਹਿਰੀ ਸਿੱਧੜ ਦੇ ਕਮਰੇ ਅੱਗੇ ਦੰਡੌਤ ਦੀ ਮੁਦਰਾ ਵਿੱਚ ਲੇਟ ਜਾਂਦੇ ਹਨ ਤੇ ਰਲ ਕੇ ਜੈਕਾਰਾ ਲਗਾਉਂਦੇ ਹਨ। 'ਜੈ ਹੋ ਬਾਲ ਭਗਵਾਨ ਦੀ।')

ਸੇਠ : ਬਾਲ ਭਗਵਾਨ ਨੇ ਸਾਨੂੰ ਬਚਾ ਲਿਆ! ਇਹਨਾਂ ਕੱਲ੍ਹ ਬਿਲਕੁਲ ਠੀਕ ਦੱਸਿਆ ਸੀ ਕਿ ਨਾ ਅਸੀਂ ਕੇਸ ਜਿੱਤਾਂਗੇ ਤੇ ਨਾ ਹਾਰਾਂਗੇ। ਇਹਨਾਂ ਦੇ ਵਚਨ ਸੱਚ ਨਿਕਲੇ।

ਸੇਠਾਣੀ : ਉਹੀ ਹੋਇਆ ਜੋ ਬਾਲ ਭਗਵਾਨ ਨੇ ਦੱਸਿਆ ਸੀ। ਇਹਨਾਂ ਦੇ ਭਰਾ ਨੇ ਕੇਸ ਵਾਪਿਸ ਲੈ ਲਿਆ। ਸੈਸ਼ਨ ਕੋਰਟ ਵਿੱਚ ਸੁਲਾਹ ਹੋ ਗਈ।

ਸੇਠ ਦਾ ਪੁੱਤਰ : ਬਾਲ ਭਗਵਾਨ ਨੇ ਅੰਕਲ ਨੂੰ ਉਹਦੇ ਕਰਾਈਮ ਦੀ ਪਨਿਸ਼ਮੈਂਟ ਦੇ ਦਿੱਤੀ। ਕੱਲ੍ਹ ਹੀ ਉਹਦਾ ਵੱਡਾ ਲੜਕਾ ਐਕਸੀਡੈਂਟ ਵਿੱਚ ਮਰ ਗਿਆ। ਕਾਰ ਦੀ ਬੱਸ ਨਾਲ ਟੱਕਰ ਹੋ ਗਈ। ਅੰਕਲ ਸਾਡਾ ਹੱਕ ਮਾਰਨਾ ਚਾਹੁੰਦਾ ਸੀ, ਭਗਵਾਨ ਨੇ ਉਹਦਾ ਬੇਟਾ ਮਾਰ ਦਿੱਤਾ। ਮੇਰੀ ਲੰਬੀ ਕਾਰ ਖੋਹਣ ਦੀ ਥ੍ਰੈੱਟ ਦਿੰਦਾ ਸੀ ਬਲੱਡੀ ਬਾਸਟਰਡ।

ਸੇਠਾਣੀ : ਨਾ ਪੁੱਤ! ਮੁਰਦੇ ਨੂੰ ਗਾਲਾਂ ਨਹੀਂ ਕੱਢਿਆ ਕਰਦੇ, ਪਾਪ

ਚੜ੍ਹਦਾ ਹੈ। ਸਾਡਾ ਨਿਆਂ ਤਾਂ ਬਾਲ ਭਗਵਾਨ ਨੇ ਕਰ ਦਿੱਤਾ। (ਪੰਡਤਾਣੀ ਦਾ ਗਲਾ ਵੇਖ ਕੇ) ਭਗਵਾਨ ਜੀ ਦੀ ਮਾਂ ਤੇ ਗਲਾ ਖ਼ਾਲੀ? ਜੀ ਸਾਡੇ ਹੁੰਦਿਆਂ ਇਹ ਕਿਵੇਂ ਹੋ ਸਕਦਾ ਹੈ? (ਆਪਣੇ ਗਲੇ ਦਾ ਹਾਰ ਲਾਹ ਕੇ ਪੰਡਤਾਣੀ ਦੇ ਗਲ ਵਿੱਚ ਪਾਉਂਦੀ ਹੈ।)

ਸੇਠ : ਪੰਡਤ ਜੀ! ਬਾਲ ਭਗਵਾਨ ਦੇ ਦਰਸ਼ਨ ਕਰਵਾ ਦੇਵੋ! ਅਸੀਂ ਉਹਨਾਂ ਦਾ ਅਸ਼ੀਰਵਾਦ ਲਏ ਬਿਨਾਂ ਨਹੀਂ ਜਾਵਾਂਗੇ।

ਮਾਸਟਰ : ਪੰਡਤ ਜੀ! ਕਰਵਾ ਦਿਓ ਦਰਸ਼ਨ! ਸ਼ਰਧਾਲੂਆਂ ਦੀ ਪੁਕਾਰ ਨਾਲ ਤੇ ਭਗਵਾਨ ਵੀ ਪਸੀਜ਼ ਜਾਂਦੇ ਨੇ। ਬਾਲ ਭਗਵਾਨ ਦੀ ਕਿਰਪਾ ਨਾਲ ਇਹ ਲੋਕ ਬਚ ਗਏ, ਨਹੀਂ ਤੇ ਦਰ ਦਰ ਦੀਆਂ ਠੋਕਰਾਂ ਖਾਂਦੇ ਫਿਰਨਾ ਸੀ।

(ਪੰਡਤਾਣੀ ਪਰਦਾ ਖਿੱਚ ਦਿੰਦੀ ਹੈ। ਸਿੱਧੜ ਦੀਆਂ ਅੱਖਾਂ ਬੰਦ ਹਨ। ਨਿੱਕੀ ਪੱਖਾ ਝੱਲ ਰਹੀ ਹੈ। ਤਿੰਨੇ ਉਸ ਦੇ ਸਾਹਮਣੇ ਲੰਮੇ ਪੈ ਜਾਂਦੇ ਹਨ। ਉਹਨਾਂ ਦਾ ਪੁੱਤਰ ਪੈਰ ਫੜ ਲੈਂਦਾ ਹੈ। ਪੰਡਤ ਉਸ ਦੀ ਬਾਂਹ ਫੜ ਕੇ ਪਿੱਛੇ ਘਸੀਟਦਾ ਹੈ।)

ਪੰਡਤ : ਨੀਚ! ਤੇਰਾ ਹੌਂਸਲਾ ਕਿਵੇਂ ਪਿਆ ਬਾਲ ਭਗਵਾਨ ਨੂੰ ਛੂਹਣ ਦਾ? ਉਹਨਾਂ ਦੇ ਤੇਜ-ਪ੍ਰਤਾਪ ਦੀ ਅੱਗ ਨਾਲ ਸੜ ਕੇ ਸਵਾਹ ਹੋ ਜਾਓਗੇ ਸਵਾਹ! ਪਿੱਛੇ ਹਟੋ, ਭਗਵਾਨ ਨੂੰ ਸਦਾ ਦੂਰ ਤੋਂ ਹੀ ਨਮਸਕਾਰ ਕਰੀਦੀ ਹੈ।

ਸੇਠਾਣੀ : ਪੰਡਤ ਜੀ! ਅਸੀਂ ਭਗਵਾਨ ਦੀ ਕੀ ਸੇਵਾ ਕਰੀਏ? ਤੁਹਾਨੂੰ ਹੁਕਮ ਕਰਨਾ ਹੀ ਪਵੇਗਾ। ਭਗਵਾਨ ਖੁਦ ਤੇ ਕੁਝ ਬੋਲਦੇ ਨਹੀਂ।

ਪੰਡਤ : ਭਗਵਾਨ ਪੈਸਿਆਂ ਨਾਲ ਨਹੀਂ ਮਿਲਦੇ! ਪ੍ਰੇਮ ਤੇ ਭਗਤੀ ਨਾਲ ਮਿਲਦੇ ਨੇ। ਇਹਨਾਂ ਨੂੰ ਕੁਝ ਦੇਣਾ ਹੈ ਤਾਂ ਸੱਚੇ ਦਿਲੋਂ ਮਾਣ ਦੇਵੋ! ਸ਼ਰਧਾ ਦਾ ਦਾਨ ਦੇਵੋ!

ਰਤਨ ਸਿੰਘ : ਪੰਡਤ ਜੀ ਦੇ ਇੱਕ ਲੜਕੇ ਨੂੰ ਨੌਕਰੀ 'ਤੇ ਤਾਂ ਲਗਵਾ ਦਿੱਤਾ, ਪਰ ਉਸ ਤੋਂ ਛੋਟੇ ਨੇ ਪੜ੍ਹਾਈ ਪੂਰੀ ਨਹੀਂ ਕੀਤੀ। ਕੋਈ ਛੋਟਾ ਮੋਟਾ ਕੰਮ ......।

ਨੌਜਵਾਨ : ਛੋਟਾ-ਮੋਟਾ ਕੰਮ? ਤੁਸੀਂ ਕੱਲ੍ਹ ਹੀ ਉਸ ਨੂੰ ਸ਼ਹਿਰ ਭੇਜ ਦੇਵੋ। ਮਿੱਲ ਵਿੱਚ ਫੋਰਮੈਨ ਦੇ ਨਾਲ ਲਗਾ ਦਿਆਂਗਾ। ਮਾੜਾ ਮੋਟਾ ਕੰਮ ਸਿੱਖ ਗਿਆ ਤਾਂ ਨਾਲ ਹੀ ਅਸਿਸਟੈਂਟ ਫੋਰਮੈਨ ਬਣਾ ਦਿਆਂਗਾ।

ਸੇਠਾਣੀ : ਮਾਤਾ ਜੀ! ਭਗਵਾਨ ਤੋਂ ਤੁਸੀਂ ਹੀ ਕੁਝ ਪੁੱਛੋ! ਪੁੰਨ ਕਮਾਉਣ ਦਾ ਸਾਨੂੰ ਵੀ ਮੌਕਾ ਦੇਵੋ, ਨਹੀਂ ਤੇ ਸਾਡੀ ਆਤਮਾ ਠੰਡੀ ਨਹੀਂ ਹੋਵੇਗੀ।

(ਪੰਡਤ ਸਿੱਧੜ ਅੱਗੇ ਹੱਥ ਜੋੜਦਾ ਹੈ। ਸਿੱਧੜ ਹੱਸਦਾ ਹੈ।)

ਸਿੱਧੜ : ਇੱਟ! ਇੱਟ! ਇੱਟ ...!

(ਸਭ ਲੋਕ ਹੈਰਾਨ ਹੁੰਦੇ ਹਨ। ਤਿੰਨੇ ਸ਼ਹਿਰੀ ਡਰ ਜਾਂਦੇ ਹਨ।)

ਸੇਠ : ਪੰਡਤ ਜੀ! ਭਗਵਾਨ ਕੀ ਕਹਿ ਰਹੇ ਨੇ? ਤੁਸੀਂ ਹੀ ਸਮਝਾਓ ਸਾਨੂੰ। ਇਹ ਇੱਟ! ਇੱਟ ਕੀ ਹੋਇਆ? ਕਿਤੇ ਇਹ ਤੇ ਨਹੀਂ ਕਹਿ ਰਹੇ ਕਿ ਸਾਡੇ ਕੰਮ 'ਤੇ ਇੱਟ-ਪੱਥਰ?

ਮਾਸਟਰ : ਬਾਰਿਸ਼ਾਂ ਦੇ ਦਿਨਾਂ ਵਿੱਚ ਸਾਰਾ ਘਰ ਚੋਂਦਾ ਰਹਿੰਦਾ ਏ, ਕੱਚਾ ਮਕਾਨ ਜੋ ਹੋਇਆ! ਭਗਵਾਨ ਦੇ ਭਗਤਾਂ ਨੂੰ ਬਹੁਤ ਕਸ਼ਟ ਹੁੰਦਾ ਹੈ। ਸ਼ਾਇਦ ਇਸ ਨੂੰ ਪੱਕਾ ਕਰਵਾਉਣ ਲਈ ਇੱਟ ਸ਼ਬਦ ਬੋਲ ਰਹੇ ਨੇ। ਭਗਵਾਨ ਤੇ ਸਦਾ ਆਪਣੇ ਭਗਤਾਂ ਦਾ ਧਿਆਨ ਰੱਖਦੇ ਨੇ ਨਾ।

ਪੰਡਤ : ਕਿਉਂ ਭਗਵਾਨ! ਤੁਹਾਡੀ ਇਹੀ ਆਗਿਆ ਹੈ ਨਾ ਕਿ ਮਕਾਨ ਪੱਕਾ ਬਣ ਜਾਵੇ।

ਸਿੱਧੜ : ਇੱਟ! ਇੱਟ! ਇੱਟ...!

ਸੇਠਾਣੀ : ਸੁਣੋ ਜੀ! ਇੱਕ ਕਮਰਾ ਕਿਉਂ! ਸਾਰਾ ਮਕਾਨ ਈ ਪੱਕਾ ਕਰਵਾ ਦਿਓ। ਸਾਡੇ ਬਾਲ ਭਗਵਾਨ ਤੇ ਕੱਚੇ ਮਕਾਨ ਵਿੱਚ ਰਹਿਣ! ਡੁੱਬ ਮਰਨ ਵਾਲੀ ਗੱਲ ਹੈ।

ਸੇਠ : ਪੰਡਤ ਜੀ! ਕੱਲ੍ਹ ਹੀ ਦਸ ਹਜ਼ਾਰ ਇੱਟਾਂ ਭੇਜ ਦਿਆਂਗਾ। ਘੱਟ ਹੋਈਆਂ ਤਾਂ ਹੋਰ ਆ ਜਾਣਗੀਆਂ। ਅਸੀਂ ......।

ਸੇਠ ਦਾ ਪੁੱਤਰ : ਪਾਪਾ! ਸੀਮੈਂਟ ਤੇ ਮਿਸਤਰੀ ਵੀ ਅਸੀਂ ਭੇਜਾਂਗੇ। ਤੁਹਾਨੂੰ ਜਦ ਕਦੇ ਵੀ ਨੀਡ ਹੋਵੇ, ਸੁਨੇਹਾ ਭੇਜ ਦੇਣਾ।

ਸੇਠਾਣੀ : ਬੇਟਾ! ਭਗਵਾਨ ਕਦੇ ਸੁਨੇਹੇ ਨਹੀਂ ਭੇਜਦੇ ਹੁੰਦੇ। ਅੱਜ ਤੋਂ ਅਸੀਂ ਹਰ ਐਤਵਾਰ ਇਥੇ ਮੱਥਾ ਟੇਕਣ ਆਇਆ ਕਰਾਂਗੇ। ਮਾਤਾ ਜੀ ਨੂੰ ਵੀ ਕੁਝ ਦੇਵੋ! ਸਾਡੇ ਨਾਂ ਦਾ ਸਾਰੇ ਪਿੰਡ ਵਿੱਚ ਪ੍ਰਸ਼ਾਦ ਵੰਡਾਉਣ। (ਉਹਨਾਂ ਦਾ ਪੁੱਤਰ ਨੋਟਾਂ ਦਾ ਇੱਕ ਬੰਡਲ ਪੰਡਤਾਣੀ ਵੱਲ ਵਧਾਉਂਦਾ ਹੈ। ਪੰਡਤਾਣੀ ਨਾਂਹ ਵਿੱਚ ਸਿਰ ਹਿਲਾਉਂਦੀ ਹੈ।)

ਸੇਠ ਦਾ ਪੁੱਤਰ : ਮਾਤਾ ਜੀ, ਨਾਂਹ ਨਾ ਕਰੋ। ਸਾਡੀ ਕੀ ਔਕਾਤ ਕਿ ਭਗਵਾਨ ਨੂੰ ਕੁਝ ਦੇ ਸਕੀਏ। ਦਿਸ ਮਨੀ ਇਜ਼ ਫਾਰ ਪ੍ਰਸ਼ਾਦਿ। ਸਾਰੇ ਪਿੰਡ ਵਿੱਚ ਵੰਡਣਾ। ਇਥੇ ਭਗਵਾਨ ਨੇ ਅਵਤਾਰ ਧਾਰਿਆ। ਦਿਸ ਪਲੇਸ ਇਜ਼ ਸੇਕਰੇਡ। (ਪੰਡਤ ਇੱਕ ਕੋਨੇ ਵਿੱਚ ਪਈ ਖੜਤਾਲ ਚੁੱਕ ਲੈਂਦਾ ਹੈ। ਮੰਚ ਤੇ ਗੋਲ ਦਾਇਰੇ ਵਿੱਚ ਘੁੰਮ ਕੇ ਗਾਉਣ ਲੱਗਦਾ ਹੈ। ਪਿੱਛੇ ਪਿੱਛੇ ਕੀਰਤਨ ਦੀ ਧੁੰਨ ਵਿੱਚ ਭੀੜ ਗਾਉਂਦੀ ਹੈ।)

ਜੈ ਬੋਲੋ ਭਗਵਾਨ ਦੀ, ਜੈ ਬੋਲੋ! ਜੈ ਬੋਲੋ ਭਗਵਾਨ ਦੀ, ਜੈ ਬੋਲੋ! ਦੁੱਖ ਦੇ ਹਰਤਾ, ਸੁੱਖ ਦੇ ਦਾਤਾ। ਦੁੱਖ ਦੇ ਹਰਤਾ, ਸੁੱਖ ਦੇ ਦਾਤਾ । ਜੀਵਨ ਕੇ ਵਰਦਾਨ ਦੀ ...। ਜੈ ਬੋਲੋ ਭਗਵਾਨ ਦੀ, ਜੈ ਬੋਲੋ!

(ਲੋਕ ਵੀ ਤੇਜ਼ ਤੇਜ਼ ਘੁੰਮਣਾ। ਨੱਚਣਾ ਸ਼ੁਰੂ ਕਰ ਦਿੰਦੇ ਹਨ। ਪੰਡਤ ਝਟਕੇ ਨਾਲ ਦੋਵੇਂ ਪਾਸੇ ਸਿਰ ਹਿਲਾ ਰਿਹਾ ਹੈ। ਨੱਚਣ ਦੀ ਰਫਤਾਰ ਹੋਰ ਤੇਜ਼ ਹੁੰਦੀ ਹੈ। ਲੋਕ ਨੱਚਣਾ ਬੰਦ ਕਰਦੇ ਹਨ ਅਤੇ ਹੈਰਾਨ ਤੇ ਘਬਰਾਏ ਹੋਏ ਪੰਡਤ ਵੱਲ ਵੇਖਦੇ ਹਨ। ਪੰਡਤ ਜਾਨੂੰਨ ਵਿੱਚ ਆ ਗਿਆ ਹੈ। ਹੁਣ ਉਹ ਲਗਾਤਾਰ ਜੈ, ਜੈ, ਜੈ, ਜੈ ਕਰ ਰਿਹਾ ਹੈ। ਉਹਦੇ ਉੱਤੇ ਸੂਫ਼ੀਆਂ ਵਾਲਾ ਰੰਗ ਚੜ੍ਹ ਗਿਆ ਹੈ। ਉਹ ਬਹੁਤ ਉੱਚੀ ਆਵਾਜ਼ ਵਿੱਚ ਜੈ ਬੋਲਦਾ ਹੈ ਤੇ ਭੁੰਜੇ ਡਿੱਗ ਪੈਂਦਾ ਹੈ। ਸਿਰ ਅਜੇ ਵੀ ਖੱਬੇ ਸੱਜੇ ਹਿੱਲ ਰਿਹਾ ਹੈ।)

(ਫੇਡ-ਆਊਟ)

# ਅੰਤਾਰਲਿਕਾ

(ਮੰਚ ਤੇ ਸਿੱਧੜ ਸੁੱਤਾ ਹੋਇਆ ਵੀ ਗੋਦ ਵਿੱਚ ਰੱਖੇ ਕ੍ਰਿਕਟ ਬੈਟ ਨੂੰ ਹੱਥਾਂ ਨਾਲ ਹਿਲਾ ਰਿਹਾ ਹੈ ਅਤੇ ਕਪਲ, ਛੱਕ, ਛੱਕ ...ਬੋਲ ਰਿਹਾ ਹੈ। ਮੈਚ ਦਾ ਸੁਪਨਾ ਵੇਖ ਰਿਹਾ ਹੈ। ਇਸ ਲਈ ਸਰੀਰ ਉਤਸ਼ਾਹ ਅਤੇ ਜੋਸ਼ ਨਾਲ ਹਿੱਲ ਰਿਹਾ ਹੈ। ਉਸ ਦੀ ਕੁਰਸੀ ਦੇ ਪਿੱਛੋਂ ਦੋ ਮਸਖ਼ਰੇ ਉੱਠਦੇ ਹਨ ਅਤੇ ਮੰਚ ਤੇ ਆ ਕੇ ਕ੍ਰਿਕਟ ਖ਼ੇਡਣ ਦਾ ਅਭਿਨੈ ਸ਼ੁਰੂ ਕਰ ਦਿੰਦੇ ਹਨ। ਇੱਕ ਬੈਟਿੰਗ ਅਤੇ ਦੂਸਰਾ ਬਾਲਿੰਗ ਕਰਦਾ ਹੈ। ਕੁਮੈਂਟਰੀ ਦੀ ਆਵਾਜ਼ ਆਉਂਦੀ ਹੈ।) 'ਭਾਰਤ ਦੇ ਪੰਜ ਵਿਕਟ ਡਿੱਗ ਪਏ! ਹੁਣ ਕਪਿਲ ਦੇਵ ਬੈਟਿੰਗ ਕਰਨ ਆ ਰਹੇ ਹਨ। ਉਹਨਾਂ ਦਾ ਚਿਹਰਾ ਗੰਭੀਰ ਹੈ। ਇਸ ਸੰਕਟ ਦੇ ਸਮੇਂ ਭਾਰਤ ਦੀ ਡੁੱਬਦੀ ਬੇੜੀ ਨੂੰ ਕੇਵਲ ਕਪਿਲ ਦੇਵ ਹੀ ਬਚਾ ਸਕਦੇ ਹਨ। ਰਿਚਰਡਜ਼ ਬਾਲਿੰਗ ਲਈ ਤਿਆਰ।'

(ਸਿੱਧੜ ਕੁਰਸੀ ਉੱਤੇ ਅੱਗੇ ਝੁੱਕ ਜਾਂਦਾ ਹੈ।)

–ਗੇਂਦ ਅਸਮਾਨ ਵਿੱਚ ਉੱਡ ਰਹੀ ਹੈ, ਫੀਲਡਰ ਉਸ ਦੇ ਪਿੱਛੇ ਦੌੜ ਰਿਹਾ ਹੈ। (ਚੀਕ ਕੇ) ਛੱਕਾ! ਲੋਕ ਆਪਣੀ ਜਗ੍ਹਾ ਤੇ ਖੜੇ ਹੋ ਗਏ ਨੇ! ਰਿਚਰਡਜ਼ ਨੇ ਬਾਂਹ ਨਾਲ ਪਸੀਨਾ ਪੂੰਝਿਆ, ਦੂਸਰੀ ਗੇਂਦ ਸੁੱਟੀ, ਕਪਿਲ ਨੇ ਘੁੰਮ ਕੇ ਮਾਰਿਆ, ਫੀਲਡਰ ਨੇ ਡਾਈਵ ਲਗਾਈ। ਗੇਂਦ ਉਹਦੇ ਹੱਥ ਨਾਲ ਖਹਿ ਕੇ ਬਾਊਂਡਰੀ ਲਾਈਨ ਤੋਂ ਪਾਰ। ਚੌਕਾ!!

(ਮਸਖਰਾ ਬੈਟ ਨਾਲ ਪਿੱਚ ਨੂੰ ਦਬਾਉਂਦਾ ਹੈ। ਦੂਸਰਾ ਮਸਖਰਾ ਬਾਲ ਕਰਦਾ ਹੈ।)

'ਫੇਰ ਛੱਕਾ! ਲੋਕ ਖ਼ੁਸ਼ੀ ਨਾਲ ਪਾਗਲ ਹੋਏ ਨੱਚ ਰਹੇ ਨੇ।'

ਸਿੱਧੜ ਕੁਰਸੀ ਤੇ ਬੈਠਾ –ਬੈਠਾ ਉਛਲਨਾ ਸ਼ੁਰੂ ਕਰ ਦਿੰਦਾ ਹੈ।)

'ਕਪਿਲ ਦੇਵ ਨੂੰ ਹਰ ਬਾਲ ਦੀ ਇਸ ਤਰਾਂ ਪਿਟਾਈ ਨਹੀਂ ਕਰਨੀ ਚਾਹੀਦੀ। ਭਾਰਤ ਅਜੇ ਜਿੱਤ ਦੇ ਦਰਵਾਜ਼ੇ ਤੋਂ ਪੰਜਾਹ ਰਨ ਦੂਰ ਹੈ। ਰਿਚਰਡਜ਼ ਨੇ ਬਹੁਤ ਹੌਲੀ ਬਾਲ ਸੁੱਟੀ ਹੈ। ਕਪਿਲ ਇਸ ਆਖ਼ਿਰੀ ਬਾਲ ਤੇ ਇੱਕ ਰਨ ਲੈਣ ਦੀ ਕੋਸ਼ਿਸ਼ ਕਰੇਗਾ ਤਾਂ ਕਿ ਅਗਲਾ ਓਵਰ ਉਹੀ ਖੇਡੇ। ਬਾਲ ਗ੍ਰੀਨੇਜ਼ ਨੇ ਝਪਟ ਕੇ ਫੜ ਲਈ, ਕਪਿਲ ਦੇਵ ਦੌੜ ਪਏ। ਪਰ ਰਵੀ ਸਾਸ਼ਤ੍ਰੀ ਆਪਣੀ ਥਾਂ ਤੋਂ ਹਿੱਲੇ ਤੱਕ ਨਹੀਂ। ਕਪਿਲ ਦੇਵ ਵਾਪਿਸ ਦੌੜੇ। ਗ੍ਰੀਨੇਜ਼ ਦਾ ਸਿੱਧਾ ਥਰੋ! ਵਿਕਟਾਂ ਡਿੱਗ ਪਈਆਂ ਹਨ। ਅੰਪਾਇਰ ਦੀ ਉਂਗਲੀ ਉੱਠੀ ਅਤੇ ਕਪਿਲ ਦੇਵ ਆਊਟ ...। ਸੱਠ ਹਜ਼ਾਰ ਦਰਸ਼ਕ ਬਿਲਕੁੱਲ ਚੁੱਪ! ਕਪਿਲ ਆਊਟ ......।

(ਸਿੱਧੜ ਦੀ ਗੋਦੀ 'ਚੋਂ ਬੈਟ ਡਿੱਗ ਪੈਂਦਾ ਹੈ। ਉਹ ਮੂੰਹ ਤੇ ਹੱਥ ਰੱਖ ਕੇ ਰੋਣਾ ਸ਼ੁਰੂ ਕਰ ਦਿੰਦਾ ਹੈ।)

(ਫੇਡ–ਆਊਟ)

# ਅੰਕ ਤੀਜਾ

## ਦ੍ਰਿਸ਼ ਪਹਿਲਾ

(ਪੰਡਤ ਦਾ ਘਰ। ਸਿੱਧੜ ਹੱਥ 'ਚ ਗੁਬਾਰਾ ਫੜੀ ਸੌਂ ਰਿਹਾ ਹੈ। ਪੰਡਤ ਇਕੱਲਾ ਬੈਠਾ ਹੈ, ਗੁੰਮ ਸੁੰਮ ਅਤੇ ਡੂੰਘੀ ਸੋਚ ਵਿੱਚ ਡੁੱਬਾ ਹੋਇਆ। ਪੰਡਤਾਣੀ ਹੱਥ ਵਿੱਚ ਚਾਹ ਦਾ ਗਿਲਾਸ ਲੈ ਕੇ ਆਉਂਦੀ ਹੈ।)

ਪੰਡਤਾਣੀ : ਲਓ ਜੀ! ਚਾਹ ਪੀ ਲਵੋ।

ਪੰਡਤ : ਨਹੀਂ! ਦਿਲ ਨਹੀਂ ਕਰਦਾ, ਤੂੰ ਪੀ ਲੈ!

ਪੰਡਤਾਣੀ : ਮੈਂ ਪੁੱਛਦੀ ਹਾਂ, ਤੁਹਾਨੂੰ ਹੋ ਕੀ ਗਿਐ? ਜਦੋਂ ਵੇਖੋ ਗੁੰਮ-ਸੁੰਮ ਤੇ ਉਦਾਸ! ਹੁਣ ਤੁਹਾਨੂੰ ਕਾਹਦੀ ਚਿੰਤਾ ਲੱਗ ਗਈ! ਮਕਾਨ ਪੱਕਾ ਹੋ ਗਿਆ, ਦੋਹਵਾਂ ਮੁੰਡਿਆਂ ਦੀ ਨੌਕਰੀ ਲੱਗ ਗਈ। ਪਰ ਤੁਹਾਨੂੰ ਜਿਵੇਂ ਕੋਈ ਖ਼ੁਸ਼ੀ ਹੀ ਨਹੀਂ। ਉਸ ਦਿਨ ਕੀ ਹੋਇਆ ਸੀ? ਨੱਚਦਿਆਂ ਨੱਚਦਿਆਂ ਦੌਰਾ ਪੈ ਗਿਆ ਸੀ। ਪਤਾ ਕਿੰਨੇ ਚਿਰ ਪਿੱਛੋਂ ਹੋਸ਼ ਆਇਆ ਸੀ? ਜਦੋਂ ਠਨ ਠਨ ਗੋਪਾਲ ਸੀ ਤਾਂ ਕਿਵੇਂ ਮਸਤੀ ਮਾਰਦੇ ਸੀ। ਹੁਣ ਇਸ ਲੜਕੇ ਕਰਕੇ ਸਭ ਕੁਝ ਆ ਗਿਆ ਤਾਂ ਸੰਨਿਆਸੀ ਬਣਦੇ ਜਾ ਰਹੇ ਹੋ!

ਪੰਡਤ : ਇਹ ਲੜਕਾ-ਲੜਕਾ ਕੀ ਬੋਲੀ ਜਾਨੀ ਏਂ? ਬਾਲ ਭਗਵਾਨ ਬੋਲ, ਬਾਲ ਭਗਵਾਨ। ਮੈਂ ਕਹਿਨਾ! ਇਹਨਾਂ ਵਿੱਚ ਕੋਈ ਦੈਵੀ ਸ਼ਕਤੀ ਹੈ ਜਰੂਰ! ਸਾਰੀ ਦੁਨੀਆਂ ਕੀ ਪਾਗਲ ਜਾਂ ਮੂਰਖ ਏ? ਜਿਹੜੀ ਇਹਨਾਂ ਨੂੰ ਭਗਵਾਨ ਮੰਨਦੀ ਏ? ਇਹਨਾਂ ਨੂੰ

ਸਾਡੀਆਂ ਚਾਲਾਂ ਤੇ ਚਲਾਕੀਆਂ ਦਾ ਪਤਾ ਲੱਗ ਗਿਆ ਤਾਂ ਸਾਡੇ ਤੇ ਮੁਸੀਬਤਾਂ ਦਾ ਪਹਾੜ ਟੁੱਟ ਪਊ।

ਪੰਡਤਾਣੀ : ਤੁਸੀਂ ਇਹ ਕਿਹੋ ਜਿਹੀਆਂ ਡਰਾਉਣ ਵਾਲੀਆਂ ਗੱਲਾਂ ਕਰ ਰਹੇ ਹੋ ਜੀ? ਜੇ ਦੈਵੀ ਸ਼ਕਤੀ ਆ ਵੀ ਗਈ ਤਾਂ ਸਾਨੂੰ ਕਾਹਦਾ ਡਰ! ਇਹਦੇ ਕਾਰਣ ਤਾਂ ਘਰ ਵਿੱਚ ਬਰਕਤ ਹੀ ਬਰਕਤ ਹੈ।

ਪੰਡਤ : ਹਾਂ! ਸਾਡੇ ਉਪਰ ਉਹਦੀਆਂ ਬਰਕਤਾਂ ਦੀ ਬਰਸਾਤ ਹੋ ਗਈ। ਪਰ ਲਾਲਚ ਹੈ ਕਿ ਹੜ੍ਹ ਦੇ ਪਾਣੀ ਵਾਂਗ ਵੱਧਦਾ ਹੀ ਜਾ ਰਿਹੈ! ਲਗਾਤਾਰ ਵੱਧਦਾ ਹੋਇਆ ਲਾਲਚ। ਭਗਵਾਨ ਨੇ ਸਾਨੂੰ ਬੁੱਧੀ ਇਸ ਲਈ ਦਿੱਤੀ ਏ ਕਿ ਅਸੀਂ ਕਰਮ ਅਤੇ ਕੁਕਰਮ! ਰਾਹ ਅਤੇ ਕੁਰਾਹ! ਸੱਚ ਅਤੇ ਝੂਠ! ਚਾਨਣ ਅਤੇ ਹਨੇਰੇ ਵਿੱਚ ਫਰਕ ਲੱਭ ਸਕੀਏ। ਪਰ ਮੇਰੀ ਪਸ਼ੂ-ਬੁੱਧੀ! ਹਨੇਰੇ ਦੀ ਡੂੰਘੀ ਕਾਲੀ ਗੁਫਾ ਵਿੱਚ ਕੈਦ ਬੁੱਧੀ ਕੈਦ ਹੋ ਕੇ ਰਹਿ ਗਈ। ਅੱਗੇ ਹਨੇਰਾ, ਪਿੱਛੇ ਹਨੇਰਾ, ਉੱਤੇ ਹਨੇਰਾ, ਹੇਠਾਂ ਹਨੇਰਾ, ਚਾਰੇ ਪਾਸੇ ਅੰਦਰ ਬਾਹਰ ਸਿਰਫ਼ ਹਨੇਰਾ ਹੀ ਹਨੇਰਾ। ਗੁਫ਼ਾ ਦੇ ਹਨੇਰੇ ਵਿੱਚ ਜੀ ਰਹੇ ਆਦਮੀ ਲਈ ਸੂਰਜ ਕਦੇ ਨਹੀਂ ਚੜ੍ਹਦਾ। ਮੈਂ ਇੱਕ ਬ੍ਰਾਹਮਣ! ਇੰਦਰੀਆਂ ਦਾ ਗੁਲਾਮ ਬ੍ਰਾਹਮਣ। ਜਦ ਘੋੜ ਸਵਾਰ ਕਮਜ਼ੋਰ ਹੋਵੇ ਤਾਂ ਇੰਦਰੀਆਂ ਇੱਕ ਬੇਕਾਬੂ ਘੋੜਾ ਬਣ ਜਾਂਦੀਆਂ ਹਨ। ਲਗਾਤਾਰ ਪਰ ਦਿਸ਼ਾਹੀਨ ਦੌੜ੍ਹਦਾ ਘੋੜਾ! ਭਗਵਾਨ ਉਹਦੇ ਲਈ ਸਵਰਗ ਦੇ ਬੂਹੇ ਖੋਲ੍ਹਦਾ ਹੈ ਜੋ ਨਾ ਕਦੇ ਭੋਗੀ ਹੋਵੇ ਅਤੇ ਨਾ ਕਦੇ ਸੋਗੀ ਹੋਵੇ। ਜੋ ਕਰਮ ਕਰੇ ਪਰ ਫ਼ਲ ਦੀ ਇੱਛਾ ਰੱਖੇ ਬਿਨਾਂ। ਤੇ ਮੈਂ! ਵਿਭਚਾਰੀ, ਲੋਭੀ, ਤੇ ਲਾਲਚੀ ਬ੍ਰਾਹਮਣ! ਹਨੇਰੇ ਵਿੱਚ ਰਸਤਾ ਲੱਭ ਰਿਹਾ ਅੰਨ੍ਹਾ ਆਦਮੀ। ਮੇਰੇ ਲਈ ਤੇ ਪ੍ਰਮਾਤਮਾ ਨੂੰ ਕੋਈ ਨਵਾਂ ਨਰਕ ਬਨਾਉਣਾ ਪਵੇਗਾ। ਕੁੰਭੀ ਨਰਕ ਤੋਂ ਵੀ ਵੱਡਾ ਤੇ ਭਿਆਨਕ ਨਰਕ। ਮੈਂ ਇੱਕ ਬ੍ਰਾਹਮਣ! ਜੋ ਕਰਦਾ ਹੈ ਅੱਜ ਇੱਕ ਕੁਕਰਮ, ਕੱਲ੍ਹ ਦੂਸਰਾ ਕੁਕਰਮ। ਮੈਂ ਜਾਗਦਾ ਹਾਂ ਤਾਂ ਆਤੰਕ ਮੇਰੇ ਨਾਲ ਜਾਗਦਾ ਹੈ! ਮੈਂ ਸੌਂਦਾ

ਹਾਂ ਤਾਂ ਮੇਰੇ ਨਾਲ ਸੌਂਦਾ ਹੈ। ਦਹਿਸ਼ਤ ਤੇ ਡਰ ਨਾਲ ਚੌਵੀ ਘੰਟੇ ਮੇਰੇ ਰੌਂਗਟੇ ਖੜ੍ਹੇ ਰਹਿੰਦੇ ਨੇ। ਭਗਵਾਨ ਕ੍ਰਿਸ਼ਨ ਨੇ ਗੀਤਾ ਵਿੱਚ ਉਪਦੇਸ਼ ਦਿੱਤਾ ਸੀ ਕਿ ਆਤਮਾ ਨਾ ਕੱਟਦੀ ਹੈ, ਨਾ ਜਲਦੀ ਹੈ, ਨਾ ਸੁੱਕਦੀ ਹੈ ਤੇ ਨਾ ਗਿੱਲੀ ਹੁੰਦੀ ਹੈ। ਪਰ ਮੈਂ ਇੱਕ ਬ੍ਰਾਹਮਣ ਜਿਸ ਨੇ ਉਹੀ ਆਤਮਾ! ਆਪਣੀ ਆਤਮਾ! ਥਰ ਥਰ ਕੰਬਦੀ ਆਤਮਾ ਲਾਲਚ ਦੇ ਘਰ ਵਿੱਚ ਗਹਿਣੇ ਰੱਖ ਦਿੱਤੀ। ਮੇਰੀ ਆਤਮਾ ਹਰ ਵੇਲੇ ਨੇਜ਼ੇ ਦੀ ਨੋਕ ’ਤੇ ਰਹਿੰਦੀ ਹੈ! ਤੇ ਇਹ ਨੇਜ਼ਾ ਕਿਸੇ ਵੀ ਪਲ ਮੇਰੀ ਆਤਮਾ ਨੂੰ ਚੀਰ ਕੇ ਆਰ-ਪਾਰ ਨਿਕਲ ਜਾਵੇਗਾ। ਮੇਰੀ ਰੂਹ! ਮੇਰੀ ਰੂਹ! ਮੇਰੀ ਥਰ ਥਰ ਕੰਬਦੀ ਰੂਹ ਦੀ ਮੌਤ ਅਟੱਲ ਹੈ! ਮੇਰੀ ਬਘਿਆੜੀ ਭੁੱਖ! ਢਿੱਡ ਭਰ ਜਾਣ ਤੇ ਵੀ ਖ਼ਤਮ ਨਾ ਹੋਣ ਵਾਲੀ ਬਘਿਆੜੀ ਭੁੱਖ! ਮੈਂ ਇੱਕ ਪਿਓ, ਆਪਣੇ ਪੁੱਤ ਦੀ ਕਮਾਈ ਉੱਤੇ ਐਸ਼ ਕਰਦਾ ਪਿਓ! ਆਪਣੇ ਪੁੱਤ ਨੂੰ ਵੇਚਦਾ ਪਿਓ! ਉਸ ਪਿਓ ਤੋਂ ਨੀਚ ਕਿਹੜਾ ਪਿਓ ਹੋਵੇਗਾ ਜਿਹੜਾ ਆਪਣੇ ਪੁੱਤ ਨੂੰ ਨੀਲਾਮ ਕਰ ਦੇਵੇ। ਇੱਕ ਘਰ ਬਨਾਉਣ ਲਈ, ਪੱਕਾ ਘਰ, ਇੱਟਾਂ ਵਾਲਾ ਘਰ ਬਨਾਉਣ ਲਈ। ਮੈਂ ਜੀਂਦਾ ਜਾਗਦਾ ਆਦਮੀ ਇੱਕ ਪ੍ਰੇਤ ਵਿੱਚ ਬਦਲ ਗਿਆ ਹਾਂ, ਆਪਣੇ ਪੁੱਤ ਦਾ ਚਟਕਾਰੇ ਲਾ ਕੇ ਲਹੂ ਚੱਟਣ ਵਾਲਾ ਪ੍ਰੇਤ! ਡਰ ਨੇ ਮੇਰੀ ਆਤਮਾ ਵਿੱਚ ਸੁਰਾਖ਼ ਕਰ ਦਿੱਤਾ ਕਾਲਾ ਤੇ ਡੂੰਘਾ ਸੁਰਾਖ਼। ਕਿਸੇ ਵੀ ਦਿਨ, ਕਿਸੇ ਵੀ ਪਲ ਮੇਰੇ ਪ੍ਰਾਣ ਪੰਖੇਰੂ ਇਸ ਸੁਰਾਖ਼ ਵਿੱਚੋਂ ਉੱਡ ਜਾਣਗੇ। ਮੈ ਇੱਕ ਬ੍ਰਾਹਮਣ! ਦੰਭੀ, ਲੋਭੀ, ਲਾਲਚੀ, ਤੇ ਕਪਟੀ ਬ੍ਰਾਹਮਣ! ਧਰਮ ਅਤੇ ਭਗਵਾਨ ਦੋਹਨਾਂ ਨੂੰ ਨੀਲਾਮ ਕਰ ਦੇਣ ਵਾਲਾ ਬ੍ਰਾਹਮਣ। ਮੇਰੇ ਲਈ ਤਾਂ ਨਰਕ ਦੇ ਦਰਵਾਜ਼ੇ ਵੀ ਬੰਦ ਹੋ ਗਏ ਹਨ। ਮੇਰੀ ਕਾਲੀ ਆਤਮਾ! ਕੁੱਤੇ ਦੀ ਜੀਭ ਦੀ ਤਰਾਂ ਲਾਲਾਂ ਛੱਡਦੀ ਆਤਮਾ! ਮੇਰੀ ਨੇਜ਼ੇ ਦੀ ਨੋਕ ਉੱਤੇ ਟੰਗੀ ਰੂਹ। ਮੇਰੀ ਹਨੇਰੀ ਕਾਲੀ ਕਾਲ ਕੋਠੜੀ ਵਿੱਚ ਕੈਦ ਆਤਮਾ। ਕਿਸ ਨੇ ਬਣਾਈ ਇਹ ਹਨੇਰੇ ਦੀ ਕਾਲ ਕੋਠੜੀ? ਖ਼ੁਦ ਮੈਂ! ਮੈਂ ਇੱਕ ਦੰਭੀ, ਲੋਭੀ, ਅਤੇ ਲਾਲਚੀ

ਬ੍ਰਾਹਮਣ ਨੇ! ਮੇਰੀ ਆਤਮਾ ...ਮੇਰੀ ਦਿਨ ਰਾਤ ਚੀਖਦੀ ਆਤਮਾ! ਮੇਰੀ ਆਤਮਾ ...। (ਇੱਕ ਲੰਬੀ ਬੀਕ ਮਾਰਦਾ ਹੈ)

ਪੰਡਤਾਣੀ : ਰੱਬ ਦੇ ਵਾਸਤੇ ਇਹੋ ਜਿਹੀਆਂ ਗੱਲਾਂ ਨਾ ਕਰੋ! ਡਰ ਦੇ ਮਾਰੇ ਮੇਰੀ ਤੇ ਜਾਨ ਨਿਕਲਦੀ ਜਾ ਰਹੀ ਏ। (ਦੌੜ ਕੇ ਪਾਣੀ ਦਾ ਗਿਲਾਸ ਲਿਆਉਂਦੀ ਹੈ ਤੇ ਪੰਡਤ ਦੇ ਮੂੰਹ 'ਤੇ ਛੱਟੇ ਮਾਰਦੀ ਹੈ। ਫੇਰ ਪਿਲਾਉਂਦੀ ਹੈ। ਪੰਡਤ ਦਾ ਚਿਹਰਾ ਭਾਵਹੀਨ ਤੇ ਪਥਰਾਇਆ ਹੋਇਆ ਹੈ।)

ਪੰਡਤਾਣੀ : ਜਾਓ! ਥੋੜ੍ਹਾ ਘੁੰਮ ਫਿਰ ਆਓ। ਜੀਅ ਹਲਕਾ ਹੋ ਜਾਵੇਗਾ। (ਰਤਨ ਸਿੰਘ ਤੇ ਮਾਸਟਰ ਆਉਂਦੇ ਹਨ। ਦੋਵੇਂ ਸਿੱਧੜ ਦੇ ਕਮਰੇ ਅੱਗੇ ਸੀਸ ਨਿਵਾਉਂਦੇ ਹਨ ਤੇ ਪੰਡਤ ਕੋਲ ਬੈਠ ਜਾਦੇ ਹਨ।)

ਰਤਨ ਸਿੰਘ : ਪੰਡਤ ਜੀ! ਖ਼ੈਰ-ਸੁੱਖ ਤੇ ਹੈ ਨਾ? ਅੱਜ ਤੁਹਾਡਾ ਚਿਹਰਾ ਇੰਨਾ ਉੱਤਰਿਆ ਉੱਤਰਿਆ ਕਿਉਂ ਹੈ?

ਪੰਡਤਾਣੀ : ਇਹਨਾਂ ਨੂੰ ਤੇ ਪਤਾ ਨਹੀਂ ਕੀ ਹੁੰਦਾ ਜਦ ਰਿਹਾ ਏ। ਅੱਜ ਕੱਲ੍ਹ ਤੇ ਖਾਣ ਪੀਣ ਦੀ ਵੀ ਸੁੱਧ ਨਹੀਂ ਰਹਿੰਦੀ। ਕਹਿ ਰਹੇ ਨੇ ਕਿ ਪੁੱਤਰ ਵਿੱਚ ਦੈਵੀ ਸ਼ਕਤੀ ਆ ਗਈ ਜਿਸ ਕਰਕੇ ਇਹਨਾਂ ਨੂੰ ਸਜ਼ਾ ਮਿਲੇਗੀ।

ਮਾਸਟਰ : ਮੰਨੇ-ਪ੍ਰਮੰਨੇ ਪੰਡਤ ਨੇ! ਇਹਨਾਂ ਨੂੰ ਤੇ ਸਾਰੀਆਂ ਗੱਲਾਂ ਦਾ ਪਤਾ ਏ। ਪਰ ਪੰਡਤ ਜੀ! ਭਗਵਾਨ ਤੇ ਆਪਣੇ ਭਗਤਾਂ ਤੇ ਸਦਾ ਦਿਆ ਕ੍ਰਿਪਾ ਕਰਦੇ ਨੇ! ਹੋਰ ਤੇ ਹੋਰ ਜੇ ਕੋਈ ਖ਼ੂਨੀ ਜਾਂ ਡਾਕੂ ਵੀ ਮਰਦੇ ਸਮੇਂ ਉਹਦਾ ਨਾਂ ਲਵੇ ਤਾਂ ਸਿੱਧਾ ਸਵਰਗਾਂ ਨੂੰ ਜਾਂਦਾ ਏ! ਫਿਰ ਤੁਸੀਂ! ਤੇ ਦਿਨ ਰਾਤ ਬਾਲ ਭਗਵਾਨ ਦੀ ਸੇਵਾ ਵਿੱਚ ਰਹਿੰਦੇ ਹੋ! ਤੁਹਾਨੂੰ ਕਾਹਦੀ ਚਿੰਤਾ? (ਇਹ ਸੁਣ ਕੇ ਪੰਡਤ ਸਿਰ ਚੁੱਕਦਾ ਹੈ! ਉਹਦੇ ਚਿਹਰੇ ਤੋਂ ਭੈਅ ਦੇ ਭਾਵ ਹਟ ਗਏ ਹਨ। ਉਹ 'ਠੀਕ ਹੈ' ਦੀ ਮੁਦਰਾ ਸਿਰ ਹਿਲਾਉਂਦਾ ਹੈ।)

ਰਤਨ ਸਿੰਘ : ਪੰਡਤ ਜੀ! ਚੋਣਾਂ ਸਿਰ ਤੇ ਆ ਗਈਆਂ ਨੇ! ਕਈ ਪਾਰਟੀਆਂ ਦੇ ਨੇਤਾ ਮੇਰੇ ਘਰ ਦੇ ਚੱਕਰ ਲਗਾ ਰਹੇ ਹਨ। ਉਹ ਬਾਲ

ਭਗਵਾਨ ਤੋਂ ਪੁੱਛਣਾ ਚਾਹੁੰਦੇ ਹਨ ਕਿ ਕਿਹੜੀ ਪਾਰਟੀ ਚੋਣਾਂ ਜਿੱਤੇਗੀ? ਕਿਹੜੀ ਪਾਰਟੀ ਦੀ ਟਿਕਟ ਤੇ ਚੋਣ ਲੜਨ? ਤੁਸੀਂ ਦੱਸੋ ਕਿਦਾਂ ਕਰਨਾ?

ਪੰਡਤ : ਬਾਲ ਭਗਵਾਨ ਤੇ ਅੱਜ ਕੱਲ ਬੀਮਾਰ ਰਹਿੰਦੇ ਨੇ। ਜੇ ਕੁਝ ਖਾਂਦੇ ਨੇ ਤਾਂ ਪਚਦਾ ਨਹੀਂ। ਬਿਸਤਰਾ ਤੱਕ ਗੰਦਾ ਕਰ ਦਿੰਦੇ ਨੇ।

ਰਤਨ ਸਿੰਘ : ਤੁਸੀਂ ਪਹਿਲਾਂ ਕਿਉਂ ਨਹੀਂ ਦੱਸਿਆ? ਮੇਰੇ ਭਗਵਾਨ ਹੋਣ ਤੇ ਮੈਨੂੰ ਪਤਾ ਵੀ ਨਾ ਹੋਵੇ! ਮੈਂ ਕੱਲ੍ਹ ਹੀ ਸ਼ਹਿਰ ਦੇ ਵੱਡੇ ਹਸਪਤਾਲ ਤੋਂ ਡਾਕਟਰ ਲੈ ਕੇ ਆਵਾਂਗਾ, ਤੁਸੀਂ ਚਿੰਤਾ ਨਾ ਕਰੋ।

ਮਾਸਟਰ : ਪੰਡਤ ਜੀ! ਤੁਸੀਂ ਤੇ ਜਾਣਦੇ ਈ ਓ ਕਿ ਬਾਲ ਭਗਵਾਨ ਦੀ ਮਹਿਮਾ ਰਾਜਧਾਨੀ ਤੱਕ ਪਹੁੰਚ ਚੁੱਕੀ ਹੈ। ਰਤਨ ਸਿੰਘ ਦੇ ਘਰ ਵੱਡਾ ਮੰਤਰੀ ਆਇਆ ਸੀ। ਉਹਨੂੰ ਤਿੰਨੇ ਪਾਰਟੀਆਂ ਟਿਕਟ ਦੇਣ ਲਈ ਤਿਆਰ ਹਨ। ਪਰ ਉਹ ਇਹ ਜਾਨਣਾ ਚਾਹੁੰਦਾ ਹੈ ਇਸ ਵਾਰ ਕਿਸ ਪਾਰਟੀ ਦੀ ਸਰਕਾਰ ਬਣੇਗੀ। ਬਾਲ ਭਗਵਾਨ ਦੀ ਸ਼ਰਨ ਵਿੱਚ ਆਉਣ ਦੀ ਗੱਲ ਕਰ ਰਿਹਾ ਸੀ! ਦੱਸੋ ਕੀ ਕਰਨਾ ਏ?

ਪੰਡਤ : ਮਾਸਟਰ ਜੀ ਸਭ ਨੂੰ ਪਤਾ ਹੈ ਕਿ ਸੇਵਾ ਦਲ ਹੀ ਜਿੱਤੇਗਾ! ਇਸੇ ਪਾਰਟੀ ਦੀ ਸਰਕਾਰ ਬਣੇਗੀ।

ਮਾਸਟਰ : ਪੰਡਤ ਜੀ! ਤੁਸੀਂ ਹੈਗੇ ਓ ਭੋਲੇ ਪਾਤਸ਼ਾਹ! ਪਿਛਲੀ ਵਾਰੀ ਵੀ ਸੇਵਾ ਦਲ ਜਿੱਤਿਆ ਸੀ ਕਿ ਨਹੀਂ? ਪਰ ਸਰਕਾਰ ਕਿਸ ਦੀ ਬਣੀ? ਲੋਕ ਪਾਰਟੀ ਦੀ। ਇਹ ਕੋਈ ਬੰਗਾਲ ਤੇ ਹੈ ਨਹੀਂ ਕਿ ਜੋ ਪਾਰਟੀ ਜਿੱਤੇ, ਸਰਕਾਰ ਉਸੇ ਦੀ ਬਣੇ।

ਰਤਨ : ਪੰਡਤ ਜੀ! ਬਾਲ ਭਗਵਾਨ ਚਾਹੁਣ ਤਾਂ ਵਾਰੇ-ਨਿਆਰੇ ਹੋ ਜਾਣ। ਉਸ ਮੰਤਰੀ ਨੂੰ ਅਸ਼ੀਰਵਾਦ ਮਿਲ ਗਿਆ ਤਾਂ ਰਾਜਧਾਨੀ ਵਿੱਚ ਤੁਹਾਨੂੰ ਮੁਫ਼ਤ ਪਲਾਟ ਦਿਵਾ ਦਿਆਂਗਾ। ਪਤਾ ਜੇ ਕੀ ਮੁੱਲ ਏ ਉਥੇ ਜ਼ਮੀਨ ਦਾ! ਪਲਾਟ ਹੋ ਜਾਵੇ ਤਾਂ ਭਗਤ ਕੋਠੀ ਵੀ ਬਣਾ ਦੇਣਗੇ।

ਪੰਡਤ : ਰਤਨ ਸਿੰਹਾਂ! ਤੂੰ ਆਪਣੇ ਲਈ ਕੀ ਸੋਚਿਆ? ਬਾਲ ਭਗਵਾਨ ਕਰਕੇ ਤੇਰਾ ਨਾਂ ਵੀ ਤਾਂ ਸਾਰੇ ਇਲਾਕੇ ਵਿੱਚ ਮਸ਼ਹੂਰ ਹੋ ਗਿਆ ਏ।

ਰਤਨ ਸਿੰਘ : ਹੁਣ ਤੁਹਾਡੇ ਤੋਂ ਕਾਹਦਾ ਪਰਦਾ! ਲੋਕ ਪਾਰਟੀ ਤੇ ਸੇਵਾ ਦਲ ਵਾਲੇ ਦੋਵੇਂ ਮੈਨੂੰ ਟਿਕਟ ਦੇਣ ਲਈ ਤਿਆਰ ਨੇ। ਪਰ ਭਗਵਾਨ ਦੀ ਆਗਿਆ ਤੇ ਅਸ਼ੀਰਵਾਦ ਤੋਂ ਬਿਨਾਂ ਮੈਂ ਕਿਸੇ ਪਾਰਟੀ ਦਾ ਟਿਕਟ ਨਹੀਂ ਲੈਣਾ।

ਮਾਸਟਰ : ਪੰਡਤ ਜੀ! ਜੇ ਆਪਣਾ ਰਤਨ ਸਿੰਘ ਚੋਣ ਜਿੱਤ ਗਿਆ ਤਾਂ ਵੇਖ ਲੈਣਾ ਮੰਤਰੀ ਜਰੂਰ ਬਣੇਗਾ।

ਰਤਨ ਸਿੰਘ : ਪੰਡਤ ਜੀ! ਜੇ ਮੈਂ ਚੋਣ ਜਿੱਤ ਗਿਆ ਤਾਂ ਦੋ ਕਿਲੇ ਜ਼ਮੀਨ ਭਗਵਾਨ ਨੂੰ ਭੇਂਟ ਕਰਾਂਗਾ। ਤੁਸੀਂ ਚਾਹੇ ਕੱਲ੍ਹ ਹੀ ਪੱਕੇ ਕਾਗਜ਼ ’ਤੇ ਕਚਹਿਰੀ ਜਾ ਕੇ ਲਿਖਵਾ ਲਵੋ।

ਮਾਸਟਰ : ਮੇਰੀ ਸਲਾਹ ਹੈ ਕਿ ਚੋਣਾਂ ਤੱਕ ਬਾਲ ਭਗਵਾਨ ਦੇ ਦਰਸ਼ਨ ਭਗਤਾਂ ਲਈ ਬੰਦ ਕਰ ਦਿੱਤੇ ਜਾਣ। ਛੋਟੇ-ਮੋਟੇ ਲੋਕਾਂ ਦੇ ਸਾਹਮਣੇ ਤਾਂ ਨੇਤਾ ਲੋਕ ਭਗਵਾਨ ਤੋਂ ਕੁਝ ਪੁੱਛ ਨਹੀਂ ਸਕਣਗੇ। ਰਤਨ ਸਿੰਹਾਂ ਅਖ਼ਬਾਰ ’ਚ ਕਢਵਾ ਦੇ ਕਿ ਭਗਵਾਨ ਸਮਾਧੀ ਵਿੱਚ ਲੀਨ ਹਨ ਅਤੇ ਉਹ ਕਿਸੇ ਨੂੰ ਵੀ ਦਰਸ਼ਨ ਨਹੀਂ ਦੇਣਗੇ।

ਪੰਡਤ : ਹਾਂ, ਇਹ ਠੀਕ ਰਹੇਗਾ! ਹੁਣ ਸਾਨੂੰ ਛੋਟੇ ਮੋਟੇ ਚੜ੍ਹਾਵੇ ਦੀ ਜਰੂਰਤ ਵੀ ਨਹੀਂ।

ਮਾਸਟਰ : ਪੰਡਤ ਜੀ! ਤੁਹਾਨੂੰ ਯਾਦ ਹੈ ਕਿ ਨਹੀਂ! ਬਾਲ ਭਗਵਾਨ ਨੂੰ ਭੁੱਖਿਆਂ ਵੀ ਰੱਖਣਾ ਪਵੇਗਾ। ਭਗਵਾਨ ਉਦੋਂ ਹੀ ਸੱਚ ਬੋਲਦੇ ਹਨ ਜਦੋਂ ਭੁੱਖੇ ਹੋਣ।

ਪੰਡਤ : ਪਰ! ਉਹ ਤਾਂ ਪਹਿਲਾਂ ਹੀ ਬੀਮਾਰ ਨੇ! ਭੁੱਖਾ ਰੱਖਣ ਵਿੱਚ ਕੋਈ ਖ਼ਤਰਾ ਤੇ ਨਹੀਂ?

ਮਾਸਟਰ : ਭਗਵਾਨ ਬੀਮਾਰ ਈ ਇਸੇ ਕਰਕੇ ਹੋਏ ਨੇ ਕਿ ਉਹ ਖਾਂਦੇ ਬਹੁਤ ਨੇ। ਹਫ਼ਤੇ ’ਚ ਕੇਵਲ ਇੱਕ ਦਿਨ ਖਾਣਗੇ ਤਾਂ ਪੇਟ ਸਾਫ਼ ਹੋ ਜਾਵੇਗਾ। ਤੁਸੀਂ ਤਾਂ ਜਾਣਦੇ ਹੋ ਕਿ ਪੇਟ ਹੀ ਸਭ

ਰੋਗਾਂ ਦੀ ਜੜ੍ਹ ਹੈ। ਫਿਰ ਕਦੇ ਅੱਜ ਤੱਕ ਇਸ ਤਰਾਂ ਹੋਇਆ ਏ ਕਿ ਜਿਸ ਵਿੱਚ ਦੈਵੀ ਸ਼ਕਤੀ ਹੋਵੇ ਤੇ ਉਹ ਭੁੱਖ ਨਾਲ ਮਰ ਜਾਵੇ।

ਰਤਨ ਸਿੰਘ : ਠੀਕ ਆ ਫਿਰ, ਅਸੀਂ ਚੱਲਦੇ ਹਾਂ। ਮੈਨੂੰ ਤੇ ਅਟੱਲ ਵਿਸ਼ਵਾਸ਼ ਹੈ ਕਿ ਭਗਵਾਨ ਦੀ ਦੱਸੀ ਗੱਲ ਸੱਚ ਨਿਕਲੇਗੀ। ਉਹ ਮੰਤਰੀ ਫੇਰ ਆਉਣ ਲਈ ਕਹਿ ਗਿਆ ਏ। ਮੈਂ ਉਹਨੂੰ ਰਾਤ ਨੂੰ ਇਥੇ ਲਿਆਵਾਂਗਾ। ਬਸ! ਬਾਲ ਭਗਵਾਨ ਦਾ ਅਸ਼ੀਰਵਾਦ ਮਿਲ ਗਿਆ ਤਾਂ ਤੁਸੀਂ ਵੀ ਰਾਜਧਾਨੀ ਵਿੱਚ ਤੇ ਮੈਂ ਵੀ ਰਾਜਧਾਨੀ ਵਿੱਚ! ਜੈ ਹੋ ਬਾਲ ਭਗਵਾਨ ਦੀ। (ਦੋਵੇਂ ਦਰਵਾਜ਼ੇ ਦੇ ਅੱਗੇ ਸੀਸ ਨਿਵਾ ਕੇ ਚਲੇ ਜਾਂਦੇ ਹਨ। ਪੰਡਤ ਫਿਰ ਡੂੰਘੀ ਸੋਚ ਵਿੱਚ ਡੁੱਬ ਜਾਂਦਾ ਹੈ।)

## ਦ੍ਰਿਸ਼ ਦੂਜਾ

| | | |
|---|---|---|
| | | (ਢਾਬੇ ਦਾ ਦ੍ਰਿਸ਼। ਕੁਝ ਲੋਕ ਗੱਪਾਂ ਮਾਰ ਰਹੇ ਹਨ।) |
| ਜਗਤਾ | : | (ਮਾਸਟਰ ਨੂੰ) ਮਾਸਟਰ ਜੀ! ਚੋਣਾ ਸਿਰ ਤੇ ਆ ਗਈਆਂ ਹਨ। ਕਿਸ ਪਾਰਟੀ ਨੂੰ ਜਿਤਾ ਰਹੇ ਹੋ ਇਸ ਵਾਰ? |
| ਮਾਸਟਰ | : | ਜਗਤਿਆ ਪਾਰਟੀ ਕੋਈ ਵੀ ਜਿੱਤੇ ਤੂੰ ਕਿਹੜਾ ਬਿਰਲਾ-ਟਾਟਾ ਬਣ ਜਾਵੇਂਗ! ਲੋਕਾਂ ਨੇ ਤੇ ਭੁੱਖੇ ਈ ਮਰਨਾ। ਹੁਣ ਆਦਮੀ ਆਦਮੀ ਨਹੀਂ ਰਿਹਾ ਸਗੋਂ ਵੋਟ ਬਣ ਗਿਆ, ਵੋਟ! |
| ਜਗਤਾ | : | ਮਾਸਟਰ ਜੀ, ਬਾਲ ਭਗਵਾਨ ਨੇ ਕੁਝ ਨਾ ਕੁਝ ਤੇ ਜਰੂਰ ਦੱਸਿਆ ਹੋਊ! ਇੱਕ ਗੱਲ ਪੁੱਛਾਂ? ਕੀ ਸੱਚੀ ਮੁੱਚੀ ਬਾਲ ਭਗਵਾਨ ਨੂੰ ਸਭ ਕੁਝ ਪਤਾ ਏ? ਅੱਗਾ-ਪਿੱਛਾ, ਚੰਗਾ-ਮਾੜਾ, ਜੋ ਕੁਝ ਵੀ ਹੋਣ ਵਾਲਾ ਏ! ਸਭ ਜਾਣਦੇ ਨੇ? |
| ਮਾਸਟਰ | : | ਵੇਖ ਉਏ ਆਕਾਸ਼ਬਾਣੀ! ਤੈਨੂੰ ਸੱਚ ਝੂਠ ਨਾਲ ਕੀ ਮਤਲਬ? ਦੁਕਾਨ ਚੱਲ ਪਈ, ਦੋ ਤਿੰਨ ਨੌਕਰ ਵੀ ਰੱਖ ਲਏ! ਇਹ ਸਭ ਕੁਝ ਤੇਰੇ ਪਿਓ ਦੀ ਕਿਰਪਾ ਨਾਲ ਹੋਇਆ ਏ? ਬਾਲ ਭਗਵਾਨ ਦੀ ਕਿਰਪਾ ਨਾਲ ਤੇਰੇ ਢਾਬੇ 'ਤੇ ਗਾਹਕਾਂ ਦਾ ਹੜ੍ਹ ਆਇਆ ਰਹਿੰਦਾ ਏ! ਤੇ ਅਜੇ ਵੀ ਪੁੱਛਦਾ ਏਂ ਕਿ ਕੀ ਬਾਲ ਭਗਵਾਨ ਸਭ ਜਾਣਦੇ ਨੇ? ਤੇਰੇ ਵਰਗੇ ਅਧਰਮੀ ਦੇ ਜਦੋਂ ਦਿਨ ਫਿਰਦੇ ਨੇ ਤਾਂ ਨਾਲ ਨਾਲ ਦਿਮਾਗ ਵੀ ਫਿਰ ਜਾਂਦਾ ਏ। |
| ਇੱਕ ਆਦਮੀ | : | ਮਾਸਟਰ ਜੀ! ਤੁਸੀਂ ਤੇ ਵਿਚਾਰੇ ਜਗਤੇ 'ਤੇ ਐਵੇਂ ਈ ਵਰ੍ਹ ਪਏ! ਇਹ ਤਾਂ ਬਹੁਤ ਧਾਰਮਿਕ ਹੋ ਗਿਆ ਏ! ਅਜੇ ਵੀ ਸਵੇਰੇ ਸਭ ਤੋਂ ਪਹਿਲਾਂ ਬਾਲ ਭਗਵਾਨ ਦਾ ਪ੍ਰਸ਼ਾਦਿ ਵੰਡਦਾ ਏ। ਧਰਮ ਤੇ ਗੱਲ ਕਰਨੀ ਤਾਂ ਚੰਗੀ ਹੁੰਦੀ ਏ ਨਾ। |
| ਮਾਸਟਰ | : | ਦੇਖੋ ਬਈ! ਧਰਮ ਦੇ ਨਾਂ ਤੇ ਹਰ ਹਿੰਦੁਸਤਾਨੀ ਡਰਪੋਕ ਹੈ। |

ਤੁਸੀਂ ਲੋਕ ਆਮ ਆਦਮੀ ਦੇ ਵਿਸ਼ਵਾਸ਼ ਦੀ ਗੱਲ ਕਰਦੇ ਹੋ? ਜਿਸ ਦੇਸ਼ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਤੱਕ ਬ੍ਰਹਮਚਾਰੀਆਂ, ਸਦਾਚਾਰੀਆਂ ਅਤੇ ਤਾਂਤਰਿਕਾਂ ਦੇ ਚੇਲੇ ਹੋਣ! ਜੇਕਰ ਉਸ ਦੇਸ਼ ਦੇ ਆਮ ਆਦਮੀ ਧਰਮ ਦੀ ਸ਼ਰਨ ਵਿੱਚ ਚਲੇ ਗਏ ਤਾਂ ਕਿਹੜਾ ਅਸਮਾਨ ਸਿਰ 'ਤੇ ਡਿੱਗ ਪਿਆ? ਸ਼ਾਇਦ ਤੁਹਾਨੂੰ ਲੋਕਾਂ ਨੂੰ ਯਾਦ ਨਹੀਂ ਕਿ ਬਿਹਾਰ ਦਾ ਇੱਕ ਮੁੱਖ ਮੰਤਰੀ ਕਿਸੇ ਤਾਂਤਰਿਕ ਦੇ ਕਹਿਣ ਤੇ ਦੋਹਵਾਂ ਹੱਥਾਂ ਦੀਆਂ ਉਂਗਲਾਂ 'ਚ ਦਸ ਮੁੰਦਰੀਆਂ ਪਾਉਂਦਾ ਸੀ! ਪੂਰੀਆਂ ਦਸ! ਹੋ ਸਕਦਾ ਪੈਰਾਂ ਦੀਆਂ ਉਂਗਲਾਂ ਵਿੱਚ ਵੀ ਪਾਉਂਦਾ ਹੋਵੇ।

ਇੱਕ ਆਦਮੀ : ਸੱਚ ਕਹਿੰਦੇ ਹੋ ਮਾਸਟਰ ਜੀ! ਸ਼ਹਿਰ ਦੇ ਭਗਤਾਂ ਦੀ ਵੀ ਭੀੜ ਲੱਗੀ ਰਹਿੰਦੀ ਏ। ਪੜ੍ਹੇ ਲਿਖਿਆਂ ਨੂੰ ਵੀ ਬਾਲ ਭਗਵਾਨ ਵਿੱਚ ਕਿੰਨਾ ਵਿਸ਼ਵਾਸ਼ ਏ!

ਮਾਸਟਰ : ਤੂੰ ਬਿਲਕੁੱਲ ਸੱਚ ਕਿਹੈ, ਸ਼ਹਿਰਾਂ ਵਿੱਚ ਭਗਵਾਨ ਦਾ ਵਾਸ ਨਹੀਂ। ਸ਼ਹਿਰੀ ਲੋਕ ਜਦੂ-ਟੂਣੇ, ਸਾਧੂ-ਸੰਤਾਂ, ਤੇ ਬਾਬਿਆਂ ਦੇ ਚੱਕਰ ਵਿੱਚ ਸਾਡੇ ਪਿੰਡਾਂ ਵਾਲਿਆਂ ਤੋਂ ਦਸ ਕਦਮ ਅੱਗੇ ਨੇ।

ਪ੍ਰਭਾਤ : ਪਰ ਐਸਾ ਕਿਉਂ ਹੈ? ਲੋਕਾਂ ਨੂੰ ਆਪਣੇ ਹੱਥਾਂ ਦੀ ਤਾਕਤ 'ਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਭਗਵਾਨ ਖੁਦ ਆ ਕੇ ਹੱਥੀਂ ਉਹਨਾਂ ਦਾ ਕੰਮ ਤੇ ਕਰਨੋ ਰਹੇ।

ਮਾਸਟਰ : ਪ੍ਰਭਾਤ! ਤੈਨੂੰ ਕਿਹੜੇ ਹੱਥਾਂ ਦੀ ਗਲਤੀ ਲੱਗ ਗਈ? ਇਸ ਦੇਸ਼ ਦੇ ਲੋਕ ਹੱਥ ਵਿੱਚ ਡੰਡਾ ਜਰੂਰ ਫੜਦੇ ਨੇ ਪਰ ਮਾਰਨ ਲਈ ਨਹੀਂ, ਸਗੋਂ ਸਹਾਰੇ ਲਈ। ਤੂੰ ਜਵਾਨ ਏਂ! ਤੇ ਇਹ ਵੀ ਜਾਣਦਾ ਹਾਂ ਕਿ ਤੇਰੇ ਢਿੱਡ ਵਿੱਚ ਲਾਲ ਝੰਡਾ ਉਗ ਆਇਆ ਏ। ਪਹਿਲਾਂ ਪੜ੍ਹਾਈ ਪੂਰੀ ਕਰ ਲੈ! ਜਦੋਂ ਨੌਕਰੀ ਲਈ ਲੱਖਾਂ ਰੁਪਈਆਂ ਦੀ ਰਿਸ਼ਵਤ ਦੇਣੀ ਪਈ ਤਾਂ ਇਹ ਲਾਲ ਰੰਗ ਆਪਣੇ ਆਪ ਧੁਲ ਜਾਏਗਾ ਜਾਂ ਘੁਲ ਜਾਏਗਾ।

ਪ੍ਰਭਾਤ : ਤੁਸੀਂ ਤੇ ਅਧਿਆਪਕ ਹੋ, ਗੁਰੂ ਹੋ! ਤੁਸੀਂ ਲੋਕਾਂ ਨੂੰ ਬਹਾਦਰੀ ਤੇ ਨਿਡਰਤਾ ਨਾਲ ਜੀਣਾ ਸਿਖਾਓ! ਪਰ ਤੁਸੀਂ ਉਹਨਾਂ ਨੂੰ ਧਰਮ ਦੀ ਅਫ਼ੀਮ ਪਿਲਾਉਂਦੇ ਰਹਿੰਦੇ ਹੋ ਤਾਂ ਕਿ ਅਮਲੀ ਹੋਏ

ਲੋਕ ਨਾ ਹੋਸ਼ ਵਿੱਚ ਆਉਣ ਤੇ ਨਾ ਆਪਣੇ ਹੱਕ ਮੰਗਣ।

ਮਾਸਟਰ : ਤੇ ਤੁਸੀਂ ਲੋਕ ਇਸ ਦੇਸ਼ ਦੇ ਲੋਕਾਂ 'ਤੇ ਮਾਰਕਸ ਤੇ ਮਾਓ ਦਾ ਜੀਵਨ-ਦਰਸ਼ਨ ਲੱਦਣਾ ਚਾਹੁੰਦੇ ਹੋ! ਨਹੀਂ ਕਬੂਲ ਕਰਨਗੇ ਲੋਕ। ਕੀ ਹੋਇਆ ਨਕਸਲਵਾੜੀ ਲਹਿਰ ਨਾਲ? ਕੁਝ ਲੋਕਾਂ ਨੂੰ ਕੱਟਣ-ਮਾਰਨ ਨਾਲ? ਸਰਕਾਰ ਦੇ ਇੱਕੋ ਠੁੱਡੇ ਨਾਲ ਆ ਗਏ ਹੋਸ਼ ਟਿਕਾਣੇ।

ਪ੍ਰਭਾਤ : ਤੁਸੀਂ ਕਿਹੜੇ ਦਰਸ਼ਨ ਦੀ ਗੱਲ ਕਰਦੇ ਹੋ ਮਾਸਟਰ ਜੀ? ਲੋਕਾਂ ਕੋਲ ਦਰਸ਼ਨ ਨਹੀਂ ਦੂਰਦਰਸ਼ਨ ਹੈ। ਸਦੀ ਦਾ ਸਭ ਤੋਂ ਭਿਅੰਕਰ ਸੋਕਾ ਤੇ ਟਿਊਬਵੈੱਲ ਦੇ ਨਾਮ ਤੇ ਟੀਵੀ। ਅੰਗਰੇਜ਼ ਕਵੀ ਆਡੇਨ ਨੇ ਠੀਕ ਕਿਹਾ ਹੈ 'ਪੀਪਲ ਡੌਂਟ ਹੈਵ ਵਿਯਨ, ਦੇ ਹੈਵ ਟੈਲੀਵਿਯਨ।' ਨਕਸਲਵਾੜੀ ਲਹਿਰ ਤਾਂ ਹੱਕ ਮੰਗਣ ਦੀ ਸ਼ੁਰੂਆਤ ਸੀ, ਅੰਤ ਨਹੀਂ ਸੀ। ਇੱਕ ਚੁੱਪ ਨੂੰ ਹਾਰ ਮੰਨਣ ਦੀ ਗਲਤੀ ਨਹੀਂ ਕਰਨੀ ਚਾਹੀਦੀ।

ਇੱਕ ਆਦਮੀ : ਉਏ ਪ੍ਰਭਾਤ! ਤੈਨੂੰ ਸ਼ਰਮ ਨਹੀਂ ਆਉਂਦੀ ਵੱਡਿਆਂ ਨਾਲ ਇਸ ਤਰਾਂ ਗੱਲ ਕਰਦਿਆਂ? ਜਾਹ! ਜਾਹ ਇਥੋਂ ਚਲਾ ਜਾਹ।

ਪ੍ਰਭਾਤ : ਚਾਚਾ, ਵੱਡਿਆਂ ਨੂੰ ਵੀ ਵੱਡੀ ਗੱਲ ਕਰਨੀ ਚਾਹੀਦੀ ਹੈ। ਤੁਸੀਂ ਆਦਮੀ ਨੂੰ ਕੱਟਣ ਦੀ ਗੱਲ ਕਰਦੇ ਹੋ? ਰਸਤਾ ਬਦਲਣ ਲਈ ਤਾਂ ਪਾਣੀ ਵੀ ਕੱਟਣਾ ਪੈਂਦਾ ਏ। ਮਾਸਟਰ ਜੀ! ਜਾਂਦਾ ਹਾਂ ਪਰ ਮੇਰੀ ਗੱਲ ਯਾਦ ਰੱਖਿਓ! ਤੁਹਾਡੇ ਵਰਗੇ ਧਰਮ ਦੇ ਦੱਲੇ ਤੇ ਦਲਾਲਾਂ ਨੇ ਜੋ ਅੱਗ ਦੇਸ਼ ਵਿੱਚ ਸੁਲਗਾ ਦਿੱਤੀ ਏ ਉਸ ਨੂੰ ਭੜਕ ਲੈਣ ਦਿਓ। ਪਹਿਲਾ ਨੰਬਰ ਤੁਹਾਡੇ ਵਰਗਿਆਂ ਦਾ ਹੀ ਲੱਗੇਗਾ ਇਸ ਅੱਗ ਵਿੱਚ ਜੀਂਦੇ ਸਾੜਣ ਤੇ ਝੋਕਣ ਲਈ। (ਜਾਂਦਾ ਹੈ।)

ਕੁਝ ਆਵਾਜ਼ਾਂ : ਵੇਖਿਆ ਪੜ੍ਹਾਈ ਦਾ ਅਸਰ? ਇਹ ਕੱਲ੍ਹ ਦੇ ਛੋਕਰੇ ਕਿਵੇਂ ਵੱਢ ਖਾਣ ਨੂੰ ਪੈਂਦੇ ਨੇ!

ਮਾਸਟਰ : ਇਹਨਾਂ ਦਾ ਕੀ ਦੋਸ਼? ਵਿਚਾਰਾਂ ਦੇ ਨਸ਼ੇ ਵਿੱਚ ਇਹ ਆਪਣੀ ਸਭਿਅਤਾ ਅਤੇ ਧਰਮ ਨੂੰ ਵੀ ਭੁੱਲ ਗਏ ਨੇ। ਕੀ ਇਹ ਅਮਰੀਕਨਾਂ ਨਾਲੋਂ ਵੀ ਜ਼ਿਆਦਾ ਪੜ੍ਹ ਲਿਖ ਗਏ ਨੇ?

ਸਵਾਮੀ ਵਿਵੇਕਾਨੰਦ ਜਦੋਂ ਅਮਰੀਕਾ ਗਏ ਸਨ ਤਾਂ ਅਮਰੀਕਨ ਕ੍ਰਿਸ਼ਨਾ-ਕ੍ਰਿਸ਼ਨਾ ਕਰਦੇ ਉਹਨਾਂ ਦੇ ਅੱਗੇ ਪਿੱਛੇ ਦੌੜ੍ਹੇ ਫਿਰਦੇ ਸਨ। ਉਥੇ ਸੋਨੇ ਦੀਆਂ ਨਦੀਆਂ ਵਹਿ ਰਹੀਆਂ ਨੇ ਪਰ ਆਤਮਾਵਾਂ ਵਿੱਚ ਸੋਕਾ ਪਿਆ ਏ, ਸੋਕਾ! ਤਾਂ ਹੀ ਤੇ ਉਹ ਸਾਡੇ ਮਹਾਂਰਿਸ਼ੀਆਂ, ਅਚਾਰੀਆਂ, ਤੇ ਸੰਤਾਂ ਦੇ ਅੱਗੇ ਅੱਖਾਂ ਵਿਛਾਈ ਬੈਠੇ ਨੇ। ਪ੍ਰਭਾਤ ਵਰਗੇ ਮੁੰਡਿਆਂ ਦਾ ਜਦੋਂ ਜਵਾਨ ਖ਼ੂਨ ਠੰਡਾ ਹੋਵੇਗਾ ਤਾਂ ਇਹ ਵੀ ਸਾਡੇ ਕਵੀਆਂ ਵਾਂਗ ਅਧਿਆਤਮਵਾਦ ਦੀ ਝੋਲੀ ਪੈਣਗੇ! ਹਾਰੇ ਨੂੰ ਹਰੀਨਾਮ।

ਇੱਕ ਆਵਾਜ਼ : ਭਲਾ ਕਿਹੜੇ ਕਵੀ ਨੇ ਕੀਤਾ ਸੀ ਇਹ ਤਰਾਂ?

ਮਾਸਟਰ : ਕੀਤੀ ਨਾ, ਅਨਪੜ੍ਹਾਂ ਵਾਲੀ ਗੱਲ! ਕਵੀਆਂ ਤੇ ਲੇਖਕਾਂ ਨੇ ਆਦਿ ਕਾਲ ਤੋਂ ਅਧੁਨਿਕ ਕਾਲ ਤੱਕ! ਜੀਵਨ ਦੇ ਅੰਤ ਤੱਕ ਪਹੁੰਚਦਿਆਂ ਪਹੁੰਚਦਿਆਂ ਇਸੇ ਸੱਚ ਨੂੰ ਮੰਨਿਆ ਤੇ ਸਮਝਿਆ ਹੈ। ਜਵਾਨੀ ਵਿੱਚ ਇੰਦਰ ਦੀਆਂ ਕਾਲ ਗਰਲਜ਼ ਤੇ ਕਵਿਤਾਵਾਂ ਲਿਖਦੇ ਰਹੇ ਤੇ ਬੁਢਾਪੇ 'ਚ ਪਹੁੰਚ ਗਏ ਪ੍ਰਭੂ ਦੀ ਸ਼ਰਨ ਵਿੱਚ।

ਜਗਤਾ : ਮਾਸਟਰ ਜੀ! ਇਹ ਕਾਲ ਗਰਲਜ਼ ਕੀ ਹੁੰਦੀਆਂ ਨੇ?

ਮਾਸਟਰ : ਹੁੰਦੀਆਂ ਨੇ ਤੇਰੀਆਂ ਮਾਂਵਾਂ! ਰੰਡੀਆਂ! ਜਿਵੇਂ ਅੱਜ ਕੱਲ ਕਾਲ ਗਰਲਜ਼ ਨੂੰ ਵਰਤ ਕੇ ਲੋਕ ਆਪਣਾ ਕੰਮ ਕਰਵਾ ਲੈਂਦੇ ਨੇ, ਉਸੇ ਤਰਾਂ ਸਵਰਗ ਦਾ ਰਾਜਾ ਇੰਦਰ ਆਪਣੀਆਂ ਅੱਪਸਰਾਵਾਂ ਤੋਂ ਕੰਮ ਕਢਵਾਉਂਦਾ ਸੀ। ਕਿਸੇ ਦੇ ਜਪ-ਤਪ ਤੋਂ ਥੋੜ੍ਹਾ ਜਿਹਾ ਵੀ ਖ਼ਤਰਾ ਹੋਇਆ ਨਹੀਂ ਕਿ ਭੇਜ ਦਿੱਤੀ ਕੋਈ ਮੇਨਕਾ ਜਾਂ ਅਪੱਸਰਾ। ਸੁੰਦਰ ਔਰਤ ਦੇ ਅੱਗੇ ਤਾਂ ਵੱਡੇ ਵੱਡਿਆਂ ਦੇ ਛੱਕੇ ਛੁੱਟ ਜਾਂਦੇ ਨੇ। ਭਾਵੇਂ ਉਹ ਨੈਪੋਲੀਅਨ ਹੋਵੇ ਜਾਂ ਜਹਾਂਗੀਰ।

ਇੱਕ ਆਵਾਜ਼ : ਅਕਲ ਵੀ ਤਾਂ ਬੁਢਾਪੇ ਵਿੱਚ ਹੀ ਆਉਂਦੀ ਏ!

ਮਾਸਟਰ : ਹੋਰ ਨਹੀਂ ਤੇ ਕੀ? ਜਵਾਨੀ ਵਿੱਚ ਜਦ ਕੋਠੀ ਹੋਵੇ, ਕਾਰ ਹੋਵੇ ਤੇ ਜੇਬ ਵਿੱਚ ਹੋਣ ਪੈਸੇ ਤਾਂ ਸੁੰਦਰ ਔਰਤਾਂ ਦੀ ਹੀ ਗੱਲ ਕਰੋਗੇ! ਰਿਟਾਇਰ ਹੋਏ ਨਹੀਂ ਕਿ ਨਿਕਲੇ ਸਰਕਾਰ ਦੀ ਸ਼ਰਨ 'ਚੋਂ ਤੇ ਪਹੁੰਚ ਗਏ ਭਗਵਾਨ ਦੀ ਸ਼ਰਨ ਵਿੱਚ। ਕਦੇ ਹਾਰੇ ਨੂੰ ਹਰੀਨਾਮ ਤੇ ਕਦੇ ਜੈ ਜਾਨਕੀ ਯਾਤਰਾ। ਪਰ ਤੁਹਾਡੇ ਲੋਕਾਂ

ਦਾ ਵੀ ਕਸੂਰ? ਅਨਪੜ੍ਹ ਜੋ ਹੋਏ! ਜਦ ਪੜ੍ਹੇ ਲਿਖੇ ਲੋਕ, ਮੰਤਰੀ, ਨੇਤਾ, ਅਤੇ ਅਭਿਨੇਤਾ, ਲੇਖਕ ਅਤੇ ਕਵੀ ਤੱਕ ਭਗਵਾਨ ਦੀ ਮਹਿਮਾਂ ਦੀ ਉਸਤਤਿ ਕਰਦੇ ਨੇ ਤਾਂ ਤੁਹਾਡੇ ਢਿੱਡ ਵਿੱਚ ਅਵਿਸ਼ਵਾਸ਼ ਦਾ ਰੁੱਖ ਕਿਉਂ ਉੱਗ ਪਿਆ? ਪੁੱਛਦਾ ਏ ਕਿ ਕੀ ਬਾਲ ਭਗਵਾਨ ਸਭ ਕੁਝ ਜਾਣਦੇ ਨੇ?

ਕੁਝ ਆਵਾਜ਼ਾਂ : ਠੀਕ ਕਿਹਾ ਜੇ! ਗੁਰੂ ਜੀ ਬਿਲਕੁੱਲ ਠੀਕ!

ਮਾਸਟਰ : ਮੇਰੀ ਗੱਲ ਪੱਲੇ ਬੰਨ੍ਹ ਲੈ! ਇਸ ਤਰਾਂ ਦੇ ਸਵਾਲਾਂ ਦੇ ਚੱਕਰ ਵਿੱਚ ਮੁੜ ਕੇ ਨਾ ਪਵੀਂ! ਜੇ ਬਾਲ ਭਗਵਾਨ ਨਹੀਂ ਤਾਂ ਤੂੰ ਵੀ ਨਹੀਂ! ਕੀ ਬਿਨਾਂ ਬੀਜ ਦੇ ਕੋਈ ਪੌਦਾ ਉੱਗ ਸਕਦਾ ਹੈ? ਕਦੀ ਵੀ ਨਹੀਂ! ਪਿੰਡ ਦੀਆਂ ਸੜਕਾਂ ਪੱਕੀਆਂ ਬਣ ਗਈਆਂ, ਹਾਈ ਸਕੂਲ ਤੇ ਹਸਪਤਾਲ ਖੁੱਲ੍ਹ ਗਿਆ, ਬਿਜਲੀ ਆ ਗਈ। ਇੰਨੇ ਸਾਲ ਹੋ ਗਏ ਕਿਸੇ ਨੇਤਾ ਨੇ ਇਸ ਪਿੰਡ ਤੇ ਇੰਨੀ ਕਿਰਪਾ ਨਹੀਂ ਕੀਤੀ। ਹੁਣ ਇਹ ਸਭ ਕੁਝ ਕਿਸ ਤਰਾਂ ਹੋ ਗਿਆ! ਬਾਲ ਭਗਵਾਨ ਦੀ ਕਿਰਪਾ ਤੇ ਅਸ਼ੀਰਵਾਦ ਨਾਲ ਨਾ? ਸਵਾਲ ਨਾ ਪੁੱਛ! ਕੰਨਾਂ ਨੂੰ ਹੱਥ ਲਾ! ਕੰਨਾਂ ਨੂੰ! ਬਾਲ ਭਗਵਾਨ ਦੀ ਜੈ ਜੈ ਕਾਰ ਕਰ! ਉਹਨਾਂ ਕਰਕੇ ਹੀ ਤੇਰੇ ਦਿਨ ਫਿਰੇ, ਤੇਰੀ ਕਿਸਮਤ ਨੇ ਪਲਟਾ ਖਾਧਾ। ਬੋਲੋ! ਬਾਲ ਭਗਵਾਨ ਕੀ ਜੈ!

ਕਈ ਆਵਾਜ਼ਾਂ : ਬਾਲ ਭਗਵਾਨ ਕੀ ਜੈ!

(ਇੱਕ ਆਦਮੀ ਦਾਖ਼ਲ ਹੁੰਦਾ ਹੈ ਅਤੇ ਮਾਸਟਰ ਦੇ ਕੰਨ੍ਹ ਵਿੱਚ ਕੁਝ ਕਹਿੰਦਾ ਹੈ।)

ਮਾਸਟਰ : ਚੰਗਾ ਤੇ ਮੈਂ ਚੱਲਦਾਂ! ਰਤਨ ਸਿੰਘ ਨੇ ਬੁਲਾਇਆ ਹੈ। ਕੋਈ ਵੱਡਾ ਮੰਤਰੀ ਬਾਲ ਭਗਵਾਨ ਦੀ ਸ਼ਰਨ ਵਿੱਚ ਆਇਐ। ਮੇਰਾ ਉਥੇ ਹੋਣਾ ਜਰੂਰੀ ਹੈ। ਤੁਸੀਂ ਲੋਕ ਤੇ ਜਾਣਦੇ ਹੀ ਹੋ ਕਿ ਬਾਲ ਭਗਵਾਨ ਸੰਕੇਤਕ ਭਾਸ਼ਾ ਵਿੱਚ ਹੀ ਗੱਲ ਕਰਦੇ ਨੇ। ਅਰਥ ਤਾਂ ਮੈਨੂੰ ਹੀ ਸਮਝਾਉਣਾ ਪੈਂਦਾ ਏ।

(ਫੇਡ ਆਊਟ)

## ਦ੍ਰਿਸ਼ ਤੀਜਾ

(ਪੰਡਤ ਦਾ ਘਰ! ਸਿੱਧੜ ਅੱਗੇ ਰੋਟੀਆਂ ਦਾ ਢੇਰ ਲੱਗਾ ਹੈ। ਉਹ ਇੱਕ ਰੋਟੀ ਦੇ ਦੋ ਟੋਟੇ ਕਰਕੇ ਉਹਨਾਂ ਦਾ ਗੋਲਾ ਬਣਾ ਕੇ ਲਗਾਤਾਰ ਨਿਗਲ ਰਿਹਾ ਹੈ। ਪੰਡਤ ਉਸ ਨੂੰ ਖਾਂਦਿਆਂ ਵੇਖ ਰਿਹਾ ਹੈ। ਚਿਹਰੇ 'ਤੇ ਨਫ਼ਰਤ ਹੈ। ਪੰਡਤਾਣੀ ਦਾਖ਼ਲ ਹੁੰਦੀ ਹੈ।)

ਪੰਡਤਾਣੀ : ਤੁਸੀਂ ਵੀ ਖਾ ਲਵੋ! ਕਾਫੀ ਲੇਟ ਹੋ ਗਈ ਆ ਅੱਜ ਰੋਟੀ ਨੂੰ।

ਪੰਡਤ : ਰਹਿਣ ਦੇ! ਅਜੇ ਦਿਲ ਨਹੀਂ ਕਰ ਰਿਹਾ।

ਪੰਡਤਾਣੀ : ਦਿਲ ਕਿਵੇਂ ਕਰੇਗਾ? ਸ਼ਰਾਬ ਤੋਂ ਬਿਨਾਂ ਰੋਟੀ ਸੰਘੋਂ ਜੋ ਨਹੀਂ ਉਤਰਦੀ। ਥੋੜੇ ਦਿਨ ਛੱਡੀ ਰੱਖੀ, ਫਿਰ ਸ਼ੁਰੂ ਹੋ ਗਏ।

ਪੰਡਤ : ਸੁਣ! ਰਾਜਧਾਨੀ 'ਚ ਰਹਿਣਾ ਹੈ। ਰਤਨ ਸਿੰਘ ਉਸ ਮੰਤਰੀ ਤੋਂ ਮੁਫ਼ਤ ਪਲਾਟ ਦਿਲਾ ਦੇਵੇਗਾ। ਸ਼ਹਿਰ ਦੇ ਭਗਤ ਕੋਠੀ ਵੀ ਬਣਾ ਦੇਣਗੇ।

ਪੰਡਤਾਣੀ : ਸਾਡੀ ਇੰਨੀ ਕਿਸਮਤ ਕਿੱਥੇ ਕਿ ਰਾਜਧਾਨੀ ਵਿੱਚ ਰਹੀਏ! ਕਿਵੇਂ ਲਿਸ਼ ਲਿਸ਼ ਕਰਦੀਆਂ ਸੜਕਾਂ ਤੇ ਦਰਖ਼ਤਾਂ ਉੱਤੇ ਲਾਲ-ਲਾਲ ਫੁੱਲ। ਸੱਚ ਪੁੱਛੋ ਤਾਂ ਹੁਣ ਤੇ ਮੈਨੂੰ ਇਥੇ ਰਹਿਣਾ ਚੰਗਾ ਨਹੀਂ ਲੱਗਦਾ। ਹਰ ਥਾਂ, ਹਰ ਸਮੇਂ ਬਦਬੂ ਹੀ ਬਦਬੂ! ਪਰ ਰਤਨ ਸਿੰਘ ਸਾਨੂੰ ਭਲਾ ਕਿਉਂ ਦਿਲਵਾਏਗਾ ਪਲਾਟ? ਉਹ ਕਿਥੋਂ ਦਾ ਦਾਨਵੀਰ ਕਰਨ ਹੋ ਗਿਆ?

ਪੰਡਤ : ਰਤਨ ਵੀ ਚੋਣ ਲੜੇਗਾ, ਉਸ ਵੱਡੇ ਮੰਤਰੀ ਦੀ ਪਾਰਟੀ ਵੱਲੋਂ ਤੇ ਜਿੱਤੇਗਾ ਵੀ ਜਰੂਰ। ਆਖਿਰ ਹੈ ਤੇ ਬਾਲ ਭਗਵਾਨ ਦੇ ਪਿੰਡ ਦਾ! ਸਰਕਾਰ ਦਾ ਭਾਵੇਂ ਕੋਈ ਧਰਮ ਨਾ ਹੋਵੇ, ਪਰ

ਲੋਕ ਤਾਂ ਵੋਟ ਧਰਮ ਦੇ ਨਾਂ ਤੇ ਹੀ ਪਾਉਣਗੇ! ਬਸ, ਲੜਕਾ ਉਸ ਮੰਤਰੀ ਨੂੰ ਇਹ ਦੱਸ ਦੇਵੇ ਕਿ ਕਿਸ ਪਾਰਟੀ ਵੱਲੋਂ ਚੋਣ ਲੜੇ। ਫਿਰ ਤਾਂ ਸਾਰੇ ਕੰਮ ਸਿੱਧ ਸਮਝੋ।

ਪੰਡਤਾਣੀ : ਪਰ ਇਹਨੂੰ ਭੁੱਖਾ ਰੱਖਣ ਦੀ ਗੱਲ ਸੁਣ ਕੇ ਤਾਂ ਮੇਰੇ ਪ੍ਰਾਣ ਸੁੱਕ ਜਾਂਦੇ ਨੇ। ਕਿਤੇ ਕੁਝ ਹੋ ਗਿਆ ਤਾਂ ...!

ਪੰਡਤ : ਕੁਝ ਨਹੀਂ ਹੋਵੇਗਾ। ਤੂੰ ਦਿਲ ਛੋਟਾ ਨਾ ਕਰ। ਪਹਿਲਾਂ ਵੀ ਤੇ ਭੁੱਖਾ ਰਹਿੰਦਾ ਸੀ, ਹੋਇਆ ਸੀ ਕਦੇ ਕੁਝ? ਰਤਨ ਸਿੰਘ ਸ਼ਹਿਰ ਦੇ ਵੱਡੇ ਡਾਕਟਰ ਨੂੰ ਅੱਜ ਹੀ ਲੈ ਕੇ ਆਵੇਗਾ। ਤੇ ਹੋਰ ਸੁਣ! ਬੱਚਿਆਂ ਨੂੰ, ਖਾਸ ਕਰਕੇ ਨਿੱਕੀ ਨੂੰ ਤਾਕੀਦ ਕਰ ਦੇ ਕਿ ਅੱਜ ਤੋਂ ਇਸ ਨੂੰ ਖਾਣ ਨੂੰ ਕੁਝ ਨਹੀਂ ਦੇਣਾ। ਭੁੱਖ ਹੀ ਸੱਚ ਬੁਲਾਵੇਗੀ।

(ਰਤਨ ਸਿੰਘ ਤੇ ਡਾਕਟਰ ਦਾਖ਼ਲ ਹੁੰਦੇ ਹਨ।)

ਪੰਡਤਾਣੀ : ਡਾਕਟਰ ਜੀ! ਤੁਸੀਂ ਹੀ ਕੁਝ ਕਰੋ! ਜੋ ਵੀ ਖਾਂਦੇ ਨੇ ਪਚਦਾ ਨਹੀਂ, ਉਲਟੀ ਆ ਜਾਂਦੀ ਆ।

ਡਾਕਟਰ : ਪਖਾਨੇ ਤੇ ਉਲਟੀ ਵਿੱਚ ਵੀ ਖ਼ੂਨ ਆਉਂਦਾ ਹੈ?

ਪੰਡਤਾਣੀ : ਹਾਂ ਜੀ! ਦਿਨ ਵਿੱਚ ਕਈ ਵਾਰ ਬਿਸਤਰਾ ਗੰਦਾ ਕਰ ਦਿੰਦੇ ਨੇ। (ਡਾਕਟਰ ਕੁਰਤਾ ਚੁੱਕ ਕੇ ਸਿੱਧੜ ਦਾ ਪੇਟ ਵੇਖਦਾ ਹੈ। ਟਾਰਚ ਜਗਾ ਕੇ ਅੱਖਾਂ ਦੀਆਂ ਪੁਤਲੀਆਂ ਚੈੱਕ ਕਰਦਾ ਹੈ।)

ਡਾਕਟਰ : ਇਹਨਾਂ ਦੇ ਪੇਟ ਵਿੱਚ ਅਲਸਰ ਹੈ, ਬਹੁਤ ਵੱਡਾ ਫੋੜਾ। ਜਲਦੀ ਉਪਰੇਸ਼ਨ ਕਰਵਾ ਲਵੋ। ਫੋੜਾ ਫਟ ਗਿਆ ਤਾਂ ...।

ਰਤਨ ਸਿੰਘ : ਡਾਕਟਰ ਸਾਹਿਬ! ਉਪਰੇਸ਼ਨ ਚੋਣਾਂ ਤੱਕ ਟਲ ਨਹੀਂ ਸਕਦਾ? ਇਹਨਾਂ ਦੀ ਕ੍ਰਿਪਾ ਹੋ ਗਈ ਤਾਂ ਤੁਹਾਡੀ ਸ਼ਹਿਰ ਦੇ ਵੱਡੇ ਹਸਪਤਾਲ ਤੋਂ ਟਰਾਂਸਫ਼ਰ ਰੁਕ ਜਾਵੇਗੀ। ਕਿਸੇ ਕਸਬੇ ਵਿੱਚ ਬਦਲੀ ਹੋ ਗਈ ਤਾਂ ਕੀ ਸ਼ਾਨ ਰਹੇਗੀ?

ਡਾਕਟਰ : ਸਰਦਾਰ ਸਾਹਿਬ! ਇੰਨਾ ਖ਼ਤਰਾ ਨਹੀਂ। ਉਪਰੇਸ਼ਨ ਬਾਦ ਵਿੱਚ ਹੋ ਜਾਵੇਗਾ। ਚੋਣਾਂ ਜਿੱਤਣ ਮਗਰੋਂ ਸਾਨੂੰ ਨਾ ਭੁੱਲ ਜਾਇਓ! ਮੈਂ ਹੁਣੇ ਇਲਾਜ ਸ਼ੁਰੂ ਕਰਦਾ ਹਾਂ। ਹਾਂ, ਇਹਨਾਂ ਨੂੰ ਸਾਰਾ ਦਿਨ ਲੇਟੇ ਨਾ ਰਹਿਣ ਦਿਆ ਕਰੋ। ਘੁੰਮਣ-ਫਿਰਨ। ਜੋ ਅੰਨ

ਅੰਦਰ ਜਾ ਰਿਹਾ ਹੈ, ਹਮੇਸ਼ਾਂ ਲੰਮੇ ਪਏ ਰਹਿਣ ਨਾਲ ਜ਼ਹਿਰ ਬਣ ਜਾਂਦਾ ਹੈ।

ਪੰਡਤ : ਤੁਸੀਂ ਕਿਹੋ ਜਿਹੀਆਂ ਗੱਲਾਂ ਕਰਦੇ ਹੋ? ਬਾਲ ਭਗਵਾਨ ਬਾਹਰ ਨਹੀਂ ਨਿਕਲਣਗੇ। ਪਿੰਡ ਦੇ ਜੁਆਕਾਂ ਨਾਲ ਖ਼ੇਡਣ ਤੇ ਉਹ ਵੀ ਬਾਲ ਭਗਵਾਨ? ਕਦੇ ਸੁਣਿਆ ਤੁਸੀਂ ਕਿ ਭਗਵਾਨ ਸੈਰ ਕਰਦੇ ਹੋਣ? ਤੁਸੀਂ ਕੋਈ ਦਵਾਈ ਦੇ ਦੇਵੋ ਜੀ।

ਡਾਕਟਰ : ਤੁਸੀਂ ਚਿੰਤਾ ਨਾ ਕਰੋ! ਸਵੇਰੇ ਸ਼ਾਮ ਕੰਪਾਊਂਡਰ ਇਹਨਾਂ ਨੂੰ ਇੰਜ਼ੈਕਸ਼ਨ ਲਗਾ ਜਾਇਆ ਕਰੇਗਾ। ਜੇ ਤਬੀਅਤ ਜ਼ਿਆਦਾ ਵਿਗੜੇ ਤਾਂ ਮੈਨੂੰ ਬੁਲਾ ਲੈਣਾ।

ਪੰਡਤਾਣੀ : ਪਰ ਇਹਨਾਂ ਨੂੰ ਇੰਨੀ ਭੁੱਖ ਕਿਉਂ ਲੱਗਦੀ ਏ?

ਡਾਕਟਰ : ਮੈਂ ਕੌਣ ਹੁੰਦਾ ਹਾਂ ਭਗਵਾਨ ਦੀ ਭੁੱਖ ਦਾ ਕਾਰਣ ਜਾਨਣ ਵਾਲਾ। ਪਰ ਤੁਸੀਂ ਇਹਨਾਂ ਨੂੰ ਖਾਣ ਲਈ ਬਹੁਤ ਥੋੜ੍ਹਾ ਦੇਣਾ। ਕੁਝ ਵਰਤ ਰਖਵਾਓ! ਸ਼ਾਇਦ ਪੇਟ ਆਪਣੇ ਆਪ ਸਾਫ਼ ਹੋ ਜਾਵੇ! (ਰਤਨ ਸਿੰਘ ਫੀਸ ਦੇ ਪੈਸੇ ਡਾਕਟਰ ਵੱਲ ਵਧਾਉਂਦਾ ਹੈ।)

ਡਾਕਟਰ : ਨਾ ਜੀ ਨਾ! ਮੈਨੂੰ ਵੀ ਕੁਝ ਪੁੰਨ ਕਮਾ ਲੈਣ ਦਿਓ! ਇਹ ਠੀਕ ਹੋ ਜਾਣ, ਬਸ ਆ ਗਈ ਮੇਰੀ ਫੀਸ। (ਰਤਨ ਸਿੰਘ ਡਾਕਟਰ ਨੂੰ ਬਾਹਰ ਤੱਕ ਛੱਡਣ ਜਾਂਦਾ ਹੈ।)

ਪੰਡਤ : ਸੁਣ ਲਿਆ? ਹੁਣ ਤੇ ਡਾਕਟਰ ਵੀ ਭੁੱਖਾ ਰੱਖਣ ਨੂੰ ਕਹਿ ਗਿਆ! ਤੂੰ ਤੇ ਐਵੇਂ ਈ ਡਰੀ ਜਾਨੀ ਏਂ!

ਪੰਡਤਾਣੀ : ਡਰਾਂ ਕਿਵੇਂ ਨਾ! ਮੇਰਾ ਬੱਚਾ ਏ ਬੱਚਾ! ਪੂਰੇ ਨੌਂ ਮਹੀਨੇ ਪੇਟ ਵਿੱਚ ਨਹੀਂ ਰੱਖਿਆ ਮੈਂ? ਤੁਸੀਂ ਮੇਰੀ ਚਿੰਤਾ ਨੂੰ ਕਿਵੇਂ ਸਮਝੋਗੇ। ਪਿਓ ਜੋ ਹੋਏ! ਮਾਂ ਦਾ ਦਿਲ ਹੋਵੇ ਤਾਂ ਪਤਾ ਲੱਗੇ ਕਿ ਪੁੱਤਰ ਮੋਹ ਕੀ ਹੁੰਦਾ ਏ। ਡਾਕਟਰ ਕਹਿੰਦਾ ਏ ਤਾਂ ਗੱਲ ਠੀਕ ਈ ਹੋਵੇਗੀ। ਮੈਂ ਵੀ ਤੇ ਗੰਦਾ ਬਿਸਤਰਾ ਸਾਫ਼ ਕਰ ਕਰ ਕੇ ਦੁੱਖੀ ਹੋ ਗਈ ਆਂ।

(ਫੇਡ ਆਊਟ)

(ਫੇਡ ਇੰਨ)

(ਮੰਚ ਤੇ ਹਨੇਰਾ। ਚਾਰਾਂ ਕੋਨਿਆਂ ਵਿੱਚੋਂ ਚੋਣਾਂ ਦੇ ਨਾਅਰੇ ਅਤੇ ਆਵਾਜ਼ਾਂ ਇੱਕ ਦੂਜੇ ਵਿੱਚ ਰਲਗੱਡ ਹੁੰਦੇ ਹਨ।)

(ਐਬਸਰਡ ਨਾਟਕ ਸ਼ੈਲੀ)

ਸਰਕਾਰ ਉਹ ਚੁਣੋ! ਜੋ ਕੰਮ ਕਰਦੀ ਹੋਵੇ।

ਇਨਸਾਫ਼ ਦੀ ਲੜਾਈ ਵਿੱਚ ਜਿੱਤ ਸਾਡੀ ਹੋਵੇਗੀ।

ਭਾਰਤ ਮਾਤਾ ਇੱਕ, ਭਾਰਤ ਦੇਸ਼ ਇੱਕ! ਏਕਤਾ, ਏਕਤਾ!

ਭਾਰਤ ਮਾਤਾ ਦੀ ਜੈ।

ਸਾਡਾ ਚੋਣ ਦਾ ਨਿਸ਼ਾਨ ਚੇਤੇ ਰੱਖੋ! ਇੱਕ ਦੂਜੇ ਦਾ ਹੱਥ ਫੜਕੇ ਹੀ ਅੱਗੇ ਵਧਿਆ ਜਾ ਸਕਦਾ ਹੈ! ਸਾਥੀ ਹਾਥ ਬੜਾਨਾ ...।

ਵਿਜੈ-ਰੱਥ ਸਭ ਵਿਰੋਧੀਆਂ ਨੂੰ ਕੁਚਲ ਦੇਵੇਗਾ।

ਭਾਰਤ ਮਾਤਾ ਦੀ ਜੈ! ਆਖੰਡ ਭਾਰਤ!

ਜੋ ਹਮਸੇ ਟਕਰਾਏਗਾ, ਚੂਰ ਚੂਰ ਹੋ ਜਾਏਗਾ।

ਵਿਰੋਧੀ ਸਰਕਾਰ ਤੁਸੀਂ ਇੱਕ ਵਾਰ ਚੁਣੀ ਸੀ! ਪਰ ਬਾਂਦਰ ਕੀ ਜਾਣੇ ਅਦਰਕ ਦਾ ਸੁਆਦ!

ਸਾਰੀਆਂ ਆਵਾਜ਼ਾਂ ਇਕੱਠੀਆਂ : ਵੋਟ ਵੋਟ ਵੋਟ ...।

(ਫੇਡ ਆਊਟ)

(ਫੇਡ ਇੰਨ)

(ਉਹੀ ਘਰ ਤੇ ਉਹੀ ਦ੍ਰਿਸ਼ ਹੈ। ਪੰਡਤ ਦਾ ਘਰ। ਮਾਸਟਰ ਦੌੜਦਾ ਹੋਇਆ ਆਉਂਦਾ ਹੈ।)

ਮਾਸਟਰ : ਰਤਨ ਸਿੰਘ ਨਾਲ ਮੰਤਰੀ ਜੀ ਆ ਰਹੇ ਨੇ।

(ਪੰਡਤ, ਮਾਸਟਰ, ਤੇ ਪੰਡਤਾਣੀ ਕਮਰਾ ਠੀਕ ਕਰਦੇ ਹਨ। ਪੰਡਤ ਅਗਰਬੱਤੀਆਂ ਜਗਾਉਂਦਾ ਹੈ। ਰਤਨ ਸਿੰਘ ਮੰਤਰੀ ਨਾਲ ਅੰਦਰ ਦਾਖ਼ਲ ਹੁੰਦਾ ਹੈ। ਮੰਤਰੀ ਟੋਪੀ ਉਤਾਰਦਾ ਹੈ ਤੇ ਚਿਹਰਾ ਤੌਲੀਏ ਨਾਲ ਪੂੰਝਦਾ ਹੈ। ਫੇਰ ਸਿੱਧੜ ਦੇ ਕਮਰੇ ਅੱਗੇ ਸਿਰ ਨਿਵਾਉਂਦਾ ਹੈ।

ਮੰਤਰੀ : (ਪੰਡਤਾਣੀ ਨੂੰ) ਭੈਣ ਜੀ! ਤੁਸੀਂ ਤੇ ਬੱਸ ਭਗਵਾਨ ਦੇ ਨਾਲ

ਰਾਜਧਾਨੀ ਆ ਜਾਓ! ਜਦ ਕਦੇ ਵੀ ਦੇਸ਼ 'ਤੇ ਭੀੜ ਪਈ ਤਾਂ ਸਰਕਾਰ ਬਾਲ ਭਗਵਾਨ ਤੋਂ ਸਲਾਹ ਲਵੇਗੀ! ਅਸ਼ੀਰਵਾਦ ਲਵੇਗੀ। ਪਲਾਟ ਅਸੀਂ ਦੇਵਾਂਗੇ। ਇਹਨਾਂ ਦੀ ਕਿਰਪਾ ਹੋ ਗਈ ਤਾਂ ਕੋਠੀ ਵੀ ਬਣ ਜਾਏਗੀ। ਫੇਰ ਤਾਂ ਇਹਨਾਂ ਦੀ ਚਰਨ ਬੰਦਨਾਂ ਦਾ ਸੁਭਾਗ ਸਾਡੇ ਵਰਗੇ ਪਾਪੀਆਂ ਨੂੰ ਵੀ ਮਿਲ ਜਾਵੇਗਾ।

ਪੰਡਤਾਣੀ : ਜਿਸ ਤਰਾਂ ਬਾਲ ਭਗਵਾਨ ਦੀ ਆਗਿਆ। ਅਸੀਂ ਮੂਰਖ ਪ੍ਰਾਣੀ ਕੀ ਜਾਣੀਏ, ਭਗਵਾਨ ਦੀ ਕਰਨੀ ਤੇ ਇੱਛਾ ਨੂੰ।

ਮੰਤਰੀ : ਬਾਲ ਭਗਵਾਨ ਕੋਈ ਤੁਹਾਡੇ ਤੋਂ ਬਾਹਰ ਨੇ? ਜਿਸ ਤਰਾਂ ਤੁਹਾਡੀ ਸਭ ਦੀ ਮਰਜ਼ੀ, ਉਹੀ ਉਹਨਾਂ ਦੀ ਮਰਜ਼ੀ। ਬਸ, ਇਹਨਾਂ ਦੀ ਕ੍ਰਿਪਾ ਹੋ ਜਾਵੇ ਤਾਂ ਫ਼ਤਿਹ ਹੀ ਫ਼ਤਿਹ ...!

ਮਾਸਟਰ : ਤੁਸੀਂ ਤੇ ਦੋਵੇਂ ਵਾਰ ਚੋਣ ਜਿੱਤੀ, ਮੰਤਰੀ ਵੀ ਬਣੇ। ਇਸ ਵਾਰ ਵੀ ਜਿੱਤ ਯਕੀਨੀ ਹੈ।

ਮੰਤਰੀ : ਹਾਂ! ਮੰਤਰੀ ਤੇ ਦੋਵੇਂ ਵਾਰ ਬਣਿਆ ਪਰ ਸਿੱਖਿਆ ਵਿਭਾਗ ਵਰਗੇ ਰੁੱਖੇ ਸੁੱਕੇ ਮਹਿਕਮੇ ਦਾ! ਵਿਰੋਧੀ ਦਲ ਦੇ ਐਮ ਐਲ ਏ ਤੋੜਾਂ ਮੈਂ, ਦਲ ਬਦਲਣ ਦੀ ਚੱਕਰਵਿਊ ਰਚਨਾ ਕਰਾਂ ਮੈਂ, ਤੇ ਹਰ ਵਾਰ ਮੈਨੂੰ ਬਣਾ ਦਿੱਤਾ ਜਾਵੇ ਬਾਂਝ ਵਿਭਾਗ ਦਾ ਮੰਤਰੀ! ਇੰਨੀ ਬੇਇਨਸਾਫੀ? ਦਿਲ ਤੇ ਕਰਦਾ ਏ ਕਿ ਇਸ ਵਾਰ ਚੋਣ ਲੜਾਂ ਹੀ ਨਾ। ਬਸ, ਬਾਕੀ ਦਾ ਸਾਰਾ ਜੀਵਨ ਜਨਤਾ ਦੀ ਸੇਵਾ ਤੇ ਜਪ-ਤਪ ਵਿੱਚ ਬਿਤਾ ਦਿਆਂ ...।

ਰਤਨ ਸਿੰਘ : ਨਾ ਜੀ, ਸਾਡੇ ਹੁੰਦਿਆਂ ਤੁਸੀਂ ਇਸ ਤਰਾਂ ਦੀਆਂ ਹਾਰੀਆਂ ਹਾਰੀਆਂ ਗੱਲਾਂ ਨਾ ਕਰੋ। ਭਗਵਾਨ ਦਾ ਅਸ਼ੀਰਵਾਦ ਮਿਲ ਗਿਆ ਤਾਂ ਇਸ ਵਾਰ ਤੁਸੀਂ ਮੁੱਖ ਮੰਤਰੀ ਬਣੋਗੇ! ਚੀਫ਼ ਮਨਿਸਟਰ।

ਪੰਡਤ : ਤੁਸੀਂ ਪ੍ਰਸ਼ਨ ਪੁਛੋ, ਪਰ ਛੋਟਾ ਜਿਹਾ! ਬਾਲ ਭਗਵਾਨ ਲੰਬੇ ਪ੍ਰਸ਼ਨਾਂ ਦਾ ਉੱਤਰ ਨਹੀਂ ਦਿੰਦੇ। (ਪੰਡਤ ਗੇਰੂਆ ਪਰਦਾ ਹਟਾਉਂਦਾ ਹੈ। ਮੰਤਰੀ ਬਾਲ ਭਗਵਾਨ ਅੱਗੇ ਸੀਸ ਨਿਵਾਉਂਦਾ ਹੈ ਅਤੇ ਹੱਥ ਜੋੜਦਾ ਹੈ।)

ਮੰਤਰੀ : ਭਗਵਾਨ! ਚੋਣਾਂ ਆ ਗਈਆਂ! ਕਿਹੜੀ ਪਾਰਟੀ ਜਿੱਤੇਗੀ? ਲੋਕ ਪਾਰਟੀ, ਸੇਵਾਦਲ, ਜਾਂ ਜਨਸ਼ਕਤੀ? ਮੈਂ ਕਿਸ ਪਾਰਟੀ ਵੱਲੋਂ ਚੋਣ ਲੜਾਂ?

(ਸਿੱਧੜ ਦੋ ਵਾਰ ਮੂੰਹ ਖੋਲ੍ਹਦਾ ਹੈ, ਪਰ ਸ਼ਬਦ ਇੱਕ ਬੋਲਦਾ ਹੈ)

ਸਿੱਧੜ : ...ਜਿੱਤ ...।

ਮਾਸਟਰ : ਲਓ ਜੀ! ਹੋ ਗਿਆ ਚਮਤਕਾਰ! ਭਗਵਾਨ ਨੇ ਭਵਿੱਖ ਵੇਖ ਲਿਆ। ਤੁਹਾਡੀ ਜਿੱਤ ਹੋਵੇਗੀ। ਤੁਸੀਂ ਸਾਰੇ ਵਿਰੋਧੀਆਂ ਨੂੰ ਮਿੱਟੀ ਵਿੱਚ ਮਿਲਾ ਦਿਓਗੇ।

ਮੰਤਰੀ : ਮਾਸਟਰ ਜੀ! ਸਵਾਲ ਮੇਰੇ ਜਿੱਤਣ ਦਾ ਨਹੀਂ! ਸਵਾਲ ਤਾਂ ਇਹ ਹੈ ਕਿ ਬਹੁਮਤ ਕਿਸ ਪਾਰਟੀ ਕੋਲ ਹੋਵੇਗ?

ਪੰਡਤ : ਤੁਸੀਂ ਬਿਲਕੁੱਲ ਛੋਟਾ ਪ੍ਰਸ਼ਨ ਪੁੱਛੋ। ਭਗਵਾਨ ਸਿਰਫ਼ ਇੱਕ ਸ਼ਬਦ ਵਿੱਚ ਜੁਆਬ ਦੇਣਗੇ! ਜਿਵੇਂ ਹੁਣੇ ਬੋਲੇ ਸਨ ਜਿੱਤ!

ਮੰਤਰੀ : ਲੋਕ ਪਾਰਟੀ? ਸੇਵਾਦਲ? ਜਨਸ਼ਕਤੀ?

ਮਾਸਟਰ : ਮੰਤਰੀ ਜੀ, ਆਪਣੇ ਰਾਜ ਵਿੱਚ ਤਾਂ ਲੋਕ ਪਾਰਟੀ ਦੀ ਪੂਛ ਤੱਕ ਨਹੀਂ ਬਚੀ! ਨੰਗੀ ਨਹਾਏਗੀ ਕੀ ਤੇ ਨਿਚੋੜੇਗੀ ਕੀ? ਟੱਕਰ ਤੇ ਬਸ ਸੇਵਾਦਲ ਤੇ ਜਨਸ਼ਕਤੀ ਵਿੱਚ ਹੋਵੇਗੀ।

ਮੰਤਰੀ : ਮਾਸਟਰ ਜੀ! ਮੇਰੀ ਥਾਂ ਤੁਸੀਂ ਚੋਣ ਕਿਉਂ ਨਹੀਂ ਲੜ ਲੈਂਦੇ? (ਬਾਲ ਭਗਵਾਨ ਸਾਹਮਣੇ ਸਿਰ ਨਿਵਾਂ ਕੇ) ਭਗਵਾਨ! ਸੇਵਾਦਲ ਕਿ ਜਨਸ਼ਕਤੀ? (ਸਿੱਧੜ ਤਿੰਨ ਚਾਰ ਵਾਰ ਮੂੰਹ ਖੋਲ੍ਹਦਾ ਹੈ, ਸਿਰ ਹਿਲਾਉਂਦਾ ਹੈ, ਪਰ ਕੋਈ ਸ਼ਬਦ ਨਹੀਂ ਬੋਲ ਸਕਦਾ। ਸਿਰ ਹਿਲਾਉਣਾ ਬੰਦ ਕਰਕੇ ਅੱਖਾਂ ਮੀਟ ਲੈਂਦਾ ਹੈ।)

ਪੰਡਤ : ਹੋ ਗਏ ਭਗਵਾਨ ਸਮਾਧੀ ਵਿੱਚ ਲੀਨ! ਹੁਣ ਕੋਈ ਉੱਤਰ ਨਹੀਂ ਦੇਣਗੇ।

ਮੰਤਰੀ : (ਉੱਠਦੇ ਹੋਏ) ਭੈਣ ਜੀ! ਜਿਸ ਦਿਨ ਭਗਵਾਨ ਮੈਨੂੰ ਆਗਿਆ ਦੇਣਗੇ ਕਿ ਇਸ ਪਾਰਟੀ ਵੱਲੋਂ ਚੋਣ ਲੜ, ਉਸੇ ਦਿਨ ਤੁਹਾਨੂੰ ਸਭ ਨੂੰ ਰਾਜਧਾਨੀ ਲੈ ਜਾਵਾਂਗਾ। ਚੰਗਾ ਜੀ, ਮੈਂ ਫਿਰ ਹਾਜ਼ਰ ਹੋ ਜਾਵਾਂਗਾ ਭਗਵਾਨ ਦੀ ਆਗਿਆ ਤੇ

ਅਸ਼ੀਰਵਾਦ ਲੈਣ!

(ਸਭ ਜਾਂਦੇ ਹਨ। ਪੰਡਤ ਉਹਨਾਂ ਨੂੰ ਬਾਹਰ ਤੱਕ ਛੱਡਕੇ ਵਾਪਿਸ ਆਉਂਦਾ ਹੈ, ਆਪਣੇ ਲੜਕੇ ਤੇ ਨਿੱਕੀ ਨੂੰ ਖੜ੍ਹੇ ਵੇਖ ਕੇ ਉਹਨਾਂ 'ਤੇ ਵਰ੍ਹਦਾ ਹੈ।)

ਪੰਡਤ : ਤੁਸੀਂ ਸਾਰੇ ਇਥੇ ਕਿਉਂ ਖੜ੍ਹੇ ਹੋ? ਤੁਹਾਡੀ ਮਾਂ ਦਾ ਮੁਜ਼ਰਾ ਤੇ ਹੋ ਰਿਹੈ? ਦਫ਼ਾ ਹੋ ਜਾਓ ਇਥੋਂ! (ਲੜਕਾ ਤੇ ਨਿੱਕੀ ਬਾਹਰ ਜਾਂਦੇ ਹਨ।)

ਪੰਡਤਾਣੀ : ਮੈਂ ਕਹਿੰਦੀ ਆਂ ਇਸ ਵਾਰ ਕੁਝ ਨਹੀਂ ਹੋਣਾ! ਮਾਸਟਰ ਝੂਠ ਬੱਕਦਾ ਏ ਕਿ ਭੁੱਖ ਸੱਚ ਬੁਲਾਉਂਦੀ ਏ। ਮੇਰਾ ਪੁੱਤ ਪੂਰੇ ਪੰਜ ਦਿਨ ਤੋਂ ਭੁੱਖਾ ਏ। ਅੰਨ ਦਾ ਇੱਕ ਦਾਣਾ ਵੀ ਅੰਦਰ ਨਹੀਂ ਗਿਆ। ਬੋਲੇਗਾ ਕਿਵੇਂ? ਪੇਟ ਨਾ ਪਈਆਂ ਰੋਟੀਆਂ ਤੇ ਸਭੇ ਗੱਲਾਂ ਖੋਟੀਆਂ।

ਪੰਡਤ : ਸਿਰਫ਼ ਦੋ ਸ਼ਬਦ ਨੇ ਸੇਵਾਦਲ ਤੇ ਜਨਸ਼ਕਤੀ! ਇਹਨੇ ਤੇ ਇੱਕ ਈ ਸ਼ਬਦ ਬੋਲਣਾ ਏ ਤੇ ਆਪਾਂ ਪਹੁੰਚ ਜਾਵਾਂਗੇ ਰਾਜਧਾਨੀ। ਆਪਣੀ ਕੋਠੀ, ਆਪਣੀ ਕਾਰ। ਥੋੜ੍ਹਾ ਠੰਡੇ ਦਿਲ ਨਾਲ ਸੋਚ! ਮੌਕਾ ਤੇ ਮੰਤਰੀ ਬਾਰ ਬਾਰ ਨਹੀਂ ਆਉਂਦੇ।

ਪੰਡਤਾਣੀ : ਅਸੀਂ ਇਥੇ ਈ ਠੀਕ ਹਾਂ। ਅਖੇ ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਬਲਖ਼ ਨਾ ਬੁਖ਼ਾਰੇ। ਤੁਸੀਂ ਆਪੇ ਈ ਤਾਂ ਉਸ ਦਿਨ ਕਹਿ ਰਹੇ ਸੀ ਕਿ ਲੜਕੇ 'ਚ ਦੈਵੀ ਸ਼ਕਤੀ ਆ ਗਈ ਏ, ਭਗਵਾਨ ਹੈ! ਫਿਰ ਅੱਜ ਕੀ ਹੋ ਗਿਆ? ਆ ਗਏ ਆਪਣੇ ਅਸਲੀ ਰੂਪ ਵਿੱਚ?

ਪੰਡਤ : ਕੀਤੀ ਨਾ ਫੇਰ ਬੇਵਕੂਫ਼ਾ ਵਾਲੀ ਗੱਲ! ਸਿਆਣੇ ਐਵੇਂ ਨਹੀਂ ਕਹਿੰਦੇ ਕਿ ਜ਼ਨਾਨੀ ਦੀ ਮੱਤ ਗੁੱਤ ਪਿੱਛੇ ਹੁੰਦੀ ਏ! ਕਦੇ ਸੁਣਿਆ ਈ ਭਗਵਾਨ ਬੀਮਾਰ ਹੋਏ ਹੋਣ? ਬਿਸਤਰੇ 'ਚ ਹੱਗਣ ਮੂਤਣ? ਨਹੀਂ! ਇਹਦੇ 'ਚ ਕੋਈ ਭਗਵਾਨ ਭਗਵੂਨ ਨਹੀਂ। ਉਸ ਦਿਨ ਮੈਂ ਪਾਗਲ ਹੋ ਗਿਆ ਸਾਂ।

ਪੰਡਤਾਣੀ : ਜਿਸ ਲੜਕੇ ਕਰਕੇ ਇੰਨਾ ਕੁਝ ਮਿਲਿਆ ਏ! ਮੈਂ ਉਹਨੂੰ ਭੁੱਖ ਨਾਲ ਨਹੀਂ ਮਰਨ ਦਿਆਂਗੀ। ਅੱਗ ਲੱਗੇ ਰਾਜਧਾਨੀ ਵਾਲੀ

ਕੋਠੀ ਨੂੰ! ਇੰਨਾ ਲਾਲਚ ਚੰਗਾ ਨਹੀਂ! ਵੇਖਦੀ ਹਾਂ ਕਿ ਕੌਣ ਰੋਕਦਾ ਏ ਮੈਨੂੰ ਆਪਣੇ ਪੁੱਤ ਨੂੰ ਰੋਟੀ ਦੇਣ ਤੋਂ! ਮੇਰਾ ਪੁੱਤ ਖਾਏਗਾ ਰੋਟੀ, ਮੇਰੇ ਹੱਥੋਂ ਰੋਟੀ ਖਾਏਗਾ! ਰੋਕ ਕੇ ਵੇਖੋ ਮੈਨੂੰ! ਇਸ ਘਰੋਂ ਮੇਰੀ ਅਰਥੀ ਉੱਠੇਗੀ।

ਪੰਡਤ : ਤੇ ਉੱਠ ਜਾਏ ਤੇਰੀ ਅਰਥੀ! ਕੰਨ ਖੋਲ੍ਹ ਕੇ ਸੁਣ ਲੈ! ਲੜਕਾ ਭੁੱਖਾ ਰਹੇਗਾ। ਬਿਲਕੁੱਲ ਭੁੱਖਾ! ਕਿਸੇ ਨੇ ਕੁਝ ਖਾਣ ਨੂੰ ਦਿੱਤਾ ਤਾਂ ਖ਼ੂਨ ਕਰ ਦਿਆਂਗਾ! ਖ਼ੂਨ। ਮੈਨੂੰ ਧਮਕੀ ਦੇਂਦੀ ਏਂ! ਹੋਵੇਂਗੀ ਤੂੰ ਮਾਤਾ ਆਪਣੇ ਭਗਤਾਂ ਲਈ! ਮੇਰੇ ਲਈ ਇੱਕ ਔਰਤ ਏਂ, ਦੋ ਟਕੇ ਦੀ ਔਰਤ! ਜਾਣਦੀ ਏਂ ਮੇਰੇ ਨਾਲ ਬਹਿਸ ਕਰਨ ਦਾ ਮਤਲਬ ਏ ਛਿੱਤਰ! ਹਾਂ ਛਿੱਤਰ! ਵਿਗੜਿਆਂ ਤਿਗੜਿਆਂ ਦਾ ਪੀਰ ਛਿੱਤਰ। (ਤੇਜ਼ੀ ਨਾਲ ਬਾਹਰ ਨਿਕਲਦਾ ਹੈ)

(ਫੇਡ ਆਊਟ)

## ਦ੍ਰਿਸ਼ ਚੌਥਾ

(ਮੰਚ ਤੇ ਹਲਕੀ ਮੱਧਮ ਰੋਸ਼ਨੀ। ਸਿੱਧੜ ਦੇ ਕਮਰੇ ਦੇ ਸਾਹਮਣਿਉਂ ਸੀਸ ਨਿਵਾਕੇ ਲੋਕ ਜਾ ਰਹੇ ਹਨ। ਸਫ਼ੇਦ ਕੱਪੜਿਆਂ ਵਿੱਚ ਦੋ ਪੁਜਾਰਨਾਂ ਆਉਂਦੀਆਂ ਹਨ। ਪਿੱਠ ਭੂਮੀ ਤੋਂ ਗਾਇਨ ਦੀ ਹਲਕੀ ਆਵਾਜ਼; 'ਹੇ ਰੀ ਮਾਈ ਆਜ ਸੁ ਮੰਗਲ ਗਾਓ! ਹੇ ਰੀ ਮਾਈ ...।

ਪੁਜਾਰਨ 1 : ਬਾਲ ਭਗਵਾਨ ਨੇ ਸਮਾਧੀ ਲਗਾ ਲਈ। ਦਸ ਦਿਨ ਤੋਂ ਕੁਝ ਨਹੀਂ ਖਾਧਾ।

ਪੁਜਾਰਨ 2 : ਮਾਂ ਰੋਟੀ ਦਿੰਦੀ ਹੈ ਤਾਂ ਚੀਖ ਕੇ ਮਨਾਂ ਕਰਦੇ ਨੇ -ਰੋਟੀ, ਰੋਟੀ, ਰੋਟੀ।

ਪੁਜਾਰਨ 1 : ਕਿੰਨੇ ਅਪਸ਼ਗਨ ਹੋ ਰਹੇ ਹਨ! ਬੱਦਲ ਆਉਂਦੇ ਹਨ, ਬੱਦਲ ਚਲੇ ਜਾਂਦੇ ਹਨ! ਪਰ ਵਰ੍ਹਦੇ ਨਹੀਂ। ਅਸਮਾਨ ਵੱਲ ਵੇਖਦਿਆਂ ਵੇਖਦਿਆਂ ਲੋਕਾਂ ਦੀਆਂ ਧੌਣਾਂ ਵਿੱਚ ਵਲ ਪੈ ਗਏ। ਬੱਦਲ ਆਉਂਦੇ ਹਨ, ਬੱਦਲ ਚਲੇ ਜਾਂਦੇ ਹਨ।

ਪੁਜਾਰਨ 2 : ਸੂਰਜ ਤੇ ਚੰਦਰਮਾ ਪ੍ਰਮਾਤਮਾ ਦੀਆਂ ਦੋ ਅੱਖਾਂ! ਪਰ ਦੋਹਵਾਂ ਵਿੱਚੋਂ ਕੋਈ ਵੀ ਚਾਨਣ ਨਹੀਂ ਨਿਕਲ ਰਿਹਾ। ਸੂਰਜ ਉੱਤੇ ਧੂੜ ਗ਼ੁਬਾਰ ਦਾ ਘੇਰਾ ਹੈ ਜਿਸ ਕਰਕੇ ਮੈਲਾ ਤੇ ਬੀਮਾਰ ਚਾਨਣ।

ਪੁਜਾਰਨ 1 : ਚੰਦਰਮਾ ਦੇ ਪਿੱਛੇ ਕਾਲੇ ਬੱਦਲ ਕਾਲੇ ਕੁੱਤੇ ਵਾਂਗ ਲੱਗੇ ਹਨ। ਚੌਫ਼ੇਰਿਓਂ ਹਮਲਾ ਕਰਦੇ ਬੱਦਲ! ਚੰਦਰਮਾ ਦਾ ਮੂੰਹ ਕਾਲਾ ਅਤੇ ਚਾਨਣ ਵੀ ਕਾਲਾ। ਹਾਂ ਤਾਰੇ ਜਰੂਰ ਚਮਕਦੇ ਹਨ ...ਪਰ ਅੰਗਿਆਰਾਂ ਵਾਂਗ ਦਹਿਕਦੇ ਤਾਰੇ, ਅੱਗ ਵਰ੍ਹਾਉਂਦੇ ਤਾਰੇ।

ਪੁਜਾਰਨ 2 : ਪਿੰਡ ਵਿੱਚ ਤਿੰਨ ਬੱਚੇ ਜੰਮੇ! ਤਿੰਨੇ ਜਮਾਂਦਰੂ ਅੰਨ੍ਹੇ! ਗਾਂ ਨੇ

ਵੱਛਾ ਦਿੱਤਾ! ਦੋ ਮੂੰਹਾਂ ਵਾਲਾ, ਦੋ-ਮੁੱਖਾ ਵੱਛਾ! ਗਾਂ ਰਿੰਘਦੀ ਨਹੀਂ ਵਿਰਲਾਪ ਕਰਦੀ ਹੈ। ਕੁੱਤੇ ਅਸਮਾਨ ਵੱਲ ਮੂੰਹ ਕਰਕੇ ਸ਼ਾਮ ਹੁੰਦਿਆਂ ਹੀ ਰੋਣਾ ਸ਼ੁਰੂ ਕਰ ਦਿੰਦੇ ਹਨ।

ਪੁਜਾਰਨ 1 : ਭਗਵਾਨ ਭਲਾ ਕਰੇ!

ਪੁਜਾਰਨ 2 : ਭਗਵਾਨ ਕਿਸ ਕਿਸ ਦਾ ਭਲਾ ਕਰੇ? ਕਿਸ ਕਿਸ ਦੀ ਅਰਜ਼ ਸੁਣੇ? ਸਾਰਾ ਸੰਸਾਰ ਭਿਖਾਰੀ ਹੈ। ਹੱਥ ਅੱਡੀ ਖੜਾ ਭਿਖਾਰੀ। ਕੀ ਬਾਲ ਭਗਵਾਨ ਦੇ ਬਲੀਦਾਨ ਨਾਲ ਪਾਪਾਂ ਦੀ ਜੰਜ਼ੀਰ ਵਿੱਚ ਕੈਦ, ਦਿਨ ਰਾਤ ਤੜਪਦੀ ਸੰਸਾਰ ਦੀ ਆਤਮਾ ਮੁਕਤ ਹੋ ਜਾਵੇਗ?

ਪੁਜਾਰਨ 1 : ਪੰਡਤ ਜੀ ਦਿਨ ਰਾਤ ਪਾਠ ਕਰਦੇ ਹਨ, ਅੱਖਾਂ ਲਾਲ ਸੁਰਖ਼। ਉਹ ਵੀ ਨਹੀਂ ਬੋਲਦੇ। ਬਾਲ ਭਗਵਾਨ ਦੀ ਮਾਂ ਦਾ ਚਿਹਰਾ ਇਵੇਂ ਸੁੱਕ ਚੱਲਿਆ ਹੈ ਜਿਵੇਂ ਬਿਨ ਪਾਣੀਓਂ ਖ਼ੇਤ!

ਦੋਵੇਂ ਪੁਜਾਰਨਾਂ : ਬੱਦਲ ਆਉਂਦੇ ਹਨ! ਬੱਦਲ ਜਾਂਦੇ ਹਨ! ਪਰ ਵਰ੍ਹਦੇ ਨਹੀਂ। ਸੂਰਜ ਤੇ ਚੰਦਰਮਾ! ਪ੍ਰਮਾਤਮਾ ਦੀਆਂ ਦੋ ਅੱਖਾਂ। ਦੋਹਵਾਂ ਵਿੱਚ ਕੋਈ ਚਾਨਣ ਨਹੀਂ ਨਿਕਲ ਰਿਹਾ! ਤਾਰੇ! ਅੰਗਿਆਰਾਂ ਵਾਂਗ ਦਹਿਕਦੇ ਤਾਰੇ, ਅੱਗ ਵਰ੍ਹਾਉਂਦੇ ਤਾਰੇ।

(ਸਿੱਧੜ ਦੇ ਕਮਰੇ 'ਚੋਂ ਆਵਾਜ਼ ਆਉਂਦੀ ਹੈ-ਰੋਟੀ ...ਰੋਟੀ ...ਰੋਟੀ...।

ਦੋਵੇਂ ਪੁਜਾਰਨਾਂ : ਭਗਵਾਨ ਨੇ ਫੇਰ ਰੋਟੀ ਖਾਣ ਤੋਂ ਇਨਕਾਰ ਕਰ ਦਿੱਤਾ। ਅਪਸ਼ਗਨ ਹੀ ਅਪਸ਼ਗਨ। ਸਾਰੀ-ਸਾਰੀ ਰਾਤ ਲਗਾਤਾਰ ਰੋਂਦੇ ਕੁੱਤੇ ...ਚੰਦਰਮਾ ਦਾ ਮੂੰਹ ਕਾਲਾ ... (ਦੋਵੇਂ ਬਾਹਰ ਜਾਂਦੀਆਂ ਹਨ)

(ਫੇਡ ਆਊਟ)

(ਫੇਡ ਇੰਨ)

(ਹੌਲੀ ਹੌਲੀ ਮੁੜ ਰੋਸ਼ਨੀ ਹੁੰਦੀ ਹੈ। ਸਿੱਧੜ ਦੇ ਹੱਥ ਢਿੱਡ 'ਤੇ ਹਨ। ਰੋਟੀ ...ਰੋਟੀ ...ਰੋਟੀ... ਦੀ ਆਵਾਜ਼ ਆਉਂਦੀ ਹੈ। ਨਿੱਕੀ ਦਾਖ਼ਲ ਹੁੰਦੀ ਹੈ। ਇੱਕ ਵੱਡਾ ਸਾਰਾ ਗ਼ੁਬਾਰਾ ਉਹਦੇ ਵੱਲ ਕਰਦੀ ਹੈ।)

ਸਿੱਧੜ : ਗੁਬ ...ਗੁਬ ...ਗੁਬ ...ਨਾ... ਰੋਟੀ, ਰੋਟੀ...ਹਾਂ। ਰੋਟੀ...।

ਨਿੱਕੀ : ਸਾਰੇ ਲੋਕ ਵੀਰ ਨੂੰ ਰੋਟੀ ਕਿਉਂ ਨਹੀਂ ਦਿੰਦੇ? ਅੱਛਾ! ਮੈਂ ਹੁਣੇ ਲਿਆਈ! ਕਿਸੇ ਨੂੰ ਦੱਸੀ ਨਾ!

(ਭੈਣ ਬਾਹਰ ਜਾਂਦੀ ਹੈ। ਸਿੱਧੜ ਖ਼ੁਸ਼ ਹੋ ਕੇ ਰੋਟੀ, ਰੋਟੀ, ਰੋਟੀ, ਬੋਲਣਾ ਸ਼ੁਰੂ ਕਰਦਾ ਹੈ। ਭੈਣ ਵਾਪਿਸ ਆਉਂਦੀ ਹੈ। ਚੁੰਨੀ ਵਿੱਚ ਲਪੇਟੀਆਂ ਰੋਟੀਆਂ ਦਾ ਢੇਰ ਅੱਗੇ ਰੱਖਦੀ ਹੈ।)

ਨਿੱਕੀ : ਜਲਦੀ ਜਲਦੀ ਖਾ ਲੈ। ਬਾਪੂ ਆ ਗਿਆ ਤਾਂ ਜਾਨ ਕੱਢ ਲਵੇਗਾ। (ਭੈਣ ਰੋਟੀਆਂ ਤੋੜਦੀ ਹੈ ਤੇ ਸਿੱਧੜ ਨਿਗਲਨਾ ਸ਼ੁਰੂ ਕਰਦਾ ਹੈ। ਰੋਟੀ ਗਲ ਵਿੱਚ ਫਸ ਜਾਂਦੀ ਹੈ। ਉਹ ਖੰਘਦਾ ਹੈ।) ਲੈ ਪਾਣੀ ਪੀ ਲੈ! ਰੋਟੀ ਸੰਘੋਂ ਹੇਠਾਂ ਉੱਤਰ ਜਾਵੇਗੀ।

ਸਿੱਧੜ : ਪਾਣੀ! ਨਹੀਂ! ਰੋਟੀ ਰੋਟੀ ਰੋਟੀ ...। (ਦੋਹਾਂ ਹੱਥਾਂ ਨਾਲ ਰੋਟੀਆਂ ਮੂੰਹ ਵਿੱਚ ਠੂਸਣਾ ਸ਼ੁਰੂ ਕਰ ਦਿੰਦਾ ਹੈ। ਬਾਹਰੋਂ ਆਵਾਜ਼ਾਂ ਆਉਂਦੀਆਂ ਹਨ। ਭੈਣ ਬਾਕੀ ਬਚੀਆਂ ਰੋਟੀਆਂ ਚੁੱਕ ਲੈਂਦੀ ਹੈ।)

ਨਿੱਕੀ : ਮੂੰਹ ਨਾ ਹਿਲਾਵੀਂ! ਬਾਪੂ ਨੂੰ ਪਤਾ ਲੱਗ ਗਿਆ ਤਾਂ ਜਾਨ ਕੱਢ ਲਵੇਗਾ।(ਬਾਹਰ ਜਾਂਦੀ ਹੈ।ਪੰਡਤ, ਪੰਡਤਾਣੀ, ਤੇ ਵੱਡੇ ਲੜਕੇ ਦਾ ਪ੍ਰਵੇਸ਼।ਪੰਡਤ ਦੇ ਹੱਥ ਵਿੱਚ ਇੱਕ ਵੱਡਾ ਲਿਫ਼ਾਫ਼ਾ ਹੈ। ਪੰਡਤ ਨਿੱਕੀ ਨੂੰ ਆਵਾਜ਼ ਦਿੰਦਾ ਹੈ।)

ਪੰਡਤ : ਨਿੱਕੀ! ਇੱਕ ਥਾਲ ਲੈ ਕੇ ਆਵੀਂ! ਅੱਜ ਤੇਰੇ ਵੀਰ ਨੂੰ ਲੱਡੂ ਖੁਆਵਾਂਗੇ।

(ਨਿੱਕੀ ਅੰਦਰੋਂ ਆਉਂਦੀ ਹੈ। ਪੰਡਤ ਥਾਲ ਵਿੱਚ ਲੱਡੂ ਪਾਉਂਦਾ ਹੈ। ਪਰ ਸਿੱਧੜ ਤੋਂ ਦੂਰ ਰੱਖਦਾ ਹੈ। ਸਿੱਧੜ ਲੱਡੂ ਵੇਖਦਿਆਂ ਹੀ ਮੂੰਹ ਹਿਲਾਉਣਾ ਸ਼ੁਰੂ ਕਰ ਦਿੰਦਾ ਹੈ।)

ਪੰਡਤ : ਲੱਡੂ ਵੀ ਦਿਆਂਗਾ, ਰੋਟੀ ਵੀ ਦਿਆਂਗਾ! ਪਰ ਪਹਿਲਾਂ ਬੋਲ ਸੇਵਾਦਲ। (ਸਿੱਧੜ ਮੂੰਹ ਖੋਲ੍ਹ ਕੇ ਆਵਾਜ਼ ਕੱਢਣ ਦੀ ਕੋਸਿਸ਼ ਕਰਦਾ ਹੈ ਸੇਵਾ ...।)

ਭਰਾ : ਸੇਵਾ ਨਹੀਂ! ਸੇਵਾਦਲ... ਸੇਵਾਦਲ ...।

ਸਿੱਧੜ : ਸੇਵਾਦਲ! ਸੇਵਾਦਲ! ਸੇਵਾਦਲ ...।

ਨਿੱਕੀ : (ਨਿੱਕੀ ਗੁਬਾਰੇ ਦਾ ਧਾਗਾ ਦੰਦਾਂ ਵਿੱਚ ਫੜ ਕੇ ਤਾੜੀ ਵਜਾਉਂਦੀ ਹੋਈ।) ਵਾਹ! ਵੀਰੇ ਨੇ ਬੋਲ ਦਿੱਤਾ, ਸੇਵਾਦਲ! (ਪੰਡਤ ਨੂੰ) ਹੁਣ ਤੇ ਦੇ ਦਿਓ ਵੀਰ ਨੂੰ ਲੱਡੂ!

ਪੰਡਤ : ਤੂੰ ਵਿੱਚ ਬੱਕ-ਬੱਕ ਨਾ ਕਰ! ਹੁਣ ਇੱਕ ਹੋਰ ਸ਼ਬਦ ਰੱਟਣਾ ਹੈ ਜਨ-ਸਕਤੀ!

ਨਿੱਕੀ : ਬਾਪੂ! ਜਨ-ਸਕਤੀ ਨਹੀਂ ਜਨ-ਸ਼ਕਤੀ! ਸੱਸੇ ਦੇ ਪੈਰੀਂ ਬਿੰਦੀ ਪੈਂਦੀ ਏ।

ਭਰਾ : ਬੋਲ ਜਨ-ਸ਼ਕਤੀ! ... ਜਨ-ਸ਼ਕਤੀ ਬੋਲ...।
(ਸਿੱਧੜ ਮੂੰਹ ਖੋਲ੍ਹਦਾ ਹੈ ਪਰ ਕੋਈ ਸ਼ਬਦ ਬਾਹਰ ਨਹੀਂ ਆਉਂਦਾ। ਮੂੰਹ ਤੇ ਹੱਥ ਰੱਖ ਕੇ ਸੁਬਕਣਾ ਸ਼ੁਰੂ ਕਰ ਦਿੰਦਾ ਹੈ। ਪੰਡਤ ਉਹਦੇ ਕੋਲ ਲੱਡੂਆਂ ਵਾਲਾ ਥਾਲ ਲਿਆਉਂਦਾ ਹੈ। ਸਿੱਧੜ ਵੇਖ ਕੇ ਬੁੱਲਾਂ ਤੇ ਜੀਭ ਫੇਰਨ ਲੱਗਦਾ ਹੈ। ਹੱਥ ਅੱਗੇ ਕਰਦਾ ਹੈ ਪਰ ਪੰਡਤ ਥਾਲ ਪਿੱਛੇ ਕਰ ਲੈਂਦਾ ਹੈ।)

ਪੰਡਤ : ਪਹਿਲਾਂ ਜਨ-ਸ਼ਕਤੀ ਬੋਲ! ਰਾਜਧਾਨੀ ਵਿੱਚ ਰਹਾਂਗੇ! ਆਪਣੀ ਕਾਰ, ਆਪਣੀ ਕੋਠੀ! ਰੋਜ਼ ਲੱਡੂ ਖੁਆਵਾਂਗਾ (ਪਿਆਰ ਨਾਲ) ਚੱਲ ਬੋਲ! ਜਨ-ਸ਼ਕਤੀ।

ਪੰਡਤਾਣੀ : ਕਿਉਂ ਪਿਉ ਪੁੱਤ ਇਹਦੀ ਜਾਨ ਦੇ ਪਿੱਛੇ ਪਏ ਹੋ? ਵਿਚਾਰੇ ਤੋਂ ਨਹੀਂ ਬੋਲਿਆ ਜਾਂਦਾ! ਸਿੱਧਾ ਅੱਖਰ ਤੇ ਮੂੰਹ ਵਿੱਚੋਂ ਨਿਕਲਦਾ ਨਹੀਂ ਤੇ ਇਹ ਬੋਲੇਗਾ ਇੰਨਾ ਟੇਡਾ ਅੱਖਰ ਜਨ-ਸ਼ਕਤੀ! ਦਸਾਂ ਦਿਨਾਂ ਤੋਂ ਇਹਨੂੰ ਭੁੱਖਿਆਂ ਰੱਖਿਆ ਏ ਤੇ ਸੋਚਦੇ ਓ ਕਿ ਖ਼ਾਲੀ ਢਿੱਡ ਵਿੱਚੋਂ ਕੋਈ ਸ਼ਬਦ ਨਿਕਲੇਗਾ? ਨਹੀਂ! ਬਿੱਲਕੁਲ ਨਹੀਂ। ਆਪਾਂ ਇਥੇ ਈ ਠੀਕ ਹਾਂ। ਅੱਗ ਲੱਗੇ ਤੁਹਾਡੀ ਕੋਠੀ ਤੇ ਕਾਰ ਨੂੰ!

ਪੰਡਤ : ਸਿਰਫ਼ ਇੱਕ ਸ਼ਬਦ! ਇੱਕ ਸ਼ਬਦ! ਕੱਲ੍ਹ ਮੰਤਰੀ ਆਵੇਗਾ। ਇੱਕ ਸ਼ਬਦ! ਸਿਰਫ਼ ਇੱਕ ਸ਼ਬਦ ਜਨ-ਸ਼ਕਤੀ। (ਵੱਡਾ ਭਰਾ ਹੱਥ ਫੜ ਕੇ ਸਿੱਧੜ ਨੂੰ ਕੁਰਸੀ ਤੋਂ ਉਠਾਉਂਦਾ ਹੈ। ਉਹ ਖੜਾ ਖੜਾ ਹਿੱਲ ਰਿਹਾ ਹੈ।)

ਭਰਾ : ਬੋਲ ਜਨ-ਸ਼ਕਤੀ! ਬੋਲ! ਬੋਲ ਜਨ-ਸ਼ਕਤੀ!

(ਸਿੱਧੜ ਮੂੰਹ ਖੋਲ੍ਹਦਾ ਹੈ, ਆਵਾਜ਼ ਕੱਢਦਾ ਹੈ ਜਨ...।)

ਪੰਡਤ : ਜਨ ......ਨਹੀਂ ਜਨ-ਸ਼ਕਤੀ ਸਿਰਫ਼ ਇੱਕ ਸ਼ਬਦ! ਜਨ-ਸ਼ਕਤੀ! ਕਾਰ! ਕੋਠੀ। (ਪੰਡਤਾਣੀ ਸਿੱਧੜ ਦੇ ਅੱਗੇ ਖੜੀ ਹੋ ਜਾਂਦੀ ਹੈ।)

ਪੰਡਤਾਣੀ : ਇਹਨੂੰ ਰੋਟੀ ਦੇ ਰੋਟੀ! ਤੂੰ ਰਾਖ਼ਸ਼ ਏਂ ਰਾਖ਼ਸ਼! ਕੋਠੀ ਲਈ ਪੁੱਤ ਦੀ ਜਾਨ ਲਵੇਂਗਾ! ਰਾਖਸ਼ਾ! ਤੈਨੂੰ ਕੀੜੇ ਪੈਣਗੇ! ਕੀੜੇ! (ਪੰਡਤ ਪਤਨੀ ਨੂੰ ਧੱਕਾ ਦੇ ਕੇ ਪਰਾਂ ਕਰਦਾ ਹੈ। ਸਿੱਧੜ ਦੇ ਸਾਹਮਣੇ ਖੜਾ ਹੋ ਜਾਂਦਾ ਹੈ। ਗਰਜਵੀਂ ਆਵਾਜ਼ ਵਿੱਚ ਬੋਲਦਾ ਹੈ।)

ਪੰਡਤ : ਸਿਰਫ਼ ਇੱਕ ਸ਼ਬਦ ਜਨ-ਸ਼ਕਤੀ! ਕਾਰ! ਕੋਠੀ! ਬੋਲ ਜਨ-ਸ਼ਕਤੀ।

ਨਿੱਕੀ : ਬਾਪੂ, ਮੈਂ ਸਿਖਾਉਂਦੀ ਆਂ! ਵੀਰੇ! ਬੋਲ ਦੇ ਜੱਜਾ ਜਨ-ਸ਼ਕਤੀ।

ਸਿੱਧੜ : ਜਨ...ਜਨ...। (ਨਿੱਕੀ ਰੋਣਾ ਸ਼ੁਰੂ ਕਰ ਦਿੰਦੀ ਹੈ।)

ਨਿੱਕੀ : (ਡੁਸਕਦੀ ਹੋਈ) ਵੀਰੇ! ਜਨ ਨਹੀਂ ਜਨ-ਸ਼ਕਤੀ। ਬਾਪੂ ਜਾਨ ਕੱਢ ਲਏਗਾ! (ਸਿੱਧੜ ਮੂੰਹ ਖੋਲ੍ਹਦਾ ਹੈ ਪਰ ਕੋਈ ਆਵਾਜ਼ ਨਹੀਂ ਨਿਕਲਦੀ। ਉਹ ਕੁਰਸੀ ਦੇ ਪਿੱਛੇ ਜਾ ਕੇ ਲੁਕਦਾ ਹੈ।)

ਭਰਾ : ਇਹਨੂੰ ਲੱਡੂ ਖਾਣ ਨੂੰ ਦਿਓ! ਸ਼ਾਇਦ ਫਿਰ ਕੁਝ ਬੋਲ ਦੇਵੇ! (ਪੰਡਤ ਦਾ ਸਾਹ ਫੁੱਲਿਆ ਹੋਇਆ ਹੈ। ਚਿਹਰੇ ਤੋਂ ਪਸੀਨਾ ਪੂੰਝਦਾ ਹੈ। ਨਿੱਕੀ ਲੱਡੂਆਂ ਵਾਲਾ ਥਾਲ ਚੁੱਕਦੀ ਹੈ। ਕੁਰਸੀ ਦੇ ਪਿੱਛੋਂ ਸਿੱਧੜ ਨੂੰ ਫੜ ਕੇ ਅੱਗੇ ਕਰਦੀ ਹੈ।)

ਭਰਾ : ਵੀਰ! ਲੈ ਲੱਡੂ ਖਾ ਲੈ!

ਸਿੱਧੜ : ਨਾ ਨਾ ਨਾ ਲੱਡੂ! ਨਹੀਂ ਲੱਡੂ! ਨਹੀਂ! (ਬਾਹਰ ਵੱਲ ਦੌੜਦਾ ਹੈ ਅਤੇ ਉਸ ਨੂੰ ਵੱਡਾ ਭਰਾ ਫੜ ਲੈਂਦਾ ਹੈ।)

ਭਰਾ : ਹੁਣ ਤੇ ਇਹ ਲੱਡੂ ਵੀ ਨਹੀਂ ਖਾਂਦਾ! ਗਈ ਕਾਰ ਤੇ ਕੋਠੀ!

ਪੰਡਤ : (ਖੜਾ ਹੋ ਕੇ ਸਿੱਧੜ ਵੱਲ ਅਹੁਲਦਾ ਹੋਇਆ) ਨਹੀਂ ਖਾਂਦਾ! ਕਿਵੇਂ ਨਹੀਂ ਖਾਂਦਾ! ਸਿਰਫ਼ ਇੱਕ ਸ਼ਬਦ! ਜਨ-ਸ਼ਕਤੀ! ਕਾਰ! ਕੋਠੀ! ਬੋਲ ਜਨ-ਸ਼ਕਤੀ।

(ਪੰਡਤਾਣੀ ਤੇ ਨਿੱਕੀ ਸਿੱਧੜ ਦੇ ਸਾਹਮਣੇ ਖੜੀਆਂ ਹੋ ਜਾਂਦੀਆਂ ਹਨ। ਪੰਡਤ ਜ਼ੋਰ ਨਾਲ ਦੋਹਾਂ ਨੂੰ ਧੱਕਾ ਦੇਂਦਾ ਹੈ। ਨਿੱਕੀ ਦੇ ਹੱਥ ਵਿੱਚ ਫੜਿਆ ਗ਼ੁਬਾਰਾ ਧਮਾਕੇ ਦੀ ਆਵਾਜ਼ ਨਾਲ ਫੱਟਦਾ ਹੈ। ਪੰਡਤ ਸਿੱਧੜ ਦੇ ਸਾਹਮਣੇ ਖੜਾ ਹੁੰਦਾ ਹੈ।)

ਪੰਡਤ : ਇੱਕ ਸ਼ਬਦ! ਸਿਰਫ਼ ਇੱਕ ਸ਼ਬਦ ਕੁੱਤਿਆ! ਜਨ-ਸ਼ਕਤੀ! ਕਾਰ! ਕੋਠੀ! ਬੋਲ ਜਨ-ਸ਼ਕਤੀ। (ਸਿੱਧੜ ਦੌੜਨ ਦੀ ਕੋਸ਼ਿਸ਼ ਕਰਦਾ ਹੈ। ਪੰਡਤ ਉਹਦੇ ਫੁੱਲੇ ਹੋਏ ਢਿੱਡ ਤੇ ਲੱਤ ਮਾਰਦਾ ਹੈ। ਸਿੱਧੜ ਢਿੱਡ ਫੜ ਕੇ ਪਾਗਲਾਂ ਵਾਂਗ ਮੰਚ 'ਤੇ ਘੁੰਮਦਾ ਹੈ। ਮੂੰਹ ਵਿੱਚੋਂ ਖ਼ੂਨ ਦੀ ਧਾਰ ਨਿਕਲਦੀ ਹੈ। ਉਹ ਕੁਰਸੀ ਤੇ ਡਿੱਗ ਪੈਂਦਾ ਹੈ। ਦੋ ਤਿੰਨ ਵਾਰ ਉਹਦਾ ਸਰੀਰ ਤੜਫਦਾ ਹੈ। ਫਿਰ ਇੱਕ ਦਮ ਠੰਡਾ ਹੋ ਜਾਂਦਾ ਹੈ। ਪੰਡਤ ਗਰਜ਼ਦਾ ਹੈ।)

ਪੰਡਤ : ਇੱਕ ਸ਼ਬਦ! ਸਿਰਫ਼ ਇੱਕ ਸ਼ਬਦ ਕੁੱਤਿਆ! ਜਨ-ਸ਼ਕਤੀ! ਕਾਰ! ਕੋਠੀ! ਬੋਲ ਜਨ-ਸ਼ਕਤੀ!

(ਪੰਡਤਾਣੀ ਅਤੇ ਨਿੱਕੀ ਦਾ ਚੀਖ਼ ਮਾਰਨ ਲਈ ਮੂੰਹ ਖੁੱਲ੍ਹਦਾ ਹੈ, ਪਰ ਕੋਈ ਆਵਾਜ਼ ਨਹੀਂ ਨਿੱਕਲਦੀ। ਸਾਰੇ ਫਰੀਜ਼ ਹੁੰਦੇ ਹਨ ਤੇ ਪਰਦਾ ਡਿੱਗਦਾ ਹੈ।)

ਸਮਾਪਤ